@Qpatrika | @qaumipatrika punjabi | instagram.com/ qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 28 March 2024

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com


ਨਵੀਂ ਦਿੱਲੀ: ਵੀਰਵਾਰ 28 ਮਾਰਚ 2024, 14 ਚੇਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 127, qpatrika@gmail.com ਫੋਨ : 9971359517 www.qaumipatrika.org

## ਪੰਜਾਬ 'ਚ ਨਹੀਂ ਹੋਵੇਗਾ 'ਅਕਾਲੀ-ਭਾਜਪਾ' ਦਾ ਗਠਜੋੜ, ਵੱਖੋ-ਵੱਖ ਹੋਏ ਦੋਹਾਂ ਪਾਰਟੀਆਂ ਦੇ ਰਾਹ

ਜਲੰਧਰ 27 ਮਾਰਚ। ਪੰਜਾਬ 'ਚ ਸ਼੍ਰੋਮਣੀ ਅਕਾਲੀ ਦਲ ਨਾਲ ਭਾਜਪਾ ਦੇ ਗਠਜੋੜ ਦੀਆਂ ਚਰਚਾਵਾਂ 'ਤੇ ਅੱਜ ਉਸ ਵੇਲੇ ਵਿਰਾਮ ਲੱਗ ਗਿਆ, ਜਦੋਂ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਐਲਾਨ ਕਰ ਦਿੱਤਾ ਕਿ ਭਾਜਪਾ ਪੰਜਾਬ 'ਚ ਇਕੱਲੀ ਹੀ ਲੋਕ ਸਭਾ ਚੋਣਾਂ ਲੜੇਗੀ। ਜਾਣਕਾਰੀ ਮੁਤਾਬਕ ਬੀਤੇ ਦਿਨੀਂ ਹੋਈ ਅਕਾਲੀ ਦਲ ਦੀ ਬੈਠਕ 'ਚ ਇਹ ਫੈਸਲਾ ਲਿਆ ਗਿਆ ਸੀ ਕਿ ਅਕਾਲੀ ਦਲ ਆਪਣੇ ਸਿਧਾਂਤਾਂ ਤੋਂ ਪਿੱਛੇ ਨਹੀਂ ਹਟੇਗਾ। ਅਕਾਲੀ ਦਲ ਪਹਿਲਾਂ ਸ਼ਰਤਾਂ ਦੇ ਆਧਾਰ 'ਤੇ ਭਾਜਪਾ ਨਾਲ ਗਠਜੋੜ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਭਾਜਪਾ ਨੂੰ ਸ਼ਰਤਾਂ





ਮਨਜ਼ੂਰ ਨਹੀਂ ਸਨ। ਇਸ ਤੋਂ ਬਾਅਦ ਦੋਹਾਂ ਪਾਰਟੀਆਂ ਵਿਚਾਲੇ ਸੀਟਾਂ ਦਾ ਰੇੜਕਾ ਵੀ ਸੀ। ਇਹ ਵੀ ਪਤਾ ਲੱਗਾ ਹੈ ਕਿ ਸ਼ਾਇਦ ਭਾਜਪਾ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਲੈ ਵੀ ਅਕਾਲੀ ਦਲ ਨਾਲ ਗੱਲਬਾਤ ਚੱਲ ਰਹੀ, ਜੋ ਸਿਰੇ ਨਹੀਂ ਚੜ੍ਹ ਸਕੀ। ਇਸ ਕਾਰਨ ਦੋਹਾਂ ਪਾਰਟੀਆਂ 'ਚ ਗਠਜੋੜ ਲਈ ਸਹਿਮਤੀ ਨਹੀਂ ਬਣੀ। ਇਸ ਤੋਂ ਇਲਾਵਾ ਅਕਾਲੀ ਦਲ ਦਾ ਕੈਡਰ ਵੀ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੂੰ ਇਹੀ ਰਾਏ ਦੇ ਰਿਹਾ ਸੀ ਕਿ ਸਾਨੂੰ ਇਕ ਵਾਰ ਖੇਤਰੀ ਪਾਰਟੀ ਵਜੋਂ ਚੋਣਾਂ ਲੜਨੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂ ਭਾਜਪਾ ਕੋਲ ਵੀ ਪ੍ਰਤੀਕਿਰਿਆ ਆ ਰਹੀ ਸੀ ਕਿ ਇਕ ਵਾਰ ਆਪਣੇ ਪੱਧਰ 'ਤੇ ਵੋਟਰਾਂ ਨੂੰ ਵੋਟ ਪਾਉਣ ਦਾ ਮੌਕਾ ਦਿੱਤਾ ਜਾਵੇ। ਇਸ ਲਈ ਹੁਣ ਦੋਹਾਂ ਪਾਰਟੀਆਂ ਦੇ ਰਾਹ ਵੱਖੋ-ਵੱਖ ਹਨ। ਇਸ ਤੋਂ ਬਾਅਦ ਹੁਣ ਅਕਾਲੀ ਦਲ ਵੀ ਅੰਦਰਖਾਤੇ ਤਿਆਰੀ ਕਰੀ ਬੈਠਾ ਹੈ ਕਿ ਪੰਜਾਬ ਦੀਆਂ 13 ਸੀਟਾਂ 'ਤੇ ਪਾਰਟੀ ਦੇ ਉਮੀਦਵਾਰਾਂ ਨੂੰ ਉਤਾਰਿਆ ਜਾਵੇਗਾ। ਦੱਸਣਯੋਗ ਹੈ ਕਿ ਬੀਤੇ ਦਿਨੀਂ ਭਾਜਪਾ ਅਤੇ ਅਕਾਲੀ ਆਗੂਆਂ ਦੇ ਜੋ ਬਿਆਨ ਸਾਹਮਣੇ ਆ ਰਹੇ ਸਨ, ਉਨ੍ਹਾਂ ਤੋਂ ਕਿਤੇ ਨਾ ਕਿਤੇ ਇਹ ਧਾਰਨਾ ਬਣ ਗਈ ਸੀ ਕਿ ਦੋਹਾਂ ਪਾਰਟੀਆਂ ਵਿਚਾਲੇ ਗਠਜੋੜ ਜਲਦੀ ਹੋ ਜਾਵੇਗਾ ਪਰ ਅਜਿਹਾ ਨਹੀਂ ਹੋਇਆ। ਇਹ ਵੀ ਦੱਸ ਦੇਈਏ ਕਿ ਜਿੱਥੇ ਅਕਾਲੀ ਦਲ ਦੀ ਸੂਬੇ ਦੇ ਪਿੰਡਾਂ 'ਚ ਜ਼ਿਆਦਾ ਪਹੁੰਚ ਹੈ, ਉੱਥੇ ਹੀ ਭਾਜਪਾ ਦੀ ਸਥਿਤੀ ਸ਼ਹਿਰਾਂ 'ਚ ਜ਼ਿਆਦਾ ਮਜਬੂਤ ਹੈ।

## ਚੋਣ ਕਮਿਸ਼ਨ ਨੇ ਦਿਲੀਪ ਘੋਸ਼, ਸੁਪ੍ਰਿਆ ਸ਼੍ਰੀਨੇਤ ਨੂੰ 'ਕਾਰਨ ਦੱਸੋ' ਨੋਟਿਸ ਕੀਤਾ ਜਾਰੀ

ਨਵੀਂ ਦਿੱਲੀ 27 ਮਾਰਚ। ਚੋਣ ਕਮਿਸ਼ਨ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਅਦਾਕਾਰਾ ਕੰਗਨਾ ਰਨੌਤ ਖ਼ਿਲਾਫ ਇਤਰਾਜਯੋਗ ਟਿੱਪਣੀਆਂ ਲਈ ਬੁੱਧਵਾਰ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਨੇਤਾ ਦਿਲੀਪ ਘੋਸ਼ ਅਤੇ ਕਾਂਗਰਸ ਨੇਤਾ ਸੁਪ੍ਰਿਆ ਸ਼੍ਰੀਨੇਤ ਨੂੰ 'ਕਾਰਨ ਦੱਸੋ' ਨੋਟਿਸ ਜਾਰੀ ਕੀਤਾ। ਕੰਗਨਾ ਰਨੌਤ ਨੂੰ ਭਾਜਪਾ ਨੇ ਆਮ ਚੋਣਾਂ ਲਈ ਹਿਮਾਚਲ ਪ੍ਰਦੇਸ਼ ਦੀ ਮੰਡੀ ਲੋਕ ਸਭਾ ਸੀਟ ਤੋਂ ਉਮੀਦਵਾਰ ਬਣਾਇਆ ਹੈ। ਚੋਣ ਕਮਿਸ਼ਨ ਨੇ ਘੋਸ਼ ਅਤੇ ਸ਼੍ਰੀਨੇਤ ਦੀਆਂ ਟਿੱਪਣੀਆਂ ਨੂੰ 'ਗਲਤ' ਦੱਸਿਆ।

## ਸ਼ਰਾਬ ਘਪਲੇ ਦਾ ਪੈਸਾ ਕਿੱਥੇ ਹੈ, ਇਸ ਦਾ ਖੁਲਾਸਾ ਕੋਰਟ ਦੇ ਸਾਹਮਣੇ ਕਰਨਗੇ ਕੇਜਰੀਵਾਲ : ਸੁਨੀਤਾ ਕੇਜਰੀਵਾਲ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 27 ਮਾਰਚ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਅੱਜ ਯਾਨੀ ਬੁੱਧਵਾਰ ਨੂੰ ਪ੍ਰੈੱਸ ਕਾਨਫਰੰਸ ਕੀਤੀ। ਇਸ ਦੌਰਾਨ ਨੇ ਕਿਹਾ,"ਕੱਲ੍ਹ ਸ਼ਾਮ ਮੈਂ ਅਰਵਿੰਦ ਕੇਜਰੀਵਾਲ ਜੀ ਨਾਲ ਜੇਲ੍ਹ 'ਚ ਮੁਲਾਕਾਤ ਕੀਤੀ। 2 ਦਿਨ ਪਹਿਲੇ ਉਨ੍ਹਾਂ ਨੇ ਦਿੱਲ ਦੀ ਜਲ ਮੰਤਰੀ ਆਤਿਸ਼ੀ ਨੂੰ ਸੰਦੇਸ਼ ਭੇਜਿਆ ਸੀ ਕਿ ਪਾਣੀ ਅਤੇ ਸੀਵਰ ਦੀਆਂ ਸਮੱਸਿਆਵਾਂ ਦਾ ਹੱਲ ਹੋਣਾ ਚਾਹੀਦਾ। ਇਸ ਗੱਲ 'ਤੇ ਕੇਂਦਰ ਸਰਕਾਰ ਨੇ ਮੁੱਖ ਮੰਤਰੀ 'ਤੇ ਕੇਸ ਕਰ ਦਿੱਤਾ, ਕੀ ਉਹ ਦਿੱਲੀ ਨੂੰ ਤਬਾਹ ਕਰਨਾ ਚਾਹੁੰਦੇ ਹਨ?... ਅਰਵਿੰਦ ਜੀ ਨੇ ਮੈਨੂੰ ਕਿਹਾ ਇਸ ਸ਼ਰਾਬ ਘਪਲੇ ਦੀ ਜਾਂਚ 'ਚ ਈ.ਡੀ. ਨੇ ਪਿਛਲੇ 2 ਸਾਲਾਂ 'ਚ 250 ਤੋਂ ਜ਼ਿਆਦਾ ਛਾਪੇਮਾਰੀ ਕੀਤੀ, ਅਜੇ ਤੱਕ ਕਿਸੇ ਵੀ ਛਾਪੇਮਾਰੀ 'ਚ ਪੈਸਾ ਬਰਾਮਦ ਨਹੀਂ ਹੋਇਆ। ਅਰਵਿੰਦ ਜੀ ਨੇ ਕਿਹਾ ਕਿ ਇਸ ਦਾ ਖੁਲਾਸਾ ਉਹ 28 ਮਾਰਚ ਨੂੰ ਅਦਾਲਤ 'ਚ ਕਰਨਗੇ, ਉਹ ਇਸ ਦਾ ਸਬੂਤ ਵੀ



ਦੇਣਗੇ। ਅਰਵਿੰਦ ਜੀ ਨੇ ਕਿਹਾ ਹੈ ਕਿ ਮੇਰਾ ਸਰੀਰ ਜੇਲ੍ਹ 'ਚ ਹੈ ਪਰ ਮੇਰੀ ਆਤਮਾ ਤੁਹਾਡਾ ਸਾਰਿਆਂ ਵਿਚਾਲੇ ਹੈ।" ਦੱਸਣਯੋਗ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਸ਼ਰਾਬ ਨੀਤੀ ਮਾਮਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ 28 ਮਾਰਚ ਤੱਕ ਈ.ਡੀ. ਦੀ ਰਿਮਾਂਡ 'ਚ ਹਨ। ਇਸ ਦੌਰਾਨ ਕੇਜਰੀਵਾਲ ਨੂੰ ਰੋਜਾਨਾ ਪਤਨੀ ਸੁਨੀਤਾ ਅਤੇ ਨਿੱਜੀ ਸਕੱਤਰ ਵਿਭਵ ਕੁਮਾਰ ਨਾਲ ਮਿਲਣ ਦੀ ਮਨਜ਼ੂਰੀ ਦਿੱਤੀ ਗਈ ਹੈ। ਉੱਥੇ ਹੀ ਸ਼ਾਮ 6 ਤੋਂ 7 ਵਜੇ ਤੱਕ ਮੁੱਖ ਮੰਤਰੀ ਆਪਣੇ ਵਕੀਲ ਮੁਹੰਮਦ ਇਰਸ਼ਾਦ ਅਤੇ ਵਿਵੇਕ ਜੈਨ ਨੂੰ ਮਿਲ ਸਕਦੇ ਹਨ।

## ਐੱਸ.ਜੈਸ਼ੰਕਰ ਨੇ ਮਲੇਸੀਆ ਦੇ ਵਿਦੇਸ਼ ਮੰਤਰੀ ਨਾਲ ਕੀਤੀ ਮੁਲਾਕਾਤ

ਕੁਆਲਾਲੰਪੁਰ 27 ਮਾਰਚ। ਵਿਦੇਸ ਮੰਤਰੀ ਐੱਸ. ਜੈਸੰਕਰ ਨੇ ਬੁੱਧਵਾਰ ਨੂੰ ਇੱਥੇ ਮਲੇਸੀਆ ਦੇ ਆਪਣੇ ਹਮਰੁਤਬਾ ਮੁਹੰਮਦ ਬਿਨ ਹਾਜੀ ਹਸਨ ਨਾਲ ਮੁਲਾਕਾਤ ਕੀਤੀ। ਜੈਸੰਕਰ ਸਿੰਗਾਪੁਰ, ਫਿਲੀਪੀਨਜ ਅਤੇ ਮਲੇਸੀਆ ਦੇ ਆਪਣੇ ਤਿੰਨ ਦੇਸਾਂ ਦੇ ਦੌਰੇ ਦੇ ਅੰਤਿਮ ਅਤੇ ਤੀਜੇ ਪੜਾਅ 'ਤੇ ਕੁਆਲਾਲੰਪੁਰ 'ਚ ਹਨ। ਮਲੇਸੀਆ ਦੇ ਵਿਦੇਸ ਮੰਤਰਾਲਾ ਨੇ ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਕਿ ਜੈਸੰਕਰ ਨੇ ਇੱਥੇ ਮਲੇਸੀਆ ਦੇ ਵਿਦੇਸ ਮੰਤਰੀ ਹਸਨ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੇ "ਲਾਭਦਾਇਕ ਅਤੇ ਸਪੱਸਟ" ਗੱਲਬਾਤ ਕੀਤੀ ਜਿਸ ਵਿੱਚ ਮਲੇਸੀਆ-ਭਾਰਤ ਦੁਵੱਲੇ ਮਾਮਲਿਆਂ ਦੇ ਬਹੁਪੱਖੀ ਪਹਿਲੂਆਂ ਦੇ ਨਾਲ-ਨਾਲ ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸਟਰੀ ਮੁੱਦਿਆਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਸਾਮਲ ਸੀ। ਦੋਵਾਂ ਮੰਤਰੀਆਂ ਨੇ ਉੱਚ-ਪੱਧਰੀ ਦੌਰਿਆਂ ਦੇ ਆਦਾਨ-ਪ੍ਰਦਾਨ ਅਤੇ ਆਪਸੀ ਤੌਰ 'ਤੇ ਸਵੀਕਾਰਯੋਗ ਮਿਤੀ 'ਤੇ ਮਲੇਸੀਆ ਅਤੇ ਭਾਰਤ ਦੀ 7ਵੀਂ ਸੰਯੁਕਤ ਕਮਿਸਨ ਦੀ ਮੀਟਿੰਗ ਨੂੰ ਬੁਲਾਉਣ ਬਾਰੇ ਵੀ ਚਰਚਾ ਕੀਤੀ। ਬਿਆਨ ਮੁਤਾਬਕ ਹਸਨ ਦੇ ਦਸੰਬਰ 2023 'ਚ ਅਹੁਦਾ ਸੰਭਾਲਣ ਤੋਂ ਬਾਅਦ ਜੈਸੰਕਰ ਅਤੇ ਉਨ੍ਹਾਂ ਵਿਚਾਲੇ ਇਹ ਪਹਿਲੀ ਮੁਲਾਕਾਤ ਹੈ। ਵਿਦੇਸ ਮੰਤਰਾਲਾ ਮੁਤਾਬਕ ਜੈਸੰਕਰ ਅੱਜ ਪ੍ਰਧਾਨ ਮੰਤਰੀ ਅਨਵਰ ਇਬਰਾਹਿਮ ਨਾਲ ਮੁਲਾਕਾਤ ਕਰਨਗੇ ਅਤੇ ਡਿਜੀਟਲ ਮੰਤਰੀ ਗੋਬਿੰਦ ਸਿੰਘ ਦਿਓ ਨਾਲ ਵੀ ਮੁਲਾਕਾਤ ਕਰ ਸਕਦੇ ਹਨ। ਬਿਆਨ ਮੁਤਾਬਕ ਜੈਸੰਕਰ ਦੇ ਦੌਰੇ ਦਾ ਉਦੇਸ ਭਾਰਤ ਅਤੇ ਮਲੇਸੀਆ ਦਰਮਿਆਨ ਸਹਿਯੋਗ ਨੂੰ ਵਧਾਉਣਾ ਅਤੇ ਸਾਂਝੀਆਂ ਚੁਣੌਤੀਆਂ ਅਤੇ ਮੌਕਿਆਂ ਦੀ ਸਮਝ ਦਾ ਵਿਸਥਾਰ ਕਰਨਾ ਹੈ।

## ਬੀਜਿੰਗ ਨੂੰ ਪਛਾੜਦੇ ਹੋਏ ਮੁੰਬਈ ਪਹਿਲੀ ਵਾਰ ਬਣੀ ਏਸ਼ੀਆ ਦੇ ਅਰਬਪਤੀਆਂ ਦੀ ਰਾਜਧਾਨੀ

ਏਜੰਸੀਆਂ

ਨਵੀਂ ਦਿੱਲੀ 27 ਮਾਰਚ। ਭਾਰਤ ਦੀ ਵਿੱਤੀ ਰਾਜਧਾਨੀ ਮੁੰਬਈ ਏਸੀਆ ਦੀ ਅਰਬਪਤੀਆਂ ਦੀ ਰਾਜਧਾਨੀ ਬਣ ਗਈ ਹੈ। ਮੁੰਬਈ ਨੇ ਚੀਨ ਦੀ ਰਾਜਧਾਨੀ ਬੀਜਿੰਗ ਨੂੰ ਪਿੱਛੇ ਛੱਡਦੇ ਹੋਏ ਪਹਿਲੀ ਵਾਰ ਇਹ ਮੁਕਾਮ ਹਾਸਲ ਕੀਤਾ ਹੈ। ਤਾਜਾ ਅੰਕੜੇ ਸਾਹਮਣੇ ਆਉਣ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਹੈ। ਬੀਜਿੰਗ ਦੇ 16,000 ਵਰਗ ਕਿਲੋਮੀਟਰ ਦੇ ਮੁਕਾਬਲੇ ਹੁਣ ਜ਼ਿਆਦਾ ਅਰਬਪਤੀ ਮੁੰਬਈ ਦੇ 603 ਵਰਗ ਕਿਲੋਮੀਟਰ ਵਿੱਚ ਰਹਿੰਦੇ ਹਨ। 'ਹੁਰੁਨ ਰਿਸਰਚ ਦੀ 2024 ਗਲੋਬਲ ਰਿਚ ਲਿਸਟ' ਅਨੁਸਾਰ ਭਾਰਤ ਦੇ 271 ਦੇ ਮੁਕਾਬਲੇ ਚੀਨ ਵਿੱਚ 814 ਅਰਬਪਤੀ ਹਨ, ਜਦਕਿ ਬੀਜਿੰਗ ਵਿੱਚ 91 ਦੇ ਮੁਕਾਬਲੇ ਮੁੰਬਈ ਵਿੱਚ 92 ਅਰਬਪਤੀ ਹਨ। ਮੁੰਬਈ ਹੁਣ ਨਿਊਯਾਰਕ ਤੋਂ ਬਾਅਦ ਅਰਬਪਤੀਆਂ ਦੇ ਮਾਮਲੇ ਵਿਚ ਦੁਨੀਆ ਵਿਚ ਤੀਜੇ ਨੰਬਰ 'ਤੇ ਹੈ, ਜਿਸ ਨੇ 119 ਅਰਬਪਤੀਆਂ ਦੇ ਨਾਲ ਸੱਤ ਸਾਲਾਂ ਬਾਅਦ ਆਪਣਾ ਚੋਟੀ ਦਾ ਸਥਾਨ ਹਾਸਲ ਕੀਤਾ ਹੈ, ਇਸ ਤੋਂ ਬਾਅਦ ਲੰਡਨ 97 ਅਰਬਪਤੀਆਂ ਦੇ ਨਾਲ ਦੂਜੇ ਨੰਬਰ 'ਤੇ ਹੈ। ਖਬਰਾਂ ਮੁਤਾਬਕ ਮੁੰਬਈ ਦੇ ਅਰਬਪਤੀਆਂ ਦੀ ਕੁੱਲ ਸੰਪਤੀ 445 ਅਰਬ ਡਾਲਰ ਹੈ, ਜੋ ਪਿਛਲੇ ਸਾਲ ਨਾਲੋਂ 47 ਫੀਸਦੀ ਜ਼ਿਆਦਾ ਹੈ, ਜਦਕਿ ਬੀਜਿੰਗ ਦੇ ਅਰਬਪਤੀਆਂ ਦੀ ਕੁੱਲ ਸੰਪਤੀ 265 ਅਰਬ ਡਾਲਰ ਹੈ, ਜੋ 28 ਫੀਸਦੀ ਦੀ ਕਮੀ ਨੂੰ ਦਰਸਾਉਂਦੀ ਹੈ। ਮੁੰਬਈ ਦੇ ਸਭ ਤੋਂ ਅਮੀਰ ਖੇਤਰਾਂ ਵਿੱਚ ਊਰਜਾ ਅਤੇ ਫਾਰਮਾਸਿਊਟੀਕਲ ਸਾਮਲ ਹਨ, ਜਿਸ ਵਿੱਚ ਮੁਕੇਸ ਅੰਬਾਨੀ ਵਰਗੇ ਅਰਬਪਤੀ ਸਾਮਲ ਹਨ। ਰੀਅਲ ਅਸਟੇਟ




ਖਿਡਾਰੀ ਮੰਗਲ ਪ੍ਰਭਾਤ ਲੋਢਾ (ਅਤੇ ਪਰਿਵਾਰ) ਮੁੰਬਈ ਵਿੱਚ ਸਭ ਤੋਂ ਵੱਧ ਕਮਾਈ ਕਰਨ ਵਾਲਾ ਅਰਬਪਤੀ ਸੀ। ਉਸਦੀ ਦੌਲਤ ਵਿੱਚ 116% ਦਾ ਵਾਧਾ ਦੇਖਿਆ ਗਿਆ। ਮੁੰਬਈ ਨੇ ਇੱਕ ਸਾਲ ਵਿੱਚ 26 ਨਵੇਂ ਅਰਬਪਤੀਆਂ ਨੂੰ ਜੋੜ ਕੇ ਚੀਨ ਦੀ ਰਾਜਨੀਤਕ ਅਤੇ ਸੱਭਿਆਚਾਰਕ ਰਾਜਧਾਨੀ ਦੇ ਰੂਪ ਵਿੱਚ ਬੀਜਿੰਗ ਨੂੰ ਪਛਾੜਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਇਸ ਦੇ ਨਾਲ ਹੀ ਬੀਜਿੰਗ ਨੇ 18 ਸਾਬਕਾ ਅਰਬਪਤੀਆਂ ਨੂੰ ਸੁੱਧ ਆਧਾਰ 'ਤੇ ਸੂਚੀ ਤੋਂ ਹਟਾ ਦਿੱਤਾ ਹੈ। ਦੁਨੀਆ ਦੇ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਵਿੱਚ ਭਾਰਤੀ ਅਰਬਪਤੀਆਂ ਦੀ ਗਲੋਬਲ ਰੈਂਕਿੰਗ ਵਿੱਚ ਮਾਮੂਲੀ ਗਿਰਾਵਟ ਆਈ ਹੈ। ਮੁਕੇਸ ਅੰਬਾਨੀ ਨੇ ਦੌਲਤ 'ਚ ਕਾਫੀ ਵਾਧੇ ਦੇ ਨਾਲ 10ਵੇਂ ਸਥਾਨ 'ਤੇ ਬਰਕਰਾਰ ਰੱਖਿਆ ਹੈ। ਇਸੇ ਤਰ੍ਹਾਂ ਗੌਤਮ ਅਡਾਨੀ ਦੀ ਦੌਲਤ ਵਿੱਚ ਹੋਏ ਮਹੱਤਵਪੂਰਨ ਵਾਧੇ ਨੇ ਉਸ ਨੂੰ ਗਲੋਬਲ ਪੱਧਰ 'ਤੇ 15ਵੇਂ ਸਥਾਨ 'ਤੇ ਪਹੁੰਚਾ ਦਿੱਤਾ ਹੈ। ਐੱਚਸੀਐੱਲ ਦੇ ਸ਼ਿਵ ਨਾਦਰ ਅਤੇ ਉਨ੍ਹਾਂ ਦੇ ਪਰਿਵਾਰ ਨੇ ਜਾਇਦਾਦ ਅਤੇ ਗਲੋਬਲ ਰੈਂਕਿੰਗ ਦੋਵਾਂ 'ਚ ਜ਼ਿਕਰਯੋਗ ਵਾਧਾ ਦਰਜ ਕੀਤਾ ਹੈ। ਇਸ ਤੋਂ ਇਲਾਵਾ ਸੀਰਮ ਇੰਸਟੀਚਿਊਟ ਦੇ ਪੂਨਾਵਾਲਾ ਦੀ ਕੁੱਲ ਜਾਇਦਾਦ 82 ਬਿਲੀਅਨ ਡਾਲਰ ਦੇ ਨਾਲ ਮਾਮੂਲੀ ਗਿਰਾਵਟ( 9 ਪੱਧਰ ਡਿੱਗ ਕੇ 55ਵੇਂ ਸਥਾਨ) 'ਤੇ ਰਹੀ। ਸਨ ਫਾਰਮਾਸਿਊਟੀਕਲ ਦੇ ਦਿਲੀਪ ਸਾਂਘਵੀ(61ਵੇਂ ਸਥਾਨ) ਅਤੇ ਕੁਮਾਰ ਮੰਗਲਮ ਬਿੜਲਾ(100ਵੇਂ ਸਥਾਨ) ਦਾ ਵੀ ਯੋਗਦਾਨ ਹੈ। ਡੀਮਾਰਟ ਦੀ ਸਫਲਤਾ ਤੋਂ ਪ੍ਰੇਰਿਤ ਰਾਧਾਕਿਸ਼ਨ ਦਮਾਨੀ ਦੀ ਜਾਇਦਾਦ 'ਚ ਮਾਮੂਲੀ ਪਰ ਸਥਿਰ ਵਾਧੇ ਨੇ ਉਨ੍ਹਾਂ ਨੂੰ 8 ਪੱਧਰ ਉੱਪਰ 100ਵੇਂ ਸਥਾਨ 'ਤੇ ਪਹੁੰਚਾ ਦਿੱਤਾ ਹੈ।

## ਕਰਨਾਟਕ 'ਚ ਟਿਕਟਾਂ ਦੀ ਵੰਡ ਨੂੰ ਲੈ ਕੇ ਕਾਂਗਰਸ ਦੇ 5 ਵਿਧਾਇਕਾਂ ਨੇ ਦਿੱਤੀ ਅਸਤੀਫੇ ਦੀ ਧਮਕੀ

ਬੈਂਗਲੁਰੂ 27 ਮਾਰਚ। ਕਾਂਗਰਸ ਦੇ 5 ਵਿਧਾਇਕਾਂ ਨੇ ਪਾਰਟੀ ਦੇ ਸੀਨੀਅਰ ਨੇਤਾ ਅਤੇ ਮੰਤਰੀ ਕੇ. ਐੱਚ ਮੁਨੀਅੱਪਾ ਦੇ ਜਵਾਈ ਚਿੱਕਾ ਪੇਡੰਨਾ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਕੋਲਾਰ ਤੋਂ ਲੋਕ ਸਭਾ ਚੋਣ ਲੜਨ ਲਈ ਟਿਕਟ ਦਿੱਤੇ ਜਾਣ ਦੇ ਮੁੱਦੇ 'ਤੇ ਅਸਤੀਫਾ ਦੇਣ ਦੀ ਧਮਕੀ ਦਿੱਤੀ, ਜਿਸ ਨਾਲ ਪਾਰਟੀ ਵਿੱਚ ਮਤਭੇਦ ਸਾਹਮਣੇ ਆਏ। ਪਾਰਟੀ ਨੇ ਅਜੇ ਇਸ ਖੇਤਰ ਵਿੱਚ ਆਪਣੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ। ਇਹ ਵਿਧਾਇਕ ਪੇਡੰਨਾ ਦੀ ਉਮੀਦਵਾਰੀ ਦਾ ਵਿਰੋਧ ਕਰ ਰਹੇ ਹਨ। ਪੇਡੰਨਾ ਨੂੰ ਟਿਕਟ ਮਿਲਣ ਨਾਲ ਅਨੁਸੂਚਿਤ ਜਾਤੀ ਦੇ ਖੱਬੇਪੱਖੀ ਧੜੇ ਨੂੰ ਪ੍ਰਤੀਨਿਧਤਾ ਮਿਲੇਗੀ। ਕੋਲਾਰ ਜ਼ਿਲ੍ਹੇ ਦੇ ਤਿੰਨ ਵਿਧਾਇਕ ਕੋਲਾਰ ਤੋਂ ਕੋਥੁਰਜੀ ਮੰਜੂਨਾਥ, ਮਲੂਰ ਤੋਂ ਕੇ. ਵਾਈ. ਨਾਂਜੇਗੌੜਾ (ਮਾਲੂਰ) ਅਤੇ ਚਿੰਤਾਮਣੀ ਖੇਤਰ ਤੋਂ ਐੱਮ.ਸੀ. ਸੁਧਾਕਰ ਅਤੇ ਦੋ ਵਿਧਾਨ ਪ੍ਰੀਸਦ ਮੈਂਬਰਾਂ (ਐੱਮਐੱਲਸੀ) ਅਨਿਲ ਕੁਮਾਰ ਅਤੇ ਨਸੀਰ ਅਹਿਮਦ (ਮੁੱਖ ਮੰਤਰੀ ਸਿੱਧਰਮਈਆ ਦੇ ਸਿਆਸੀ ਸਕੱਤਰ) ਦਾ ਕਹਿਣਾ ਹੈ ਕਿ ਟਿਕਟ ਅਨੁਸੂਚਿਤ ਜਾਤੀ ਦੇ ਦੇ ਸੱਜੇ ਪੱਖੀ ਧੜੇ ਦੇ ਉਮੀਦਵਾਰਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ। ਸੁਧਾਕਰ ਸਿੱਧਰਮਈਆ ਮੰਤਰੀ ਮੰਡਲ ਵਿੱਚ ਉੱਚ ਸਿੱਖਿਆ ਮੰਤਰੀ ਹਨ। ਜ਼ਿਲ੍ਹੇ ਦੇ ਇੱਕ ਹੋਰ ਕਾਂਗਰਸੀ ਵਿਧਾਇਕ ਐੱਸ. ਐੱਨ. ਨਾਰਾਇਣਸਵਾਮੀ (ਬੰਗਾਰਾਪੇਟ) ਨੇ ਇਹ ਵੀ ਕਿਹਾ ਕਿ ਟਿਕਟ ਅਨੁਸੂਚਿਤ ਜਾਤੀ ਦੇ ਸੱਜੇ ਪੱਖੀ ਧੜੇ ਦੇ ਉਮੀਦਵਾਰ ਨੂੰ ਦਿੱਤੀ ਜਾਣੀ ਚਾਹੀਦੀ ਹੈ ।

## ਅਰੁਣਾਚਲ 'ਤੇ ਚੀਨ ਦੇ ਦਾਅਵੇ ਦਾ ਸਖਤੀ ਨਾਲ ਖੰਡਨ ਕਰੇ ਸਰਕਾਰ : ਮਲਿਕਾਰਜੁਨ ਖੜਗੇ

ਨਵੀਂ ਦਿੱਲੀ 27 ਮਾਰਚ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਮੰਗਲਵਾਰ ਨੂੰ ਕਿਹਾ ਕਿ ਅਰੁਣਾਚਲ ਪ੍ਰਦੇਸ਼ ਭਾਰਤ ਦਾ ਇਕ ਅਟੁੱਟ ਹਿੱਸਾ ਹੈ ਅਤੇ ਮੋਦੀ ਸਰਕਾਰ ਨੂੰ ਚੀਨ ਵਲੋਂ ਇਸ ਸੂਬੇ 'ਤੇ ਦਾਅਵਾ ਕੀਤੇ ਜਾਣ ਦਾ ਬਹੁਤ ਸਖਤੀ ਨਾਲ ਖੰਡਨ ਕਰਨਾ ਚਾਹੀਦਾ।



ਚੀਨ ਨੇ ਸੋਮਵਾਰ ਨੂੰ ਇਕ ਵਾਰ ਮੁੜ ਇਹ ਦਾਅਵਾ ਕੀਤਾ ਕਿ ਅਰੁਣਾਚਲ ਪ੍ਰਦੇਸ਼ 'ਹਮੇਸ਼ਾ' ਉਸ ਦਾ ਖੇਤਰ ਰਿਹਾ ਹੈ। ਹਾਲਾਂਕਿ ਭਾਰਤ ਨੇ ਬੀਜਿੰਗ ਦੇ ਦਾਅਵੇ ਨੂੰ 'ਬੇਹੂਦਾ' ਅਤੇ 'ਹਾਸੋਹੀਣਾ' ਦੱਸ ਕੇ ਖਾਰਜ ਕਰ ਦਿੱਤਾ। ਖੜਗੇ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪੋਸਟ ਕੀਤਾ ਕਿ ਅਰੁਣਾਚਲ ਪ੍ਰਦੇਸ਼ ਭਾਰਤ ਦਾ ਇਕ ਅਟੁੱਟ ਹਿੱਸਾ ਹੈ। ਉਨ੍ਹਾਂ ਨੇ ਇਹ ਵੀ ਕਿਹਾ,"ਕਾਂਗਰਸ ਅਰੁਣਾਚਲ ਪ੍ਰਦੇਸ਼ 'ਤੇ ਚੀਨ ਦੇ ਕਿਸੇ ਵੀ ਦਾਅਵੇ ਦੀ ਸਖਤ ਨਿੰਦਾ ਅਤੇ ਵਿਰੋਧ ਕਰਦੀ ਹੈ। ਇਹ ਇਕ ਮਹੀਨੇ 'ਚ ਚੌਥੀ ਵਾਰ ਹੈ, ਜਦੋਂ ਚੀਨ ਨੇ ਪੂਰੀ ਤਰ੍ਹਾਂ ਨਾਲ ਹਾਸੋਹੀਣੇ ਅਤੇ ਬੇਤੁਕੇ ਦਾਅਵੇ ਕੀਤੇ ਹਨ।" ਖੜਗੇ ਦਾ ਕਹਿਣਾ ਹੈ ਕਿ ਸਥਾਨਾਂ ਦਾ ਨਾਂ ਬਦਲ ਕੇ ਅਤੇ ਦੂਜੇ ਦੇਸ਼ਾਂ ਨਾਲ ਸੰਬੰਧਤ ਖੇਤਰਾਂ ਦੇ ਨਕਸ਼ੇ ਮੁੜ ਬਣਾ ਕੇ ਬੇਤੁਕੇ ਦਾਅਵੇ ਕਰਨ 'ਚ ਚੀਨ ਦਾ ਰਿਕਾਰਡ ਮਸ਼ਹੂਰ ਹੈ। ਉਨ੍ਹਾਂ ਕਿਹਾ,"ਰਾਜਨੀਤੀ ਤੋਂ ਵੱਖ ਅਸੀਂ ਭਾਰਤ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦੀ ਰੱਖਿਆ 'ਚ ਇਕੱਠੇ ਹਾਂ। ਹਾਲਾਂਕਿ ਇਹ ਵੀ ਰੇਖਾਂਕਿਤ ਕੀਤਾ ਜਾ ਸਕਦਾ ਹੈ ਕਿ ਚੀਨ ਦਾ ਰਵੱਈਆ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਆਪਣੀ 'ਲਾਲ ਅੱਖ' ਦਿਖਾਉਣ ਵਾਲੀ ਕਾਰਵਾਈ ਨਹੀਂ ਕਰਨ ਅਤੇ ਚੀਨ ਨੂੰ ਕਲੀਨ ਚਿੱਟ ਦੇਣ ਦਾ ਨਤੀਜਾ ਹੈ।" ਕਾਂਗਰਸ ਪ੍ਰਧਾਨ ਨੇ ਦਾਅਵਾ ਕੀਤਾ,"ਭਾਵੇਂ ਅਰੁਣਾਚਲ ਪ੍ਰਦੇਸ਼ ਦੇ ਕਰੀਬ ਸਰਹੱਦ 'ਤੇ ਪਿੰਡ ਵਸਾਉਣਾ ਹੋਵੇ ਜਾਂ ਸਰਹੱਦ ਕੋਲ ਰਹਿਣ ਵਾਲੇ ਸਾਡੇ ਲੋਕਾਂ ਨੂੰ ਅਗਵਾ ਕਰਨਾ ਹੋਵੇ, ਮੋਦੀ ਸਰਕਾਰ ਦੀ 'ਪਲੀਜ ਚਾਈਨਾ ਪਾਲਿਸੀ' (ਚੀਨ ਨੂੰ ਖੁਸ਼ ਕਰਨ ਦੀ ਨੀਤੀ) ਨੇ ਅਰੁਣਾਚਲ 'ਚ ਸਾਡੀ ਰਾਸ਼ਟਰੀ ਸੁਰੱਖਿਆ ਨੂੰ ਖਤਰੇ 'ਚ ਪਾ ਦਿੱਤਾ ਹੈ।" ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚੀਨ ਨੇ ਦਾਅਵਿਆਂ ਦਾ ਸਖਤੀ ਨਾਲ ਖੰਡਨ ਕਰਨਾ ਚਾਹੀਦਾ।

## ਹਿਮਾਚਲ ਵਿਧਾਨ ਸਭਾ ਚੋਣਾਂ : ਭਾਜਪਾ ਨੇ ਜਾਰੀ ਕੀਤੀ ਉਮੀਦਵਾਰਾਂ ਦੀ ਸੂਚੀ

ਨਵਦੀਪ ਸਿੰਘ ਸਾਹਨੀ

ਸ਼ਿਮਲਾ 27 ਮਾਰਚ। ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਚੋਣ ਕਮੇਟੀ ਨੇ ਹਿਮਾਚਲ ਪ੍ਰਦੇਸ਼ ਦੀਆਂ 6 ਵਿਧਾਨ ਸਭਾ ਸੀਟਾਂ 'ਤੇ ਲੋਕ ਸਭਾ ਦੇ ਨਾਲ ਹੋਣ ਵਾਲੀਆਂ ਜ਼ਿਮਨੀ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਭਾਜਪਾ ਨੇ ਕਾਂਗਰਸ ਦੇ ਸਾਰੇ ਬਾਗੀਆਂ ਨੂੰ ਟਿਕਟ ਦਿੱਤੀ ਹੈ। ਧਰਮਸ਼ਾਲਾ ਵਿਧਾਨ ਸਭਾ ਸੀਟ ਤੋਂ ਸੁਧੀਰ ਸ਼ਰਮਾ, ਲਾਹੌਲ-ਸਪਿਤੀ ਤੋਂ ਰਵੀ ਠਾਕੁਰ, ਸੁਜਾਨਪੁਰ ਤੋਂ ਰਜਿੰਦਰ ਰਾਣਾ, ਬੜਸਰ ਤੋਂ ਇੰਦਰਦੱਤ ਲਖਨਪਾਲ, ਗਗਰੇਟ ਤੋਂ ਚੈਤੰਨਿਆ ਸ਼ਰਮਾ ਅਤੇ ਕੁਟਲੈਹੜ ਤੋਂ ਦਵਿੰਦਰ ਕੁਮਾਰ ਭੁੱਟੋ ਨੂੰ ਉਮੀਦਵਾਰ ਬਣਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਦੇ 6 ਆਯੋਗ ਕਰਾਰ ਬਾਕੀ ਅਤੇ ਤਿੰਨ ਆਜਾਦ ਵਿਧਾਇਕਾਂ ਨੇ ਬੀਤੇ ਸ਼ਨੀਵਾਰ ਨੂੰ ਨਵੀਂ ਦਿੱਲੀ 'ਚ ਭਾਜਪਾ ਦਾ ਪੱਲਾ ਫੜਿਆ ਸੀ। ਇਨ੍ਹਾਂ ਨੂੰ ਭਾਜਪਾ 'ਚ ਸ਼ਾਮਲ ਕਰਦੇ ਸਮੇਂ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਅਤੇ ਵਿਰੋਧੀ ਧਿਰ ਦੇ ਨੇਤਾ ਜੈਰਾਮ ਠਾਕੁਰ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਹਾਲਾਂਕਿ ਵਿਧਾਨ ਸਭਾ ਦੇ ਸਪੀਕਰ ਵੱਲੋਂ ਆਜਾਦ ਵਿਧਾਇਕਾਂ ਦੇ ਅਸਤੀਫੇ ਅਜੇ ਤੱਕ ਪ੍ਰਵਾਨ ਨਹੀਂ ਕੀਤੇ ਗਏ ਹਨ। ਅਜਿਹੇ 'ਚ ਉਨ੍ਹਾਂ ਦੀਆਂ ਸੀਟਾਂ 'ਤੇ ਹੋਣ ਵਾਲੀਆਂ ਜ਼ਿਮਨੀ ਚੋਣਾਂ ਦੇ ਸਡਿਊਲ 'ਤੇ ਬਾਅਦ 'ਚ ਸਥਿਤੀ ਸਪੱਸ਼ਟ ਹੋਵੇਗੀ। ਦੱਸ





ਦੇਈਏ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ 68 ਮੈਂਬਰੀ ਰਾਜ ਵਿਧਾਨ ਸਭਾ ਵਿੱਚ ਕਾਂਗਰਸ ਦੇ 40 ਵਿਧਾਇਕ ਸਨ, ਜਦਕਿ ਭਾਜਪਾ ਦੇ 25 ਵਿਧਾਇਕ ਸਨ। ਤਿੰਨ ਸੀਟਾਂ 'ਤੇ ਆਜਾਦ ਉਮੀਦਵਾਰਾਂ ਨੇ ਕਬਜਾ ਕੀਤਾ। ਕਾਂਗਰਸ ਦੇ ਛੇ ਵਿਧਾਇਕਾਂ ਨੂੰ ਵਿੱਤ ਬਿੱਲ ਪਾਸ ਕਰਨ ਵੇਲੇ ਵ੍ਹਿੱਪ ਜਾਰੀ ਹੋਣ ਦੇ ਬਾਵਜੂਦ ਸਦਨ ਵਿੱਚ ਹਾਜਰ ਨਾ ਹੋਣ ਕਾਰਨ ਅਯੋਗ ਕਰਾਰ ਦਿੱਤਾ ਗਿਆ। ਆਜਾਦ ਉਮੀਦਵਾਰਾਂ ਨੇ ਵੀ ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਅਸਤੀਫੇ ਪ੍ਰਵਾਨ ਹੋਣ ਤੋਂ ਬਾਅਦ 9 ਵਿਧਾਇਕਾਂ ਦੀ ਕਮੀ ਹੋ ਜਾਵੇਗੀ ਅਤੇ ਵਿਧਾਨ ਸਭਾ ਵਿੱਚ 59 ਵਿਧਾਇਕ ਰਹਿ ਜਾਣਗੇ। ਹਿਮਾਚਲ ਪ੍ਰਦੇਸ ਦੀਆਂ ਚਾਰ ਲੋਕ ਸਭਾ ਸੀਟਾਂ ਲਈ ਆਖਰੀ ਅਤੇ ਸੱਤਵੇਂ ਪੜਾਅ ਦੀ ਵੋਟਿੰਗ 1 ਜੂਨ ਨੂੰ ਹੋਵੇਗੀ। ਇਸੇ ਦਿਨ ਛੇ ਵਿਧਾਨ ਸਭਾ ਹਲਕਿਆਂ ਵਿੱਚ ਜ਼ਿਮਨੀ ਚੋਣਾਂ ਵੀ ਹੋਣਗੀਆਂ। ਇਹ ਛੇ ਵਿਧਾਨ ਸਭਾ ਹਲਕੇ ਉਹੀ ਹਨ ਜਿੱਥੋਂ ਕਾਂਗਰਸ ਨੇ ਛੇ ਬਾਗੀ ਵਿਧਾਇਕਾਂ ਨੂੰ ਅਯੋਗ ਕਰਾਰ ਦਿੱਤਾ ਹੈ। ਨਤੀਜੇ 4 ਜੂਨ ਨੂੰ ਐਲਾਨੇ ਜਾਣਗੇ। ਸੂਬੇ ਵਿੱਚ 7 ਮਈ ਨੂੰ ਚੋਣ ਨੋਟੀਫਿਕੇਸਨ ਜਾਰੀ ਕੀਤਾ ਜਾਵੇਗਾ। ਲੋਕ ਸਭਾ ਚੋਣਾਂ ਲਈ ਨਾਮਜਦਗੀ ਪੱਤਰ ਦਾਖਲ ਕਰਨ ਦੀ ਆਖਰੀ ਮਿਤੀ 14 ਮਈ ਰੱਖੀ ਗਈ ਹੈ। ਨਾਮਜਦਗੀ ਪੱਤਰਾਂ ਦੀ ਛਾਂਟੀ 15 ਮਈ ਨੂੰ ਹੋਵੇਗੀ। 17 ਮਈ ਨੂੰ ਨਾਮ ਵਾਪਸ ਲਏ ਜਾ ਸਕਦੇ ਹਨ। ਛੇ ਵਿਧਾਨ ਸਭਾ ਹਲਕਿਆਂ ਦੀਆਂ ਉਪ ਚੋਣਾਂ ਲਈ ਵੀ ਇਹੀ ਪ੍ਰਕਿਰਿਆ ਅਪਣਾਈ ਜਾਵੇਗੀ।

## ਸਿਆਸੀ ਚੁਸਕੀ: ਜਦ ਇਕ ਸੀਟ 'ਤੇ ਲੜੇ 1033 ਉਮੀਦਵਾਰ

ਤੇਜਿੰਦਰ ਕੌਰ ਬੱਬਰ

ਨੈਸ਼ਨਲ ਡੈਸਕ 27 ਮਾਰਚ। ਅਜਿਹਾ ਬਹੁਤ ਘੱਟ ਹੁੰਦਾ ਹੈ ਜਦ ਇਕ ਸੀਟ 'ਤੇ 100 ਤੋਂ ਵੱਧ ਉਮੀਦਵਾਰ ਚੋਣ ਲੜ ਰਹੇ ਹੋਣ ਪਰ ਇਤਿਹਾਸ 'ਚ ਇਕ ਅਜਿਹੀ ਵੀ ਚੋਣ ਹੋਈ ਹੈ, ਜਦ ਇਕ ਸੀਟ 'ਤੇ 1033 ਉਮੀਦਵਾਰਾਂ ਨੇ ਦਾਅਵੇਦਾਰੀ ਪੇਸ਼ ਕੀਤੀ ਸੀ। ਇਹ ਗੱਲ ਹੈ ਸਾਲ 1996 'ਚ ਤਾਮਿਲਨਾਡੂ 'ਚ ਹੋਈਆਂ ਵਿਧਾਨ ਸਭਾ ਚੋਣਾਂ ਦੀ। ਸੂਬੇ ਦੀਆਂ ਹੋਰ ਸੀਟਾਂ ਵਾਂਗ ਮੋਡਾਕੁਰੀਚੀ ਸੀਟ 'ਤੇ ਚੋਣ ਹੋ ਰਹੀ ਸੀ ਪਰ ਇਥੇ ਚੋਣ ਮੈਦਾਨ 'ਚ 30-40 ਨਹੀਂ ਸਗੋਂ 1033 ਉਮੀਦਵਾਰ ਆਪਣੀ ਕਿਸਮਤ ਅਜਮਾ ਰਹੇ ਸਨ। ਇਹ ਸੀਟ ਸੂਬੇ ਦੇ ਇਰੋਡ ਜ਼ਿਲ੍ਹੇ ਦੇ ਤਹਿਤ ਆਉਂਦੀ ਹੈ। ਚੋਣ ਮੈਦਾਨ 'ਚ 1000 ਤੋਂ ਜ਼ਿਆਦਾ ਉਮੀਦਵਾਰ ਹੋਣ ਦੇ ਕਾਰਨ ਚੋਣ ਕਮਿਸ਼ਨ ਨੂੰ ਬੈਲੇਟ ਪੇਪਰ ਨਹੀਂ ਸਗੋਂ ਬੈਲੇਟ ਬੁੱਕ ਛਪਵਾਉਣੀ ਪਈ ਸੀ ਅਤੇ ਹਰ ਬੈਲੇਟ ਬੁੱਕ 'ਚ ਸਾਰੇ ਉਮੀਦਵਾਰਾਂ ਦੇ ਨਾਂ ਲਿਖੇ ਗਏ ਸਨ, ਜਿਸ ਕਾਰਨ ਵੋਟਰਾਂ ਨੂੰ ਨਾਂ ਲੱਭਣ 'ਚ ਕਾਫੀ ਮੁਸ਼ਕਲ ਹੋਈ। ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਹਰੇਕ ਵੋਟਰ ਲਈ ਵੋਟਿੰਗ ਦੀ ਵਿਵਸਥਾ ਕਰਦਾ ਹੈ ਅਤੇ ਕਿੰਨੇ ਵੀ ਉਮੀਦਵਾਰ ਹੋਣ ਉਨ੍ਹਾਂ ਲਈ ਵੀ ਚੋਣ ਕਮਿਸ਼ਨ ਹੀ ਵਿਵਸਥਾ ਕਰਦਾ ਹੈ। ਇਨ੍ਹਾਂ ਚੋਣਾਂ 'ਚ ਵੀ ਅਜਿਹਾ ਹੀ ਕੀਤਾ ਗਿਆ। ਹਾਲਾਂਕਿ ਚੋਣ ਕਮਿਸ਼ਨ ਨੇ ਚੋਣਾਂ ਦੀ ਤਾਰੀਖ ਨੂੰ ਅੱਗੇ ਵਧਾ ਦਿੱਤਾ ਸੀ ਅਤੇ ਜਮਾਨਤ ਰਾਸ਼ੀ 'ਚ ਵੀ ਵਾਧਾ ਕਰ ਦਿੱਤਾ ਸੀ। ਦਰਅਸਲ ਫੈੱਡਰੇਸ਼ਨ ਆਫ ਫਾਰਮਰਜ ਐਸੋਸੀਏਸ਼ਨ ਨਾਂ ਦੀ ਸੰਸਥਾ ਦੇ ਇਕ ਵਿਰੋਧ ਕਾਰਨ ਇੰਨੇ ਲੋਕਾਂ ਨੇ ਚੋਣ ਲੜਣ ਦਾ ਫੈਸਲਾ ਕੀਤਾ ਸੀ। ਇਸ ਸੰਸਥਾ ਨਾਲ ਜੁੜੇ ਲੋਕਾਂ ਨੇ ਵੱਧ ਤੋਂ ਵੱਧ ਉਮੀਦਵਾਰੀ ਕਰਨ ਦਾ ਫੈਸਲਾ ਕੀਤਾ ਸੀ ਤਾਂ ਕਿ ਸਰਕਾਰ ਦਾ ਧਿਆਨ ਉਨ੍ਹਾਂ ਵੱਲ ਖਿੱਚਿਆ ਜਾ ਸਕੇ। ਇਥੇ 1033 ਕਿਸਾਨਾਂ ਨੇ ਨੇਤਾਵਾਂ ਦੇ ਨਾਲ



ਪਰਚੇ ਦਾਖਲ ਕਰ ਦਿੱਤੇ। ਉਸ ਸਮੇਂ ਗੈਰ-ਰਾਖਵੀਂਆਂ ਸੀਟਾਂ 'ਤੇ 250 ਰੁਪਏ ਅਤੇ ਐੱਸ. ਸੀ./ਐੱਸ. ਟੀ. ਵਰਗ ਲਈ ਰਾਖਵੀਆਂ ਸੀਟਾਂ 'ਤੇ 125 ਰੁਪਏ ਦੀ ਜਮਾਨਤ ਰਾਸ਼ੀ ਦੇਣੀ ਪੈਂਦੀ ਸੀ। 1957 'ਚ ਆਜਾਦ ਭਾਰਤ ਦੀਆਂ ਦੂਜੀਆਂ ਲੋਕ ਸਭਾ ਚੋਣਾਂ 'ਚ 1519 ਉਮੀਦਵਾਰ ਮੈਦਾਨ 'ਚ ਸਨ 1957 'ਚ ਲੋਕ ਸਭਾ ਦੀਆਂ ਦੂਜੀਆਂ ਚੋਣਾਂ ਦੌਰਾਨ 2,20,478 ਪੋਲਿੰਗ ਬੂਥ ਬਣਾਏ ਗਏ ਸਨ 1957 'ਚ ਲੋਕ ਸਭਾ ਦੀਆਂ ਦੂਜੀਆਂ ਚੋਣਾਂ ਸਮੇਂ ਦੇਸ਼ 'ਚ ਲੋਕ ਸਭਾ ਹਲਕਿਾਂ ਦੀ ਗਿਣਤੀ 403 ਸੀ ਅਤੇ ਇਨ੍ਹਾਂ 403 ਹਲਕਿਆਂ 'ਚ 494 ਸੰਸਦ ਮੈਂਬਰ ਚੁਣੇ ਗਏ ਸਨ 1957 'ਚ ਲੋਕ ਸਭਾ ਦੀਆਂ ਚੋਣਾਂ 'ਚ 19.30 ਕਰੋੜ ਲੋਕਾਂ ਨੇ ਵੋਟਾਂ ਪਾਈਆਂ ਸਨ 1957 'ਚ ਲੋਕ ਸਭਾ ਦੀਆਂ ਦੂਜੀਆਂ ਚੋਣਾਂ ਦੌਰਾਨ 47.74 ਫੀਸਦੀ ਵੋਟਿੰਗ ਹੋਈ ਜਵਾਬ- ਨਾਮਜਦਗੀ ਪੱਤਰ 'ਚ ਗਲਤ ਸੂਚਨਾ ਦੇਣ 'ਤੇ ਰਿਟਰਨਿੰਗ ਅਫਸਰ ਨਾਮਜਦਗੀ ਪੱਤਰ ਰੱਦ ਨਹੀਂ ਕਰਦਾ, ਹਾਲਾਂਕਿ ਉਸ ਨੂੰ ਰਿਪ੍ਰੈਜ਼ੈਂਸ਼ਨ ਆਫ ਪੀਪਲ ਐਕਟ 1951 ਦੀ ਧਾਰਾ 36 ਤਹਿਤ ਨਾਮਜਦਗੀ ਪੱਤਰ ਰੱਦ ਕਰਨ ਦਾ ਅਧਿਕਾਰ ਹੈ। ਉਂਝ ਤਾਂ ਦੇਸ਼ ਦੇ ਇਤਿਹਾਸ 'ਚ ਕਈ ਰਿਕਾਰਡ ਬਣੇ ਹਨ ਪਰ ਕਈ ਵਾਰ ਕੁਝ ਰਿਕਾਰਡ ਅਜਿਹੇ ਬਣ ਜਾਂਦੇ ਹਨ, ਜੋ ਟੁੱਟਦੇ ਹੀ ਨਹੀਂ ਹਨ। ਅਜਿਹਾ ਹੀ ਇਕ ਮਜੇਦਾਰ ਰਿਕਾਰਡ 1957 ਦੀਆਂ ਦੂਜੀਆਂ ਲੋਕ ਸਭਾ ਚੋਣਾਂ 'ਚ ਉੱਤਰ ਪ੍ਰਦੇਸ਼ ਦੀ ਮੈਨਪੁਰੀ ਲੋਕ ਸਭਾ ਸੀਟ 'ਤੇ ਬਣਿਆ ਸੀ, ਜਿਥੇ ਇਕ ਆਜਾਦ ਉਮੀਦਵਾਰ ਨੂੰ ਕੋਈ ਵੋਟ ਨਹੀਂ ਮਿਲੀ। ਇਸ ਸੀਟ 'ਤੇ ਉਸ ਸਮੇਂ 6 ਉਮੀਦਵਾਰ ਮੈਦਾਨ 'ਚ ਸਨ। ਪੀ. ਐੱਸ. ਪੀ. ਤੋਂ ਬੰਸੀ ਲਾਲ ਧਨਗਰ ਚੋਣ ਲੜ ਰਹੇ ਸਨ ਅਤੇ ਉਨ੍ਹਾਂ ਦਾ ਮੁਕਾਬਲਾ ਕਾਂਗਰਸ ਦੇ ਬਾਦਸ਼ਾਹ ਦੇ ਨਾਲ ਸੀ। ਬੰਸੀ ਲਾਲ ਨੂੰ ਇਨ੍ਹਾਂ ਚੋਣਾਂ 'ਚ 59,902 ਵੋਟਾਂ ਪਈਆਂ ਜਦਕਿ ਕਾਂਗਰਸ ਦੇ ਬਾਦਸ਼ਾਹ ਨੂੰ 56,072 ਵੋਟਾਂ ਪਈਆਂ ਅਤੇ ਬੰਸੀ ਲਾਲ ਜੇਤੂ ਐਲਾਨੇ ਗਏ। ਤੀਜੇ ਨੰਬਰ 'ਤੇ ਭਾਰਤੀ ਜਨ ਸੰਘ ਦੇ ਉਮੀਦਵਾਰ ਜਗਦੀਸ਼ ਸਿੰਘ ਰਹੇ, ਜਿਨ੍ਹਾਂ ਨੂੰ 46,627 ਵੋਟਾਂ ਪਈਆਂ। ਇਸ ਤੋਂ ਇਲਾਵਾ ਮਣੀ ਰਾਮ, ਪੁੱਟੂ ਸਿੰਘ ਅਤੇ ਸ਼ੰਕਰ ਲਾਲ ਇਨ੍ਹਾਂ ਚੋਣਾਂ 'ਚ ਬਤੌਰ ਆਜਾਦ ਉਮੀਦਵਾਰ ਕਿਸਮਤ ਅਜਮਾ ਰਹੇ ਸਨ।

## ਗਲਤ ਪ੍ਰਚਾਰ ਲਈ ਵੱਖਵਾਦੀਆਂ ਦੇ ਪਰਿਵਾਰਾਂ ਨੂੰ ਕੀਤਾ ਜਾ ਰਿਹੈ ਪਰੇਸ਼ਾਨ : ਮਹਿਬੂਬਾ ਮੁਫਤੀ

ਸ਼੍ਰੀਨਗਰ 27 ਮਾਰਚ। ਪੀਪਲਜ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਮੁਖੀ ਮਹਿਬੂਬਾ ਮੁਫਤੀ ਨੇ ਮੰਗਲਵਾਰ ਨੂੰ ਦੋਸ਼ ਲਗਾਇਆ ਕਿ ਜੰਮੂ ਕਸ਼ਮੀਰ 'ਚ ਅਧਿਕਾਰੀ ਗਲਤ ਪ੍ਰਚਾਰ ਨੂੰ ਉਤਸ਼ਾਹਤ ਦੇਣ ਲਈ ਵੱਖਵਾਦੀਆਂ ਦੇ ਪਰਿਵਾਰਾਂ ਨੂੰ ਪਰੇਸ਼ਾਨ ਕਰ ਰਹੇ ਹਨ। ਉਨ੍ਹਾਂ ਦੀ ਟਿੱਪਣੀ ਜੇਲ੍ਹ 'ਚ ਬੰਦ ਵੱਖਵਾਦੀ ਨੇਤਾ ਸ਼ੱਬੀਰ ਅਹਿਮਦ ਸ਼ਾਹ ਦੀ ਧੀ ਸਮਾ ਸ਼ੱਬੀਰ ਅਤੇ ਮਰਹੂਮ ਪਾਕਿਸਤਾਨ ਸਮਰਥਕ ਸਈਅਦ ਅਲੀ ਸ਼ਾਹ ਗਿਲਾਨੀ ਦੀ ਦੋਹਤੀ ਰੂਵਾ ਸ਼ਾਹ ਵਲੋਂ ਵੱਖਵਾਦੀ ਵਿਚਾਰਧਾਰਾ ਤੋਂ ਖੁਦ ਨੂੰ ਵੱਖ ਕਰਨ ਅਤੇ ਭਾਰਤੀ ਸੰਘ ਦੀ ਪ੍ਰਭੂਸੱਤਾ ਪ੍ਰਤੀ ਆਪਣੀ ਵਫਾਦਾਰੀ ਦਾ ਸੰਕਲਪ ਜਤਾਉਣ ਤੋਂ ਬਾਅਦ ਆਈ ਹੈ। ਜੰਮੂ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਲਿਖਿਆ,"ਕਸ਼ਮੀਰ ਨੇ ਅਜਿਹਾ ਸਮਾਂ ਦੇਖਿਆ ਹੈ ਜਦੋਂ ਬੰਦੂਕਧਾਰੀ ਅੱਤਵਾਦੀਆਂ ਨੇ ਰਾਜਨੀਤਕ ਵਰਕਰਾਂ ਨੂੰ ਖੁਦ ਨੂੰ ਮੁੱਖ ਧਾਰਾ ਤੋਂ ਵੱਖ ਕਰਨ ਲਈ ਧਮਾਕਿਆ ਅਤੇ ਮਜਬੂਰ ਕੀਤਾ ਅਤੇ ਅਜਿਹਾ ਨਾ ਕਰਨ 'ਤੇ ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ। ਅੱਜ ਉਹੀ ਪੈਟਰਨ ਦੋਹਰਾਇਆ ਜਾ ਰਿਹਾ ਹੈ ਅਤੇ ਜੋ ਗੱਲ ਹੋਰ ਵੀ ਵੱਧ ਪੇਰਸ਼ਾਨ ਕਰਨ ਵਾਲੀ ਹੈ ਉਹ ਇਹ ਹੈ ਕਿ ਇਹ ਭੂਮਿਕਾ ਖੁਦ ਰਾਜ ਵਲੋਂ ਨਿਭਾਈ ਜਾ ਰਹੀ ਹੈ। ਉਹ ਵੱਖਵਾਦੀਆਂ ਦੇ ਪਰਿਵਾਰਾਂ ਨੂੰ ਪਰੇਸ਼ਾਨ ਕਰ ਰਹੇ ਹਨ।" ਉਨ੍ਹਾਂ ਕਿਹਾ,"ਗਲਤ ਪ੍ਰਚਾਰ ਲਈ ਉਨ੍ਹਾਂ ਦੀਆਂ ਧੀਆਂ ਤੱਕ ਨੂੰ ਨਹੀਂ ਛੱਡਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਵੱਖ



ਕੀਤਾ ਜਾ ਰਿਹਾ ਹੈ। ਬੇਰਹਿਮ ਕਾਰਵਾਈ ਅਤੇ ਦਮਨ ਤੋਂ ਬਾਅਦ ਵੀ ਭਾਰਤ ਸਰਕਾਰ ਡਰ ਮਹਿਸੂਸ ਕਰ ਰਹੀ ਹੈ। ਅਜਿਹੀ ਕਾਇਰਤਾਪੂਰਨ ਹਰਕਤਾਂ ਲਈ ਬੇਸ਼ਰਮੀ ਸ਼ਬਦ ਅਧੂਰਾ ਹੈ।" ਸਥਾਨਕ ਅਖਬਾਰਾਂ 'ਚ ਪ੍ਰਕਾਸ਼ਿਤ ਇਕੋ ਜਿਹੇ ਜਨਤਕ ਨੋਟਿਸਾਂ ਦੇ ਮਾਧਿਅਮ ਨਾਲ ਸਮਾ ਸ਼ੱਬੀਰ ਅਤੇ ਰੂਵਾ ਸ਼ਾਹ ਨੇ ਖੁਦ ਨੂੰ ਵੱਖਵਾਦੀ ਰਾਜਨੀਤੀ ਤੋਂ ਵੱਖ ਕਰਨ ਦੀ ਸੂਚਨਾ ਦਿੱਤੀ।

# 25 ਲੱਖ ਰੁਪਏ ਫਿਰੌਤੀ ਨਾ ਦੇਣ 'ਤੇ ਕੀਤੀ ਫਾਇਰਿੰਗ, ਗੈਂਗਸਟਰ ਲੰਡਾ ਤੇ ਸੱਤਾ ਖਿਲਾਫ ਮਾਮਲਾ ਦਰਜ

ਤਰਨਤਾਰਨ 27 ਮਾਰਚ। ਗੈਂਗਸਟਰ ਲਖਬੀਰ ਸਿੰਘ ਲੰਡਾ ਅਤੇ ਸਤਨਾਮ ਸਿੰਘ ਸੱਤਾ ਵੱਲੋਂ ਸਕੂਲ ਮਾਲਕ ਜੋੜੇ ਪਾਸੋਂ 25 ਲੱਖ ਰੁਪਏ ਫਿਰੌਤੀ ਮੰਗਣ ਦਾ ਮਾਮਲਾ ਸਾਹਮਣੇ ਆਇਆ ਹੈ। ਫਿਰੌਤੀ ਨਾ ਦੇਣ ਦੇ ਚੱਲਦਿਆਂ ਘਰ ਦੇ ਬਾਹਰ ਦੇਰ ਰਾਤ ਫਾਇਰਿੰਗ ਹੋਣ ਤੋਂ ਬਾਅਦ ਥਾਣਾ ਚੋਹਲਾ ਸਾਹਿਬ ਦੀ ਪੁਲਸ ਨੇ ਲਖਬੀਰ ਸਿੰਘ ਲੰਡਾ ਅਤੇ ਸਤਨਾਮ ਸਿੰਘ ਸੱਤਾ ਖਿਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਜ਼ਿਲ੍ਹੇ ਭਰ 'ਚ ਫਿਰੌਤੀ ਮੰਗਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਜਿਸ ਨਾਲ ਵਪਾਰੀਆਂ ਤੇ ਕਾਰੋਬਾਰੀਆਂ 'ਚ ਕਾਫੀ ਸਹਿਮ ਭਰਿਆ ਮਾਹੌਲ ਵੇਖਣ ਨੂੰ ਮਿਲ ਰਿਹਾ ਹੈ। ਪ੍ਰਤਾਪ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਰੂੜੀਵਾਲਾ ਨੇ ਥਾਣਾ ਚੋਹਲਾ ਸਾਹਿਬ ਦੀ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਹ ਆਪਣੀ ਪਤਨੀ ਸਵਿੰਦਰ ਕੌਰ ਨਾਲ ਮਿਲ ਕੇ ਪਿੰਡ ਰੂੜੀਵਾਲਾ ਵਿਖੇ ਨਿੱਜੀ ਸਕੂਲ ਚਲਾਉਂਦੇ ਹਨ। ਬੀਤੀ 23 ਫਰਵਰੀ ਨੂੰ ਉਸਦੀ ਪਤਨੀ ਸਵਿੰਦਰ ਕੌਰ ਦੇ ਮੋਬਾਈਲ ਉੱਪਰ ਵਿਦੇਸ਼ੀ ਨੰਬਰ ਰਾਹੀਂ ਵਟਸਐਪ ਮੈਸੇਜ ਆਇਆ, ਇਸ ਤੋਂ ਬਾਅਦ ਇਕ ਕਾਲ ਵੀ ਆਈ, ਜਿਸ ਨੂੰ ਚੁੱਕਣ ਤੋਂ ਬਾਅਦ ਵਿਅਕਤੀ ਨੇ ਆਪਣਾ ਨਾਮ ਸੱਤਾ ਨੌਸ਼ਹਿਰਾ ਵਾਲਾ ਦੱਸਿਆ ਪ੍ਰੰਤੂ ਸਵਿੰਦਰ ਕੌਰ ਨੇ ਕਿਹਾ ਅਸੀਂ ਕਿਸੇ ਵੀ ਸੱਤੇ ਨੌਸ਼ਹਿਰਾ ਨੂੰ ਨਹੀਂ ਜਾਣਦੇ, ਕਹਿ ਕੇ ਫੋਨ ਕਾਲ ਬੰਦ ਕਰ ਦਿੱਤੀ। ਇਸ ਤੋਂ ਬਾਅਦ 15-16 ਮਾਰਚ ਦੀ ਦਰਮਿਆਨੀ ਰਾਤ ਕਰੀਬ 12:30 ਵਜੇ ਜਦੋਂ ਉਹ ਸਮੇਤ ਪਰਿਵਾਰ ਆਪਣੇ ਆਪਣੇ ਕਮਰੇ ਵਿਚ ਮੌਜੂਦ




ਸਨ ਤਾਂ ਘਰ ਦੇ ਬਾਹਰ ਫਾਇਰਿੰਗ ਹੋਣ ਦੀ ਆਵਾਜ਼ ਸੁਣਾਈ ਦਿੱਤੀ ਜਦੋਂ ਉਨ੍ਹਾਂ ਆਪਣਾ ਘਰ ਵਿਚ ਲੱਗਾ ਕੈਮਰਾ ਖੋਲ ਕੇ ਵੇਖਿਆ ਤਾਂ ਇਕ ਮੋਟਰਸਾਈਕਲ ਉੱਪਰ ਸਵਾਰ ਵਿਅਕਤੀਆਂ ਵੱਲੋਂ ਘਰ ਦੇ ਬਾਹਰ ਆ ਕੇ ਫਾਇਰਿੰਗ ਕੀਤੀ ਜਾਂਦੀ ਵਿਖਾਈ ਦਿੰਦੀ ਹੈ। ਜਿਸ ਦੌਰਾਨ ਉਨ੍ਹਾਂ ਦੇ ਘਰ ਅੰਦਰ ਤਿੰਨ ਗੋਲੀਆਂ ਵੱਜਣ ਨਾਲ ਨੁਕਸਾਨ ਵੀ ਹੋ ਗਿਆ। ਉਸ ਰਾਤ ਸਾਰੇ ਪਰਿਵਾਰ ਨੇ ਜਾਗਦੇ ਹੋਏ ਸਮਾਂ ਕੱਟਿਆ ਅਤੇ ਪੁਲਸ ਨੂੰ ਸੂਚਨਾ ਦਿੱਤੀ। ਇਸ ਵਾਰਦਾਤ ਤੋਂ ਬਾਅਦ 16 ਮਾਰਚ ਦੀ ਸਵੇਰ ਨੂੰ ਉਸਦੀ ਪਤਨੀ ਦੇ ਮੋਬਾਈਲ ਉੱਪਰ ਫਿਰ ਸੱਤੇ ਦੀ ਮੋਬਾਈਲ ਕਾਲ ਆਉਂਦੀ ਹੈ ਜੋ ਕਹਿੰਦਾ ਹੈ ਕਿ ਤੁਸੀਂ ਮੇਰਾ ਫੋਨ ਬਿਨਾਂ ਗੱਲ ਸੁਣੇ ਕੱਟ ਦਿੱਤਾ ਸੀ ਇਹ ਉਸੇ ਦਾ ਨਤੀਜਾ ਹੈ। ਸਤਨਾਮ ਸਿੰਘ ਸੱਤਾ ਵੱਲੋਂ ਉਸਦੀ ਪਤਨੀ ਸੁਵਿੰਦਰ ਕੌਰ ਪਾਸੋਂ 25 ਲੱਖ ਰੁਪਏ ਦੀ ਫਿਰੌਤੀ ਦੇਣ ਸਬੰਧੀ ਮੰਗ ਕੀਤੀ ਜਾਂਦੀ ਹੈ। ਨਾ ਕਰਨ ਦੀ ਸੂਰਤ ਵਿਚ ਪਰਿਵਾਰਕ ਮੈਂਬਰਾਂ ਨੂੰ ਜਾਨੋ ਮਾਰ ਦੇਣ ਦੀ ਧਮਕੀ ਦਿੱਤੀ ਗਈ। ਇਸ ਦੌਰਾਨ ਪਤਨੀ ਵੱਲੋਂ ਤਰਲੇ ਮਿਨਤਾਂ ਕਰਦੇ ਹੋਏ ਕਿਹਾ ਗਿਆ ਕਿ ਉਨ੍ਹਾਂ ਪਾਸ ਇੰਨੇ ਰੁਪਏ ਨਹੀਂ ਹਨ, ਜਿਸ ਤੋਂ ਬਾਅਦ ਸੱਤਾ ਨੇ ਮੋਬਾਈਲ ਫੋਨ ਬੰਦ ਕਰ ਦਿੱਤਾ। ਇਸ ਤੋਂ ਬਾਅਦ ਬੀਤੀ 19 ਮਾਰਚ ਨੂੰ ਇਕ ਵਾਰ ਫਿਰ ਵਿਦੇਸ਼ੀ ਨੰਬਰ ਤੋਂ ਵਟਸਐਪ ਕਾਲ ਆਈ, ਜਿਸ ਵਿਚ ਆਵਾਜ਼ ਲਖਬੀਰ ਸਿੰਘ ਉਰਫ ਲੰਡਾ ਹਰੀਕੇ ਦੀ ਸੀ। ਜਿਸ ਨੇ ਪੁੱਛਿਆ ਕਿ ਪੈਸਿਆਂ ਦਾ ਪ੍ਰਬੰਧ ਹੋ ਗਿਆ ਕਿ ਨਹੀਂ। ਇਸ ਦੌਰਾਨ ਲੰਡੇ ਨੇ ਧਮਕੀ ਦਿੰਦੇ ਹੋਏ ਕਿਹਾ ਕਿ ਪੈਸਿਆਂ ਦਾ ਪ੍ਰਬੰਧ ਕਰ ਲਓ ਨਹੀਂ ਤਾਂ ਤੁਹਾਡੇ ਪਰਿਵਾਰਕ ਮੈਂਬਰਾਂ ਨੂੰ ਜਾਨ ਤੋਂ ਮਾਰ ਦਿੱਤਾ ਜਾਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹੇ ਦੇ ਐੱਸ.ਪੀ ਇਨਵੈਸਟੀਗੇਸ਼ਨ ਅਜੈ ਰਾਜ ਸਿੰਘ ਨੇ ਦੱਸਿਆ ਕਿ ਫਿਰੌਤੀ ਦੇ ਮਾਮਲੇ ਵਿਚ ਪ੍ਰਤਾਪ ਸਿੰਘ ਦੇ ਬਿਆਨਾਂ ਹੇਠ ਲਖਬੀਰ ਸਿੰਘ ਉਰਫ ਲੰਡਾ ਅਤੇ ਸਤਨਾਮ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਨੌਸ਼ਹਿਰਾ ਪੰਨੂਆਂ ਸਮੇਤ ਕੁਝ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਭੈਣਾਂ ਨੂੰ ਛੇੜਨ 'ਤੇ ਕੀਤਾ ਸੀ ਮੂੰਹ ਕਾਲਾ, ਬੇਇਜਤੀ ਦਾ ਬਦਲਾ ਲੈਣ ਲਈ ਕਰ ਦਿੱਤਾ ਕੁੜੀਆਂ ਦੇ ਭਰਾ ਦਾ ਕਤਲ

ਤਰਨਤਾਰਨ 27 ਮਾਰਚ। ਬੀਤੀ 6 ਮਾਰਚ ਨੂੰ ਪਿੰਡ ਪੰਡੋਰੀ ਗੋਲਾ ਵਿਖੇ ਨੌਜਵਾਨ ਗੁਰਸੇਵਕ ਸਿੰਘ ਦੇ ਕਤਲ ਮਾਮਲੇ ਵਿਚ ਲੋੜੀਂਦੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਵਿਚ ਪੁਲਸ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ। ਪੁਲਸ ਨੇ ਵਾਰਦਾਤ ਵਿਚ ਵਰਤੇ ਗਏ ਦੋ ਹਥਿਆਰਾਂ ਨੂੰ ਵੀ ਬਰਾਮਦ ਕਰ ਲਿਆ ਹੈ, ਜੋ ਮੁਲਜਮਾਂ ਨੇ 10 ਹਜ਼ਾਰ ਰੁਪਏ ਵਿਚ ਗੰਨ ਹਾਊਸ ਵਿਚ ਹੋਈ ਲੁੱਟ ਦੇ ਮੁਲਜ਼ਮਾਂ ਪਾਸੋਂ ਖਰੀਦੇ ਸਨ। ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦੇ ਹੋਏ ਜਿ?ਲ੍ਹੇ ਦੇ ਐੱਸ.ਐੱਸ.ਪੀ. ਅਸ਼ਵਨੀ ਕਪੂਰ ਨੇ ਦੱਸਿਆ ਕਿ ਬੀਤੀ 6 ਮਾਰਚ ਦੀ ਸ਼ਾਮ ਪਿੰਡ ਪੰਡੋਰੀ ਗੋਲਾ ਦੇ ਨਿਵਾਸੀ ਗੁਰਸੇਵਕ ਸਿੰਘ ਦਾ ਗੁਆਂਢ ਵਿਚ ਰਹਿੰਦੇ ਦੋ ਸਕੇ ਭਰਾਵਾਂ ਵੱਲੋਂ ਇਕ ਦੋਸਤ ਦੀ ਮਦਦ ਨਾਲ ਇਸ ਲਈ ਕਤਲ ਕਰ ਦਿੱਤਾ ਗਿਆ ਸੀ ਕਿ ਕਰੀਬ 8 ਮਹੀਨੇ ਪਹਿਲਾਂ ਗੁਰਸੇਵਕ ਸਿੰਘ ਦੀ ਭੈਣ ਨੂੰ ਛੇੜਨ ਦੇ ਮਾਮਲੇ



ਵਿਚ ਉਸ ਦਾ ਮੂੰਹ ਕਾਲਾ ਕੀਤਾ ਗਿਆ ਸੀ। ਇਸ ਬੇਇਜ਼ਤੀ ਦਾ ਬਦਲਾ ਲੈਣ ਲਈ ਗੁਰਸੇਵਕ ਸਿੰਘ ਦਾ ਗੋਲੀਆਂ ਮਾਰ ਕਤਲ ਕਰ ਦਿੱਤਾ ਗਿਆ। ਪੁਲਸ ਵੱਲੋਂ ਵਾਰਦਾਤ ਨੂੰ ਅੰਜਾਮ ਦੇਣ ਲਈ ਵਰਤੀਆਂ ਗਈਆਂ ਦੋ ਬੰਦੂਕਾਂ ਵੀ ਬਰਾਮਦ ਕੀਤੀਆਂ ਗਈਆਂ ਹਨ, ਜੋ ਕਾਤਲਾਂ ਵੱਲੋਂ ਸ਼ਹਿਰ 'ਚ ਪਿਛਲੇ ਦਿਨੀਂ ਗੰਨ ਹਾਊਸ ਵਿਚੋਂ ਚੋਰੀ ਹੋਏ ਅਸਲੇ 'ਚੋਂ 10 ਹਜ਼ਾਰ ਰੁਪਏ ਦੇ ਕੇ ਖਰੀਦੀਆਂ ਗਈਆਂ ਸਨ। ਪੁਲਸ ਵੱਲੋਂ ਫੜੇ ਗਏ ਵਿਅਕਤੀਆਂ ਦੀ ਪਛਾਣ ਪਿੰਡ ਪੰਡੋਰੀ ਗੋਲਾ ਨਿਵਾਸੀ ਰੋਹਿਤ ਕੁਮਾਰ ਅਤੇ ਜਗਦੀਸ਼ ਕੁਮਾਰ (ਸਕੇ ਭਰਾ) ਤੋਂ ਇਲਾਵਾ ਮੁਰਾਦਪੁਰਾ ਨਿਵਾਸੀ ਸਿਮਰਨਜੀਤ ਸਿੰਘ ਵੱਜੋਂ ਹੋਈ ਹੈ, ਜਿਨ੍ਹਾਂ ਦਾ ਮਾਣਯੋਗ ਅਦਾਲਤ ਪਾਸੋਂ ਰਿਮਾਂਡ ਹਾਸਲ ਕਰ ਅਗਲੇਰੀ ਪੁੱਛਗਿੱਛ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮੌਕੇ ਐੱਸ.ਪੀ ਇਨਵੈਸਟੀਗੇਸ਼ਨ ਅਜੇ ਰਾਜ ਸਿੰਘ ਤੋਂ ਇਲਾਵਾ ਹੋਰ ਪੁਲਸ ਕਰਮਚਾਰੀ ਮੌਜੂਦ ਸਨ।

## ਰਿਹਾਇਸ਼ੀ ਇਮਾਰਤ 'ਚ ਲੱਗੀ ਭਿਆਨਕ ਅੱਗ, ਮਚੇ ਭਾਂਬੜ 'ਚ 2 ਬੱਚੀਆਂ ਸਮੇਤ 4 ਲੋਕਾਂ ਦੀ ਮੌਤ

ਨਵੀਂ ਦਿੱਲੀ 27 ਮਾਰਚ। ਦਿੱਲੀ ਦੇ ਸਾਹਦਰਾ ਦੇ ਸਾਸਤਰੀ ਨਗਰ ਇਲਾਕੇ 'ਚ ਸਥਿਤ ਇਕ ਰਿਹਾਇਸੀ ਇਮਾਰਤ 'ਚ ਵੀਰਵਾਰ ਤੜਕੇ ਭਿਆਨਕ ਅੱਗ ਲੱਗਣ ਕਾਰਨ ਦੋ ਬੱਚੀਆਂ ਅਤੇ ਜੋੜੇ ਦੀ ਦਮ ਘੁੱਟਣ ਨਾਲ ਮੌਤ ਹੋ ਗਈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਮਨੋਜ (30), ਉਸ ਦੀ ਪਤਨੀ ਸੁਮਨ (28), 5 ਅਤੇ 3 ਸਾਲ ਦੀਆਂ ਦੋ ਬੱਚੀਆਂ ਵਜੋਂ ਹੋਈ ਹੈ। ਇਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਕਿ ਸਾਨੂੰ ਹਸਪਤਾਲ ਤੋਂ ਸੂਚਨਾ ਮਿਲੀ ਹੈ ਕਿ 4 ਲੋਕਾਂ- ਦੋ ਕੁੜੀਆਂ ਅਤੇ ਇਕ ਜੋੜੇ ਦੀ ਦਮ ਘੁੱਟਣ ਨਾਲ ਮੌਤ ਹੋ ਗਈ ਹੈ। ਮਾਮਲੇ ਦੀ ਜਾਂਚ ਜਾਰੀ ਹੈ। ਪੁਲਸ ਨੇ ਦੱਸਿਆ ਕਿ ਸਵੇਰੇ 5.20 ਵਜੇ ਗੀਤਾ ਕਾਲੋਨੀ ਨੇੜੇ ਸਾਸਤਰੀ ਨਗਰ 'ਚ ਭਿਆਨਕ ਅੱਗ ਲੱਗਣ ਦੀ



ਸੂਚਨਾ ਮਿਲੀ, ਜਿਸ ਤੋਂ ਬਾਅਦ ਤੁਰੰਤ ਦਿੱਲੀ ਫਾਇਰ ਸਰਵਿਸ ਨੂੰ ਸੂਚਿਤ ਕੀਤਾ ਗਿਆ। ਅਧਿਕਾਰੀ ਨੇ ਦੱਸਿਆ ਕਿ ਸਥਾਨਕ ਪੁਲਸ ਦੀ ਇਕ ਟੀਮ, ਚਾਰ ਫਾਇਰ ਟੈਂਡਰ, ਇਕ ਐਂਬੂਲੈਂਸ ਅਤੇ ਇਕ ਪੀ. ਸੀ. ਆਰ. ਵੈਨ ਨੂੰ ਮੌਕੇ 'ਤੇ ਭੇਜਿਆ ਗਿਆ। ਪੁਲਸ ਨੇ ਦੱਸਿਆ ਕਿ ਜਿਸ ਇਮਾਰਤ 'ਚ ਅੱਗ ਲੱਗੀ, ਉਸ ਦੀਆਂ ਚਾਰ ਮੰਜ?ਿਲਾਂ ਹਨ ਅਤੇ ਜਮੀਨੀ ਮੰਜ?ਿਲ 'ਤੇ ਕਾਰ ਪਾਰਕਿੰਗ ਹੈ। ਉਨ੍ਹਾਂ ਦੱਸਿਆ ਕਿ ਅੱਗ ਪਾਰਕਿੰਗ ਤੋਂ ਸੁਰੂ ਹੋਈ ਅਤੇ ਧੂੰਆਂ ਪੂਰੀ ਇਮਾਰਤ ਵਿਚ ਫੈਲ ਗਿਆ। ਅਧਿਕਾਰੀ ਨੇ ਕਿਹਾ ਕਿ ਤੰਗ ਗਲੀ ਹੋਣ ਦੇ ਬਾਵਜੂਦ ਫਾਇਰ ਬ੍ਰਿਗੇਡ ਅਧਿਕਾਰੀ ਅੱਗ 'ਤੇ ਕਾਬੂ ਪਾਉਣ 'ਚ ਕਾਮਯਾਬ ਰਹੇ। ਬਚਾਅ ਕਰਮੀਆਂ ਨੇ ਤਿੰਨ ਪੁਰਸ਼ਾਂ, ਚਾਰ ਔਰਤਾਂ ਅਤੇ 2 ਬੱਚਿਆਂ ਸਮੇਤ ਕੁੱਲ 9 ਲੋਕਾਂ ਨੂੰ ਬਚਾਇਆ ਅਤੇ ਨਜਦੀਕੀ ਹਸਪਤਾਲ 'ਚ ਭੇਜਿਆ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਹਸਪਤਾਲ ਤੋਂ 2 ਬੱਚੀਆਂ ਇਕ ਜੋੜੇ ਸਮੇਤ4 ਲੋਕਾਂ ਦੀ ਦਮ ਘੁੱਟਣ ਨਾਲ ਮੌਤ ਦੀ ਜਾਣਕਾਰੀ ਮਿਲੀ ਹੈ। ਘਟਨਾ ਦੀ ਪੂਰੀ ਜਾਂਚ ਜਾਰੀ ਹੈ।

## ਭਾਖੜਾ ਨਹਿਰ ਦੇ ਕਿਨਾਰੇ ਦੀਆਂ ਟਾਈਲਾਂ ਬੈਠਣ ਨਾਲ ਪਿਆ ਪਾੜ

ਸ੍ਰੀ ਕੀਰਤਪੁਰ ਸਾਹਿਬ 27 ਮਾਰਚ। ਪਿੰਡ ਡਾਢੀ ਨਜ਼ਦੀਕ ਭਾਖੜਾ ਨਹਿਰ ਦੇ ਕਿਨਾਰੇ ਲੱਗੀਆਂ ਟਾਈਲਾਂ ਬੈਠਣ ਕਾਰਨ ਨਹਿਰ ਨੂੰ ਪਾੜ ਪੈ ਗਿਆ ਹੈ। ਪਿੰਡ ਡਾਢੀ ਦੇ ਲੋਕਾਂ ਨੂੰ ਜਦੋਂ ਭਾਖੜਾ ਨਹਿਰ ਦੀ ਸਾਈਡ ਬੈਠਣ ਬਾਰੇ ਪਤਾ ਲੱਗਾ ਤਾਂ ਉਹ ਕਾਫੀ ਘਬਰਾ ਗਏ ਅਤੇ ਉਹ ਭਾਖੜਾ ਨਹਿਰ ਵੱਲ ਬੈਠੀਆਂ ਸਲੈਬਾਂ ਵੇਖਣ ਲਈ ਚਲ ਪਏ। ਨਹਿਰ ਦੇ ਧਸੇ ਹਿੱਸੇ ਨੂੰ ਠੀਕ ਕਰਨ ਲਈ ਲਈ ਬੀ. ਬੀ. ਐੱਮ. ਬੀ. ਦੇ ਅਧਿਕਾਰੀ ਵੀ ਆਪਣੇ ਕਰਮਚਾਰੀਆਂ ਨੂੰ ਨਾਲ ਲੈ ਕੇ ਮੌਕੇ 'ਤੇ ਪਹੁੰਚ ਗਏ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਐਤਵਾਰ ਬਾਅਦ ਦੁਪਹਿਰ ਪਿੰਡ ਡਾਢੀ ਨਜ਼ਦੀਕ ਪਿੰਡ ਦੇ ਕੁਝ ਲੋਕਾਂ ਨੇ ਸ੍ਰੀ ਕੀਰਤਪੁਰ ਸਾਹਿਬ-ਰੋਪੜ ਕੌਮੀ ਮਾਰਗ ਵਾਲੀ ਸਾਈਡ ਭਾਖਡਾ ਨਹਿਰ ਕਿਨਾਰੇ 'ਤੇ ਲੱਗੀਆਂ ਟਾਈਲਾਂ ਬੈਠਨ ਕਾਰਨ ਨਹਿਰ ਨੂੰ ਪਏ ਹੋਏ ਪਾਡ ਨੂੰ ਵੇਖਿਆ, ਜਿਸ ਦੇ ਹੇਠਾਂ ਤੋਂ ਨਹਿਰ ਦਾ ਪਾਣੀ ਲਗਾਤਾਰ ਮਿੱਟੀ ਖੋਰ ਰਿਹਾ ਸੀ ਅਤੇ ਮਿੱਟੀ ਖੁਰਨ ਨਾਲ ਇਸ ਦੇ ਪਾਡ ਦਾ ਸਾਈਜ਼ ਵਧਦਾ ਜਾ ਰਿਹਾ ਸੀ। ਪਿੰਡ ਦੇ ਲੋਕਾਂ ਨੇ ਇਸ ਦੀ ਸੂਚਨਾ ਮਾਰਕੀਟ ਕਮੇਟੀ ਦੇ ਚੇਅਰਮੈਨ ਕਮਿੱਕਰ ਸਿੰਘ ਡਾਢੀ ਨੂੰ ਦਿੱਤੀ, ਜਿਨ੍ਹਾਂ ਵੱਲੋਂ ਤੁਰੰਤ ਬੀ. ਬੀ. ਐੱਮ. ਬੀ. ਦੇ ਅਧਿਕਾਰੀਆਂ ਦੇ ਨਾਲ ਸੰਪਰਕ ਕਰਕੇ ਇਸ ਬਾਰੇ ਦੱਸਿਆ ਗਿਆ, ਜਿੰਨਾਂ ਨੇ ਸੂਚਨਾ ਮਿਲਣ ਤੋਂ ਬਾਅਦ



ਮੌਕੇ 'ਤੇ ਆ ਕੇ ਨਹਿਰ ਨੂੰ ਪਏ ਹੋਏ ਪਾੜ ਨੂੰ ਰੇਤੇ ਦੀਆਂ ਬੋਰੀਆਂ ਨਾਲ ਭਰਨਾ ਸ਼ੁਰੂ ਕਰ ਦਿੱਤਾ। ਮੌਕੇ 'ਤੇ ਪੁੱਜੇ ਮਾਰਕੀਟ ਕਮੇਟੀ ਦੇ ਚੇਅਰਮੈਨ ਕਮਿੱਕਰ ਸਿੰਘ ਡਾਢੀ ਨੇ ਦੱਸਿਆ ਕਿ ਉਨ੍ਹਾਂ ਨੂੰ ਜਿਵੇਂ ਹੀ ਉਕਤ ਨਹਿਰ ਦੇ ਬੈਠਣ ਬਾਰੇ ਸੂਚਨਾ ਮਿਲੀ ਤਾਂ ਉਹ ਤੁਰੰਤ ਮੌਕੇ 'ਤੇ ਪਹੁੰਚ ਗਏ ਅਤੇ ਇਸ ਦੀ ਸਾਰੀ ਜਾਣਕਾਰੀ ਬੀ. ਬੀ. ਐੱਮ. ਬੀ. ਦੇ ਉੱਚ ਅਧਿਕਾਰੀਆਂ ਨੂੰ ਦਿੱਤੀ ਗਈ ਜਿਹੜੇ ਕਿ ਸੂਚਨਾ ਮਿਲਣ ਤੋਂ ਬਾਅਦ ਮੌਕੇ ਉਪਰ ਰਾਹਤ ਕਾਰਜ ਕਰਨ ਲਈ ਪਹੁੰਚ ਗਏ ਹਨ। ਮੌਕੇ ਤੇ ਪਹੁੰਚੇ ਬੀ. ਬੀ. ਐੱਮ. ਬੀ. ਦੇ ਜੇ. ਈ. ਰਾਕੇਸ਼ ਕੁਮਾਰ ਨੇ ਦੱਸਿਆ ਕਿ ਭਾਖੜਾ ਨਹਿਰ ਦੀ ਸਾਈਡ ਕਿਨਾਰੇ ਤੋਂ ਕੁਝ ਟਾਈਲਾਂ ਬੈਠੀਆਂ ਹਨ, ਜਿੰਨਾਂ ਨੂੰ ਸਹੀ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ, ਖ਼ਤਰੇ ਵਾਲੀ ਕੋਈ ਗੱਲ ਨਹੀਂ ਹੈ। ਮੌਕੇ ਤੇ ਪੁੱਜੇ ਬੀ. ਬੀ. ਐੱਮ. ਬੀ. ਦੇ ਐੱਸ. ਡੀ. ਓ. ਸਤਿੰਦਰ ਸਿੰਘ ਨੇ ਕਿਹਾ ਕਿ ਨਹਿਰ ਵਿਚ ਪਾਣੀ ਘੱਟ ਵੱਧ ਹੋਣ ਨਾਲ ਜਾਂ ਮੀਂਹ ਪੈਣ ਨਾਲ ਕਈ ਵਾਰ ਸਲੈਬਾਂ/ਟਾਈਲਾਂ ਬੈਠ ਜਾਂਦੀਆਂ ਹਨ ਹੁਣ ਜੋ ਟਾਈਲਾਂ ਬੈਠੀਆਂ ਹਨ, ਉਸ ਦਾ ਸਾਈਜ਼ ਇਕ ਸਲੈਬ ਜਿੰਨਾ ਕਰੀਬ 10 ਫੁੱਟ ਚੌੜਾ ਅਤੇ 10 ਫੁੱਟ ਲੰਮਾ ਹੈ, ਉਸ ਥਾਂ 'ਤੇ ਪਏ ਪਾੜ ਨੂੰ ਭਰਨ ਲਈ ਕਰੀਬ 150 ਰੇਤੇ ਦੀਆਂ ਬੋਰੀਆਂ ਲਗ ਜਾਣਗੀਆਂ। ਨਹਿਰ ਦੇ ਬੈਠੇ ਹਿੱਸੇ ਨੂੰ ਠੀਕ ਕਰ ਦਿੱਤਾ ਜਾਵੇਗਾ।

## ਇਕੋ ਘਰ 'ਚ 2 ਵਾਰ ਕੀਤਾ ਹੱਥ ਸਾਫ, ਫਿਰ ਵੀ ਫਰਾਰ ਹੋਣ 'ਚ ਹੋਇਆ ਕਾਮਯਾਬ

ਜਲੰਧਰ 27 ਮਾਰਚ। ਪੰਜਾਬ 'ਚ ਚੋਰਾਂ ਦੇ ਹੌਂਸਲੇ ਦਿਨੋ-ਦਿਨ ਬੁਲੰਦ ਹੁੰਦੇ ਜਾ ਰਹੇ ਹਨ। ਚੋਰ ਹਰ ਵਾਰ ਚੋਰੀ ਕਰਨ ਲਈ ਨਵੇਂ-ਨਵੇਂ ਹਥਕੰਡੇ ਅਪਣਾਉਂਦੇ ਹਨ। ਅਜਿਹਾ ਹੀ ਇਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ ਚੋਰ ਇਕ ਘਰ 'ਚ ਪਹਿਲਾਂ ਦਿਨ ਵੇਲੇ ਚੋਰੀ ਕਰਦਾ ਹੈ, ਤੇ ਫਿਰ ਆਪਣਾ ਕੋਈ ਸਾਮਾਨ ਲੈਣ ਦੁਬਾਰਾ ਉਸੇ ਘਰ ਵਾਪਸ ਪਹੁੰਚ ਜਾਂਦਾ ਹੈ। ਇਹ ਮਾਮਲਾ ਹੈ ਜਲੰਧਰ ਦੇ ਰਾਮਾ ਮੰਡੀ ਇਲਾਕੇ ਦੇ ਗੁਰੂ ਗੋਬਿੰਦ ਸਿੰਘ ਐਵੇਨਿਊ 'ਚ ਇਕ ਚੋਰ ਇਕ ਕੋਠੀ 'ਚ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਲਈ ਕੰਧ ਟੱਪ ਕੇ ਵੜਿਆ ਸੀ। ਉਹ ਪਹਿਲਾਂ ਦਿਨ ਵੇਲੇ ਚੋਰੀ ਕੇ ਸਾਮਾਨ ਲੈ ਕੇ ਫਰਾਰ ਹੋ ਗਿਆ। ਇਸ ਦੌਰਾਨ ਆਸੇ-ਪਾਸੇ ਦੇ ਲੋਕਾਂ ਨੂੰ ਪਤਾ ਲੱਗਿਆ ਤਾਂ ਉਹ ਚੋਰ ਨੂੰ ਫੜਨ ਲਈ ਘਰ ਦੇ ਬਾਹਰ ਖੜ੍ਹੇ ਸਨ, ਪਰ ਚੋਰ ਇੰਨਾ ਫੁਰਤੀਲਾ ਸੀ ਕਿ ਇਨ੍ਹਾਂ ਲੋਕਾਂ ਨੂੰ ਝਕਾਨੀ ਦੇ ਕੇ ਅੱਖੋਂ ਓਹਲੇ ਹੋ ਗਿਆ। ਫਿਰ ਕੁਝ ਸਮੇਂ ਬਾਅਦ ਹੀ ਉਹ ਚੋਰ ਦੁਬਾਰਾ ਕੱਪੜੇ ਬਦਲ ਕੇ ਉਸੇ ਘਰ 'ਚ ਮੁੜ ਦਾਖਲ ਹੋ ਗਿਆ। ਉਸ ਦਾ ਸ਼ਾਇਦ ਕੋਈ ਸਾਮਾਨ ਅੰਦਰ ਰਹਿ ਗਿਆ ਸੀ, ਜਿਸ ਨੂੰ ਲੈਣ ਉਹ ਵਾਪਸ ਉਸੇ ਘਰ 'ਚ ਦਾਖਲ ਹੋਇਆ ਸੀ। ਪਰ ਇਸ ਵਾਰ ਵੀ ਉਹ ਆਪਣਾ ਸਾਮਾਨ ਲੈ ਕੇ ਬੜੀ ਆਸਾਨੀ ਨਾਲ ਫਰਾਰ ਹੋ ਗਿਆ। ਇਸ ਘਟਨਾ ਦੀ ਸੀ.ਸੀ.ਟੀ.ਵੀ. ਫੁਟੇਜ ਲਗਾਤਾਰ ਅੱਗ ਵਾਂਗ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਜ?ਿਕਰਯੋਗ ਹੈ ਕਿ ਬੀਤੇ ਦਿਨੀਂ ਜਲੰਧਰ ਦੇ ਕਾਮੇਡੀਅਨ ਪਤੀਲਾ ਦੇ ਘਰ ਵੀ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਸੀ, ਜਿਸ ਦਾ ਮੁਲਜਮ ਹਾਲੇ ਤੱਕ ਵੀ ਪੁਲਸ ਦੀ ਗ੍ਰਿਫਤ ਤੋਂ ਬਾਹਰ ਹੀ ਚੱਲ ਰਿਹਾ ਹੈ। ਲਗਾਤਾਰ ਹੋ ਰਹੀਆਂ ਚੋਰੀ ਦੀਆਂ ਵਾਰਦਾਤਾਂ ਕਾਰਨ ਸ਼ਹਿਰ ਦੇ ਲੋਕਾਂ 'ਚ ਦਹਿਸ਼ਤ ਦਾ ਮਾਹੌਲ ਦੇਖਿਆ ਜਾ ਰਿਹਾ ਹੈ।

## ਬਜ਼ੁਰਗਾਂ ਦੀ ਦੇਖਭਾਲ ਲਈ ਮੁਲਾਜਮ ਮੁਹੱਈਆ ਕਰਵਾਉਣ ਵਾਲਾ ਜਾਅਲੀ ਏਜੰਸੀ ਵਾਲਾ ਗਿਰੋਹ ਸਰਗਰਮ

ਪਟਿਆਲਾ 27 ਮਾਰਚ। ਸ਼ਹਿਰ 'ਚ ਇਨ੍ਹੀਂ ਦਿਨੀਂ ਬਜ਼ੁਰਗਾਂ ਦੀ ਦੇਖਭਾਲ ਲਈ ਮੁਲਾਜਮ ਮੁਹੱਈਆ ਕਰਵਾਉਣ ਦੇ ਨਾਂ ਹੇਠ ਜਾਅਲੀ ਏਜੰਸੀ ਵਾਲਾ ਗਿਰੋਹ ਪੂਰੀ ਤਰ੍ਹਾਂ ਸਰਗਰਮ ਹੈ। ਇਸ ਮਾਮਲੇ 'ਚ ਹੀਰਾ ਨਗਰ ਦੇ ਰਹਿਣ ਵਾਲੇ ਇਕ ਪਰਿਵਾਰ ਤੋਂ 40 ਹਜ਼ਾਰ ਰੁਪਏ ਲੈ ਕੇ ਗਿਰੋਹ ਦੇ ਮੈਂਬਰ ਫਰਾਰ ਹੋ ਗਏ। ਜਾਣਕਾਰੀ ਦਿੰਦਿਆਂ ਪੀੜਤ ਵਿਅਕਤੀ ਨੇ ਦੱਸਿਆ ਕਿ ਉਸ ਦਾ ਪਰਿਵਾਰ ਵਿਦੇਸ਼ 'ਚ ਰਹਿੰਦਾ ਹੈ। ਉਸ ਦੀ ਮਾਤਾ ਪਟਿਆਲਾ ਹੀਰਾ ਨਗਰ ਵਿਖੇ ਉਨ੍ਹਾਂ ਦੇ ਜੱਦੀ ਮਕਾਨ 'ਚ ਰਹਿ ਰਹੀ ਹੈ। ਮਾਤਾ ਦੀ ਸਿਹਤ ਠੀਕ ਨਾ ਹੋਣ ਕਾਰਨ ਉਨ੍ਹਾਂ ਲਈ ਇਕ ਏਜੰਸੀ ਨਾਲ ਸੰਪਰਕ ਕਰ ਕੇ ਇਕ ਮਹਿਲਾ ਮੁਲਾਜਮ ਨੂੰ ਨੌਕਰੀ 'ਤੇ ਰੱਖਿਆ। ਏਜੰਸੀ ਵਾਲਿਆਂ ਦੇ 2 ਵਿਅਕਤੀ ਜਿਨ੍ਹਾਂ 'ਚ ਇਕ ਮਹਿਲਾ ਵੀ ਸ਼ਾਮਲ ਸੀ, ਉਨ੍ਹਾਂ ਦੇ ਘਰ ਪਹੁੰਚੀ ਤੇ ਉਨ੍ਹਾਂ ਆਉਂਦਿਆਂ ਹੀ ਆਪਣਾ ਆਧਾਰ ਕਾਰਡ, ਏਜੰਸੀ ਦਾ ਲੈਟਰ ਪੈਡ ਦਿਖਾਇਆ। ਉਸ ਲੈਟਰ ਪੈਡ 'ਤੇ ਸਮੁੱਚਾ ਐਗਰੀਮੈਂਟ ਕੀਤਾ। ਇਸ ਦੇ ਬਦਲੇ ਉਨ੍ਹਾਂ ਨੇ 15 ਹਜ਼ਾਰ ਰੁਪਏ ਕਮਿਸ਼ਨ ਤੇ 25 ਹਜ਼ਾਰ ਰੁਪਏ 2 ਮਹੀਨਿਆਂ ਦੀ ਤਨਖਾਹ ਐਡਵਾਂਸ 'ਚ ਲੈ ਲਈ ਅਤੇ ਜਾਂਦਿਆਂ ਹੋਇਆ ਇਕ ਮਹਿਲਾ ਨੂੰ ਉਨ੍ਹਾਂ ਦੇ ਘਰ ਛੱਡ ਦਿੱਤਾ ਅਤੇ ਆਪ ਉਹ ਚਲੇ ਗਏ। ਕੁੱਝ ਦੇਰ ਬਾਅਦ ਜਦੋਂ ਉਨ੍ਹਾਂ ਨੇ ਕਿਹਾ ਕਿ ਮੈਂ ਰੱਖੀ ਗਈ ਮਹਿਲਾ ਮੁਲਾਜਮ ਸਬੰਧੀ ਪੁਲਸ ਥਾਣੇ 'ਚ ਜਾਣਕਾਰੀ ਦੇਣ ਲਈ ਜਾ ਰਹੇ ਹਨ ਤਾਂ ਕੁਝ ਦੇਰ ਵਿਚ ਹੀ ਮਾਰਕਿਟ ਜਾਣ ਦਾ ਬਹਾਨਾ ਬਣਾ ਕੇ ਉਹ ਮਹਿਲਾ ਵੀ ਫਰਾਰ ਹੋ ਗਈ। ਬਾਅਦ 'ਚ ਏਜੰਸੀ ਦਾ ਵਾ ਕੁਝ ਅਤਾ ਪਤਾ ਨਹੀਂ ਲੱਗਿਆ।

# ਕਪਾਹ ਉਤਪਾਦਨ ਵੱਧ ਕੇ 309.70 ਲੱਖ ਗੰਢ ਰਹਿਣ ਦਾ ਅੰਦਾਜਾ

ਜੈਤੋ 27 ਮਾਰਚ। ਕਾਟਨ ਐਸੋਸੀਏਸ਼ਨ ਆਫ ਇੰਡੀਆ (ਸੀ. ਏ. ਆਈ.) ਦੀ ਰਾਸ਼ਟਰੀ ਫਸਲ ਉਤਪਾਦਨ ਕਮੇਟੀ ਦੀ ਬੈਠਕ ਐਸੋਸੀਏਸ਼ਨ ਦੇ ਰਾਸ਼ਟਰੀ ਪ੍ਰਧਾਨ ਅਤੁਲ ਭਾਈ ਗਣਤਰਾ ਦੀ ਪ੍ਰਧਾਨਗੀ 'ਚ ਮੁੰਬਈ 'ਚ ਹੋਈ। ਸੂਤਰਾਂ ਅਨੁਸਾਰ ਬੈਠਕ 'ਚ ਪੂਰੇ ਕੱਪੜਾ ਉਦਯੋਗ ਦੇ ਸਾਰੇ 58 ਮੈਂਬਰ ਸ਼ਾਮਲ ਹੋਏ। ਬੈਠਕ 'ਚ ਦੇਸ਼ ਦੇ ਕਪਾਹ ਉਤਪਾਦਨ, ਆਮਦ, ਖਪਤ, ਅਨਸੋਲਡ ਸਟਾਕ, ਦਰਾਮਦ ਅਤੇ ਬਰਾਮਦ ਆਦਿ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਬੈਠਕ 'ਚ ਚਾਲੂ ਕਪਾਹ ਸੀਜਨ ਦੌਰਾਨ ਭਾਰਤੀ ਕਪਾਹ ਉਤਪਾਦਨ 294.10 ਲੱਖ ਗੰਢ ਤੋਂ ਵੱਧ ਕੇ 309.70 ਲੱਖ ਗੰਢ ਹੋਣ ਦਾ ਅੰਦਾਜਾ ਪ੍ਰਗਟਾਇਆ ਗਿਆ ਹੈ ਭਾਵ 15.60 ਲੱਖ ਵਧਾ ਕੇ 170 ਕਿਲੋ ਪ੍ਰਤੀ ਗੰਢ ਕੀਤਾ ਗਿਆ ਹੈ। 1 ਅਕਤੂਬਰ ਤੋਂ 29 ਫਰਵਰੀ ਤੱਕ 226.82 ਲੱਖ 170 ਕਿਲੋ ਕਪਾਹ ਪ੍ਰਾਸੈਸਿੰਗ ਦੀ ਆਮਦ ਹੋਈ ਹੈ। ਫਰਵਰੀ ਮਹੀਨੇ 'ਚ ਦਬਾਅ 49.67 ਲੱਖ ਗੰਢ ਸੀ, ਰੋਜਾਨਾ ਔਸਤ ਆਮਦ 1.72 ਲੱਖ ਗੰਢ ਸੀ। 29 ਫਰਵਰੀ ਤੱਕ ਕਪਾਹ ਦਰਾਮਦ ਦਾ ਅੰਦਾਜਾ 1.60 ਲੱਖ ਗੰਢ



ਘਟਾ ਕੇ 22 ਲੱਖ ਗੱਢ ਤੋਂ 20.40 ਲੱਖ ਗੰਢ ਕੀਤਾ ਗਿਆ, 4 ਲੱਖ ਗੰਢ ਦਰਾਮਦ ਸ਼ਿਪਮੈਂਟ ਆ ਚੁੱਕਾ ਹੈ, ਜਦੋਂਕਿ ਕਪਾਹ ਬਰਾਮਦ 14 ਲੱਖ ਗੰਢ ਤੋਂ 8 ਲੱਖ ਗੰਢ ਵੱਧ ਕੇ 22 ਲੱਖ ਗੰਢ ਹੋ ਗਿਆ ਹੈ। ਬੈਠਕ 'ਚ ਕਮੇਟੀ ਨੂੰ ਆਸ ਹੈ ਕਿ 29 ਫਰਵਰੀ ਤੱਕ ਕਪਾਹ ਦੀ ਬਰਾਮਦ ਸ਼ਿਪਮੈਂਟ ਲਗਭਗ 15 ਲੱਖ ਗੰਢ ਪੂਰੀ ਹੋ ਗਈ ਹੈ। ਕਪਾਹ ਦੀ ਖਪਤ 6 ਲੱਖ ਗੰਢ ਵਧ ਕੇ 311 ਤੋਂ 317 ਲੱਖ ਗੰਢ ਹੋ ਗਈ। ਕਪਾਹ ਦੀ ਵੱਧ ਖਪਤ ਅਤੇ ਬਰਾਮਦ ਕਾਰਨ ਸੀ. ਏ. ਆਈ. ਦੀ ਅਕਤੂਬਰ ਮਹੀਨੇ ਦੀ ਰਿਪੋਰਟ 'ਚ ਪਹਿਲਾ ਅੰਦਾਜਾ ਭਾਰਤੀ ਬੈਲੇਂਸ ਸ਼ੀਟ ਆਸ ਤੋਂ ਵੱਧ ਸਖਤ ਹੋਵੇਗੀ। ਕਪਾਹ ਦੀ ਤੰਗ ਬੈਲੇਂਸ ਸ਼ੀਟ ਕਾਰਨ ਭਾਰਤ ਨੂੰ ਮਿੱਲਾਂ ਚਲਾਉਣ ਲਈ ਵੱਡੀ ਮਾਤਰਾ 'ਚ ਕਪਾਹ ਦੀ ਦਰਾਮਦ ਕਰਨੀ ਪੈਂਦੀ ਹੈ। ਫਰਵਰੀ ਮਹੀਨੇ 'ਚ ਭਾਰਤੀ ਸਪਿਨਿੰਗ ਮਿੱਲਾਂ 'ਚ ਕਪਾਹ ਦੀ ਖਪਤ 1 ਅਕਤੂਬਰ 23 ਤੋਂ 29 ਫਰਵਰੀ 24 ਤੱਕ 27.5 ਲੱਖ ਗੰਢ ਰਹੀ। ਇਨ੍ਹਾਂ 5 ਮਹੀਨਿਆਂ 'ਚ ਕਪਾਹ ਦੀ ਖਪਤ 137.50 ਲੱਖ 170 ਕਿਲੋ ਗੰਢ ਰਹਿਣ ਦਾ ਅੰਦਾਜਾ ਲਾਇਆ ਗਿਆ ਹੈ। ਬੈਠਕ 'ਚ ਭਾਰਤੀ ਕਪਾਹ ਨਿਗਮ (ਸੀ. ਸੀ. ਆਈ.) ਨੇ 29 ਫਰਵਰੀ ਤੱਕ ਲਗਭਗ 33 ਲੱਖ ਗੰਢ ਦੀ ਖਰੀਦ ਕੀਤੀ ਹੈ।

## ਪੰਜਾਬ ਦੇ ਸਰਕਾਰੀ ਸਕੂਲਾਂ ਦਾ ਬਦਲਿਆ ਸਮਾਂ

ਚੰਡੀਗੜ੍ਹ 27 ਮਾਰਚ। ਪੰਜਾਬ ਦੇ ਸਕੂਲਾਂ 'ਚ ਅਪ੍ਰੈਲ ਤੋਂ ਸ਼ੁਰੂ ਹੋ ਰਹੇ ਨਵੇਂ ਸੈਸ਼ਨ ਲਈ ਸਿੱਖਿਆ ਵਿਭਾਗ ਨੇ ਪੂਰੀ ਤਿਆਰੀ ਕਰ ਲਈ ਹੈ। ਜਿੱਥੇ 28 ਮਾਰਚ ਨੂੰ ਸੂਬੇ ਦੇ ਸਕੂਲਾਂ 'ਚ ਪੀ. ਟੀ. ਐੱਮ. ਹੋਵੇਗੀ, ਉੱਥੇ ਹੀ 1 ਅਪ੍ਰੈਲ ਤੋਂ ਸਕੂਲਾਂ ਦਾ ਸਮਾਂ ਬਦਲ ਜਾਵੇਗਾ। ਸਿੱਖਿਆ ਵਿਭਾਗ ਦੇ ਅਕਾਦਮਿਕ ਕੈਲੰਡਰ ਮੁਤਾਬਕ ਪ੍ਰਾਇਮਰੀ ਸਕੂਲਾਂ ਦਾ ਸਮਾਂ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਵੇਗਾ, ਜਦੋਂ ਕਿ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦਾ ਸਮਾਂ ਸਵੇਰੇ 8 ਵਜੇ ਤੋਂ ਦੁਪਹਿਰ 2.00 ਵਜੇ ਤੱਕ ਹੋਵੇਗਾ। ਦੱਸਿਆ ਜਾ ਰਿਹਾ ਹੈ ਕਿ ਸਤੰਬਰ ਮਹੀਨੇ ਤੱਕ ਸਕੂਲਾਂ ਦਾ ਸਮਾਂ ਇਹ ਹੀ ਰਹੇਗਾ। ਜ?ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪ੍ਰਾਇਮਰੀ ਸਕੂਲਾਂ ਦਾ ਸਮਾਂ ਸਵੇਰੇ 8 ਵਜੇ ਤੋਂ ਦੁਪਹਿਰ 2.30 ਤੱਕ ਹੁੰਦਾ ਸੀ, ਜਦੋਂ ਕਿ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦਾ ਸਮਾਂ ਸਵੇਰੇ 8.30 ਵਜੇ ਤੋਂ ਦੁਪਹਿਰ 2.50 ਵਜੇ ਤੱਕ ਹੁੰਦਾ ਸੀ। ਫਿਲਹਾਲ ਸਿੱਖਿਆ ਵਿਭਾਗ ਵਲੋਂ 20 ਮਾਰਚ ਤੱਕ ਸਕੂਲਾਂ ਨੂੰ ਨਤੀਜੇ ਤਿਆਰ ਕਰਨ ਲਈ ਕਿਹਾ ਗਿਆ ਸੀ। ਹੁਣ 28 ਮਾਰਚ ਨੂੰ ਮੈਗਾ ਪੀ. ਟੀ. ਐੱਮ. ਰੱਖੀ ਗਈ ਹੈ, ਜਿਸ ਦਾ ਸਮਾਂ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਵੇਗਾ।

## ਬ੍ਰਾਂਡੇਡ ਕੰਪਨੀ ਦੇ ਨਾਮ 'ਤੇ ਨਕਲੀ ਬਾਸਮਤੀ ਵੇਚਣ ਵਾਲੀਆਂ 3 ਫਰਮਾਂ 'ਤੇ ਪਰਚਾ ਦਰਜ

ਤਰਨਤਾਰਨ 27 ਮਾਰਚ। ਤਰਨਤਾਰਨ ਜ਼ਿਲ੍ਹੇ ਦੇ ਪਿੰਡ ਕੱਦਗਿਲ ਵਿਖੇ ਮੌਜੂਦ ਚਾਵਲ ਐਕਸਪੋਰਟਰ ਬਾਬਾ ਨਾਗਾ ਐਗਰੋ ਪ੍ਰਾਈਵੇਟ ਲਿਮਿਟਡ ਕੰਪਨੀ ਅਤੇ ਅਬੀਦਾ ਬਾਸਮਤੀ ਚਾਵਲ ਦੇ ਚੇਅਰਮੈਨ ਸੁਨੀਲ ਕੁਮਾਰ ਚੱਢਾ ਨੇ ਆਪਣੇ ਦਫਤਰ ਵਿਖੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਵਲੋਂ ਬਾਸਮਤੀ ਚਾਵਲ ਨੂੰ ਦੇਸ਼ ਭਰ ਤੋਂ ਇਲਾਵਾ ਵਿਦੇਸ਼ਾਂ 'ਚ ਭੇਜਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਹੈਦਰਾਬਾਦ ਵਿਖੇ ਉਨ੍ਹਾਂ ਦੇ ਕੰਪਨੀ ਸੇਲ ਅਫਸਰ ਰੋਹਿਤ ਤਿਵਾਰੀ ਵੱਲੋਂ ਵੱਖ-ਵੱਖ ਇਲਾਕਿਆਂ ਵਿਚ ਵੇਖਿਆ ਗਿਆ ਕਿ ਉਨ੍ਹਾਂ ਦੇ ਨਾਮੀ ਬ੍ਰਾਂਡ ਬਾਬਾ ਨਾਗਾ ਐਗਰੋ ਪ੍ਰਾਈਵੇਟ ਲਿਮਿਟਡ ਵੱਲੋਂ ਤਿਆਰ ਕੀਤੇ ਗਏ ਬਾਸਮਤੀ ਚਾਵਲ "ਅਬੀਦਾ" ਦੀ ਨਕਲੀ ਪੈਕਿੰਗ ਬਾਜ਼ਾਰ ਵਿਚ ਵੇਚੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਨਕਲੀ ਪੈਕਿੰਗ ਨੂੰ ਵੱਖ-ਵੱਖ ਪੈਕਟਾਂ 'ਚ ਤਿਆਰ ਕਰਦੇ ਹੋਏ ਗਾਹਕਾਂ ਨੂੰ ਵੇਚਿਆ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਕੰਪਨੀ ਦੇ ਸੇਲ ਅਫਸਰ ਰੋਹਿਤ ਤਿਵਾੜੀ ਨੇ ਹੈਦਰਾਬਾਦ ਇਲਾਕੇ ਦੇ ਸ਼ਾਹਪੁਰ ਨਗਰ ਮਾਰਕੀਟ ਵਿਚ ਸ਼ੁਭ ਲਕਸ਼ਮੀ ਟਰੇਡਰ ਵੱਲੋਂ ਬੀਤੇ ਕਰੀਬ ਦੋ ਮਹੀਨਿਆਂ ਤੋਂ ਹੱਥ



ਨਾਲ ਪੈਕ ਕੀਤੇ ਗਏ ਥੈਲਿਆਂ 'ਚ ਪਾਈ ਨਕਲੀ ਬਾਸਮਤੀ ਨੂੰ ਵੇਚਿਆ ਜਾ ਰਿਹਾ ਸੀ ਅਤੇ ਅਬੀਦਾ ਕੰਪਨੀ ਨੂੰ ਬਦਨਾਮ ਕੀਤਾ ਜਾ ਰਿਹਾ ਸੀ। ਸੁਨੀਲ ਕੁਮਾਰ ਨੇ ਦੱਸਿਆ ਕਿ ਇਸੇ ਤਰ੍ਹਾਂ ਸ੍ਰੀ ਮਹਿਮਾ ਐਂਟਰਪਰਾਈਜ਼ ਮਹਾਰਾਜ ਗੰਜ ਫਰਮ ਵੱਲੋਂ ਵੱਖ-ਵੱਖ ਥੈਲਿਆਂ 'ਚ ਪੈਕ ਕਰਦੇ ਹੋਏ ਬਾਸਮਤੀ ਚਾਵਲ ਬਾਬਾ ਨਾਗਾ ਦੇ ਨਾਮ ਉੱਪਰ ਵੇਚੇ ਜਾ ਰਹੇ ਸਨ। ਇਸੇ ਇਲਾਕੇ 'ਚ ਮੈਨੇਜਰ ਸੁਨੀਲ ਤਿਵਾਰੀ ਵੱਲੋਂ ਨਕਲੀ ਬਾਸਮਤੀ ਵੇਚਣ ਵਾਲੇ ਦੁਕਾਨ ਮਾਲਕ ਗੋਬਿੰਦ ਰਾਮ ਪਾਸੋਂ ਜਦੋਂ ਸਵਾਲ ਪੁੱਛੇ ਗਏ ਤਾਂ ਉਸ ਵੱਲੋਂ ਕੋਈ ਵੀ ਜਾਣਕਾਰੀ ਨਹੀਂ ਦਿੱਤੀ ਗਈ। ਸੁਨੀਲ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਨਕਲੀ ਬਾਸਮਤੀ ਵੇਚਣ ਦੇ ਮਾਮਲੇ 'ਚ ਪੁਲਸ ਵੱਲੋਂ ਕਾਰਵਾਈ ਕਰਦੇ ਹੋਏ ਉਕਤ ਤਿੰਨ ਫਰਮਾਂ ਦੇ ਖਿਲਾਫ ਮਾਮਲਾ ਦਰਜ ਕਰ ਵੱਡੀ ਮਾਤਰਾ ਵਿਚ ਨਕਲੀ ਬਾਸਮਤੀ ਕਬਜ਼ੇ 'ਚ ਲੈ ਲਈ ਗਈ ਹੈ।

## ਰਿਸ਼ਤੇਦਾਰਾਂ ਨਾਲ ਗਲੀ 'ਚ ਹੋਲੀ ਖੇਡ ਰਹੀ ਸੀ 16 ਸਾਲਾ ਕੁੜੀ, ਅਚਾਨਕ ਪੈ ਗਈਆਂ ਭਾਜੜਾਂ

ਖੰਨਾ 27 ਮਾਰਚ। ਖੰਨਾ 'ਚ ਹੋਲੀ ਖੇਡ ਰਹੀ ਕੁੜੀ ਨਾਲ ਉਸ ਵੇਲੇ ਵੱਡੀ ਵਾਰਦਾਤ ਵਾਪਰੀ, ਜਦੋਂ ਉਸ ਨੂੰ ਪਾਗਲ ਕੁੱਤੇ ਨੇ ਬੁਰੀ ਤਰ੍ਹਾਂ ਵੱਢ ਲਿਆ। ਲਹੂ-ਲੁਹਾਨ ਕੁੜੀ ਨੂੰ ਤੁਰੰਤ ਸਿਵਲ ਹਸਪਤਾਲ 'ਚ ਦਾਖਲ ਕਰਾਇਆ ਗਿਆ ਅਤੇ ਬੜੀ ਮੁਸ਼ਕਲ ਨਾਲ ਉਸ ਦੀ ਜਾਨ ਬਚਾਈ ਗਈ। ਜਾਣਕਾਰੀ ਮੁਤਾਬਕ ਆਜਾਦ ਨਗਰ ਵਾਸੀ ਨੈਣਾ (16) ਆਪਣੇ ਰਿਸ਼ਤੇਦਾਰਾਂ ਨਾਲ ਹੋਲੀ ਖੇਡ ਰਹੀ ਸੀ। ਇਸ ਦੌਰਾਨ ਗਲੀ 'ਚ ਇਕ ਪਾਗਲ ਕੁੱਤੇ ਨੇ ਨੈਣਾ ਨੂੰ ਵੱਢ ਲਿਆ ਅਤੇ ਉਸ ਦੇ ਚਿਹਰੇ ਨੂੰ ਬੁਰੀ ਤਰ੍ਹਾਂ ਨੋਚ ਦਿੱਤਾ। ਜਦੋਂ ਪਾਗਲ ਕੁੱਤਾ ਨੈਣਾ ਨੂੰ ਬੁਰੀ ਤਰ੍ਹਾਂ ਵੱਢ ਰਿਹਾ ਸੀ ਤਾਂ ਨੈਣਾ ਨੇ ਕੋਲ ਪਈ ਇੱਟ ਕੁੱਤੇ ਦੇ ਮਾਰੀ ਅਤੇ ਆਪਣੀ ਜਾਨ ਬਚਾਈ। ਇਸ ਤੋਂ ਬਾਅਦ ਨੈਣਾ ਦੇ ਰਿਸ਼ਤੇਦਾਰ ਤੁਰੰਤ ਉਸ ਨੂੰ ਹਸਪਤਾਲ ਲੈ ਕੇ ਗਏ। ਹਸਪਤਾਲ 'ਚ ਐਮਰਜੈਂਸੀ ਡਿਊਟੀ 'ਤੇ ਤਾਇਨਾਤ ਡਾ. ਨਵਦੀਪ ਜੱਸਲ ਨੇ ਦੱਸਿਆ ਕਿ ਨੈਣਾ ਦੇ ਚਿਹਰਾ ਦੇ ਕਾਫੀ ਹਿੱਸਾ ਕੁੱਤੇ ਨੇ ਵੱਢ ਲਿਆ ਹੈ। ਫਿਲਹਾਲ ਰਿਸ਼ਤੇਦਾਰਾਂ ਨੇ ਨੈਣਾ ਦੇ ਮਾਤਾ-ਪਿਤਾ ਨੂੰ ਇਸ ਬਾਰੇ ਸੂਚਿਤ ਕਰ ਦਿੱਤਾ ਹੈ।

## ਰਿਸ਼ਤੇਦਾਰ ਦੇ ਭੋਗ ਤੋਂ ਪਰਤਦਿਆਂ ਪਰਿਵਾਰ ਨਾਲ ਵਾਪਰ ਗਿਆ ਭਾਣਾ

ਫਿਰੋਜਪੁਰ 27 ਮਾਰਚ। ਫਿਰੋਜਪੁਰ ਵਿਚ ਦਰਦਨਾਕ ਸੜਕ ਹਾਦਸੇ ਵਿਚ ਮਾਂ ਧੀ ਦੀ ਮੌਤ ਹੋਣ ਦੀ ਮੰਦਭਾਗੀ ਖਬਰ ਮਿਲੀ ਹੈ। ਦੱਸਿਆ ਜਾ ਰਿਹਾ ਹੈ ਕਿ ਫਿਰੋਜਪੁਰ ਦੇ ਕਸੂਰੀ ਗੇਟ ਨੇੜੇ ਮਾਂ-ਧੀ ਦੀ ਟਿੱਪਰ ਦੀ ਲਪੇਟ ਵਿਚ ਆਉਣ ਨਾਲ ਮੌਤ ਹੋ ਗਈ। ਉਹ ਕਿਸੇ ਰਿਸ਼ਤੇਦਾਰ ਦੀ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਲਈ ਗਈਆਂ ਸਨ, ਪਰ ਵਾਪਸ ਪਰਤਦਿਆਂ ਤੇਜ ਰਫਤਾਰ ਟਿੱਪਰ ਨੇ ਉਨ੍ਹਾਂ ਨੂੰ ਦਰੜ ਦਿੱਤਾ। ਮ੍ਰਿਤਕਾਂ ਦੀ ਪਛਾਣ ਸੀਮਾ (40) ਅਤੇ ਸਿਮਰਨ (8) ਵਾਸੀ ਪਿੰਡ ਦੁਲਚੀਕੇ ਵਜੋਂ ਹੋਈ ਹੈ। ਹਾਦਸੇ ਵਿਚ ਸੀਮਾ ਦਾ ਜੀਜਾ ਵੀ ਗੰਭੀਰ ਜਖਮੀ ਹੋ ਗਿਆ। ਮਾਂ-ਧੀ ਦੀ ਮੌਤ ਦੀ ਖਬਰ ਨਾਲ ਪਰਿਵਾਰ ਵਿਚ ਮਾਤਮ ਛਾ ਗਿਆ ਹੈ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਥਾਣਾ ਸਿਟੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਬਣਦੀ ਕਾਰਵਾਈ ਸ਼ੁਰੂ ਕਰ ਦਿੱਤੀ। ਪੁਲਸ ਵੱਲੋਂ ਲਾਸ਼ਾਂ ਨੂੰ ਕਬਜੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

# ਗੈਂਗਸਟਰ ਗੋਪੀ ਲਾਹੋਰੀਆ ਦਾ ਸਾਥੀ ਅਸਲੇ ਸਮੇਤ ਕਾਬੂ, ਇਕ ਦਿਨ ਦਾ ਪੁਲਸ ਰਿਮਾਂਡ

ਮੋਗਾ 27 ਮਾਰਚ। ਜ਼ਿਲ੍ਹਾ ਪੁਲਸ ਮੁਖੀ ਵਿਵੇਕਸ਼ੀਲ ਸੋਨੀ ਨੇ ਦੱਸਿਆ ਕਿ ਮੋਗਾ ਪੁਲਸ ਵੱਲੋਂ ਗੈਂਗਸਟਰਾਂ ਨਾਲ ਸਬੰਧ ਰੱਖਣ ਵਾਲੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਚਲਾਈ ਗਈ ਮੁਹਿੰਮ ਤਹਿਤ ਕੈਨੇਡਾ ਰਹਿੰਦੇ ਕਥਿਤ ਗੈਂਗਸਟਰ ਦਵਿੰਦਰਪਾਲ ਸਿੰਘ ਉਰਫ ਗੋਪੀ ਲਾਹੋਰੀਆ ਦੇ ਸਾਥੀ ਗੁਰਪ੍ਰੀਤ ਸਿੰਘ ਉਰਫ਼ ਗੋਪੀ ਨਿਵਾਸੀ ਮੋਗਾ ਨੂੰ ਕਾਬੂ ਕਰ ਕੇ ਉਸ ਕੋਲੋਂ ਅਸਲਾ ਬਰਾਮਦ ਕੀਤਾ। ਉਨ੍ਹਾਂ ਕਿਹਾ ਕਿ ਐੱਸ. ਪੀ. ਆਈ. ਬਾਲ ਕ੍ਰਿਸ਼ਨ ਸਿੰਗਲਾ, ਡੀ. ਐੱਸ. ਪੀ. ਆਈ. ਹਰਿੰਦਰ ਸਿੰਘ ਡੋਡ ਦੀ ਅਗਵਾਈ ਹੇਠ ਜਦੋਂ ਸੀ. ਆਈ. ਏ. ਸਟਾਫ਼ ਮੋਗਾ ਦੇ ਇੰਚਾਰਜ ਇੰਸਪੈਕਟਰ ਦਲਜੀਤ ਸਿੰਘ ਦੀ ਅਗਵਾਈ ਵਿਚ ਸਹਾਇਕ ਥਾਣੇਦਾਰ ਗੁਰਜੀਤ ਸਿੰਘ ਪੁਲਸ ਪਾਰਟੀ ਸਮੇਤ ਇਲਾਕੇ ਵਿਚ ਗਸ਼ਤ ਕਰਦੇ ਹੋਏ ਚੜਿੱਕ ਰੋਡ ਜੀ. ਟੀ. ਰੋਡ ਮੋਗਾ-ਬਾਘਾ ਪੁਰਾਣਾ 'ਤੇ ਜਾ ਰਹੇ ਸੀ ਤਾਂ ਉਨ੍ਹਾਂ ਨੂੰ ਗੁਪਤ ਸੂਤਰਾਂ ਤੋਂ ਜਾਣਕਾਰੀ ਮਿਲੀ ਕਿ ਕਥਿਤ ਗੈਂਗਸਟਰ ਦਵਿੰਦਰਪਾਲ ਸਿੰਘ ਉਰਫ ਗੋਪੀ ਲਾਹੋਰੀਆ ਨਿਵਾਸੀ ਮੋਗਾ ਜੋ ਕੈਨੇਡਾ ਰਹਿੰਦਾ ਹੈ, ਨੇ ਆਪਣੇ ਸਾਥੀ ਗੁਰਪ੍ਰੀਤ ਸਿੰਘ ਉਰਫ ਗੋਪੀ ਨਿਵਾਸੀ ਬੁੱਕਣ ਵਾਲਾ ਰੋਡ ਮੋਗਾ ਨੂੰ ਵਾਰਦਾਤਾਂ ਕਰਵਾਉਣ ਲਈ ਨਾਜਾਇਜ਼ ਅਸਲੇ ਸਪਲਾਈ ਕਰਵਾਏ ਹਨ। ਅੱਜ ਉਹ ਚੁੰਗੀ ਨੰਬਰ 3 ਮੋਗਾ ਤੋਂ ਥੋੜਾ ਅੱਗੇ ਕੋਟਕਪੂਰਾ ਰੋਡ 'ਤੇ ਬਾਬਾ ਮੱਲਣ ਸ਼ਾਹ ਦੀ ਦਰਗਾਹ ਨੂੰ ਜਾਂਦੇ ਰਸਤੇ ਕੋਲ ਖੜ੍ਹਾ ਕਿਸੇ ਦੀ ਉਡੀਕ ਕਰ ਰਿਹਾ ਹੈ ਜੇਕਰ ਛਾਪੇਮਾਰੀ ਕੀਤੀ ਜਾਵੇ ਤਾਂ ਉਹ ਅਸਲੇ ਸਮੇਤ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਦੱਸੀ ਗਈ ਜਗ੍ਹਾ 'ਤੇ ਛਾਪੇਮਾਰੀ ਗੁਪਤ ਸੂਤਰਾਂ ਤੋਂ ਜਾਣਕਾਰੀ ਮਿਲੀ ਕਿ ਕਥਿਤ ਗੈਂਗਸਟਰ ਦਵਿੰਦਰਪਾਲ ਸਿੰਘ ਉਰਫ




ਗੋਪੀ ਲਾਹੋਰੀਆ ਨਿਵਾਸੀ ਮੋਗਾ ਜੋ ਕੈਨੇਡਾ ਰਹਿੰਦਾ ਹੈ, ਨੇ ਆਪਣੇ ਸਾਥੀ ਗੁਰਪ੍ਰੀਤ ਸਿੰਘ ਉਰਫ ਗੋਪੀ ਨਿਵਾਸੀ ਬੁੱਕਣ ਵਾਲਾ ਰੋਡ ਮੋਗਾ ਨੂੰ ਵਾਰਦਾਤਾਂ ਕਰਵਾਉਣ ਲਈ ਨਾਜਾਇਜ਼ ਅਸਲੇ ਸਪਲਾਈ ਕਰਵਾਏ ਹਨ। ਅੱਜ ਉਹ ਚੁੰਗੀ ਨੰਬਰ 3 ਮੋਗਾ ਤੋਂ ਥੋੜਾ ਅੱਗੇ ਕੋਟਕਪੂਰਾ ਰੋਡ 'ਤੇ ਬਾਬਾ ਮੱਲਣ ਸ਼ਾਹ ਦੀ ਦਰਗਾਹ ਨੂੰ ਜਾਂਦੇ ਰਕਰ ਕੇ ਗੁਰਪ੍ਰੀਤ ਸਿੰਘ ਉਰਫ ਗੋਪੀ ਨੂੰ ਕਾਬੂ ਕੀਤਾ, ਜਿਸ ਕੋਲੋਂ ਦੋ ਦੇਸੀ ਪਿਸਤੌਲ 32 ਬੋਰ ਸਮੇਤ ਕਾਰਤੂਸ ਅਤੇ ਇਕ ਦੇਸੀ ਕੱਟਾ 315 ਬੋਰ ਸਮੇਤ ਇਕ ਕਾਰਤੂਸ ਬਰਾਮਦ ਕੀਤੇ ਗਏ। ਕਥਿਤ ਮੁਲਜ਼ਮ ਖ਼ਿਲਾਫ ਥਾਣਾ ਸਿਟੀ ਸਾਊਥ ਵਿਚ ਅਸਲਾ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਉਕਤ ਮਾਮਲੇ ਵਿਚ ਦੋ ਹੋਰ ਵਿਅਕਤੀਆਂ ਨੂੰ ਵੀ ਨਾਮਜ਼ਦ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਸਾਰਿਆਂ ਨੇ ਮਿਲ ਕੇ ਮੋਗਾ ਜ਼ਿਲ੍ਹੇ ਤੋਂ ਬਾਹਰਲੇ ਜ਼ਿਲ੍ਹੇ ਵਿਚ ਕਿਸੇ ਵਿਅਕਤੀ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਸੀ ਪਰ ਪੁਲਸ ਨੇ ਦਬੋਚ ਲਿਆ। ਉਨ੍ਹਾਂ ਕਿਹਾ ਕਿ ਕਥਿਤ ਮੁਲਜ਼ਮ ਨੇ ਪੁੱਛਗਿੱਛ ਦੌਰਾਨ ਇਹ ਵੀ ਮੰਨਿਆ ਕਿ ਉਕਤ ਅਸਲੇ ਉਸ ਨੂੰ ਦਵਿੰਦਰਪਾਲ ਸਿੰਘ ਉਰਫ਼ ਗੋਪੀ ਲਾਹੋਰੀਆ ਨੇ ਮੁਹੱਈਆ ਕਰਵਾਏ ਹਨ। ਕਥਿਤ ਮੁਲਜ਼ਮ ਨੂੰ ਅੱਜ ਮਾਣਯੋਗ ਅਦਾਲਤ ਵਿਚ ਪੇਸ਼ ਕਰ ਕੇ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ। ਪੁਲਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਇਹ ਜਾਨਣ ਦਾ ਯਤਨ ਕਰ ਰਹੀ ਹੈ ਕਿ ਕਿਸ ਵਿਅਕਤੀ ਨੂੰ ਨਿਸ਼ਾਨਾ ਬਣਾਇਆ ਜਾਣਾ ਸੀ। ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਕਾਬੂ ਕੀਤੇ ਗਏ ਕਥਿਤ ਮੁਲਜ਼ਮ ਖ਼ਿਲਾਫ਼ ਪਹਿਲਾਂ ਵੀ 18 ਅਪ੍ਰੈਲ 2023 ਨੂੰ ਥਾਣਾ ਸਿਟੀ ਸਾਊਥ ਮੋਗਾ ਵਿਚ ਲੜਾਈ ਝਗੜੇ ਦਾ ਮਾਮਲਾ ਦਰਜ ਹੋਇਆ ਸੀ, ਜਦਕਿ ਦਵਿੰਦਰਪਾਲ ਸਿੰਘ ਉਰਫ ਲਾਹੋਰੀਆ ਖ਼ਿਲਾਫ 5 ਮਾਮਲੇ ਵੱਖ-ਵੱਖ ਥਾਣਿਆਂ ਵਿਚ ਦਰਜ ਹਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## 25 ਕਰੋੜ ਰੁਪਏ ਦੇ ਸੋਨੇ ਦੀ ਸਮੱਗਲਿੰਗ ਸਬੰਧੀ ਇਕ ਪੁਲਸ ਮੁਲਾਜਮ ਗ੍ਰਿਫਤਾਰ

ਸੂਰਤ 27 ਮਾਰਚ। ਰੈਵੇਨਿਊ ਇੰਟੈਲੀਜੈਂਸ ਡਾਇਰੈਕਟੋਰੇਟ (ਡੀ.ਆਰ.ਆਈ.) ਨੇ ਸੂਰਤ ਦੇ ਅੰਤਰਰਾਸਟਰੀ ਹਵਾਈ ਅੱਡੇ ਤੋਂ ਕਰੀਬ 25 ਕਰੋੜ ਰੁਪਏ ਦੇ ਸੋਨੇ ਦੀ ਸਮੱਗਲਿੰਗ ਸਬੰਧੀ ਇੱਕ ਪੁਲਸ ਮੁਲਾਜਮ



ਨੂੰ ਗ੍ਰਿਫਤਾਰ ਕੀਤਾ ਹੈ। ਡੀ.ਆਰ.ਆਈ. ਦੇ ਸਰਕਾਰੀ ਵਕੀਲ ਨਯਨ ਸੁਖਦਾਵਾਲਾ ਨੇ ਮੰਗਲਵਾਰ ਦੱਸਿਆ ਕਿ ਸਬ-ਇੰਸਪੈਕਟਰ ਪਰਾਗ ਦਵੇ ਜੋ ਸੂਰਤ ਹਵਾਈ ਅੱਡੇ 'ਤੇ ਇਮੀਗ੍ਰੇਸਨ ਦਫਤਰ 'ਚ ਕੰਮ ਕਰਦਾ ਹੈ, ਹਵਾਈ ਅੱਡੇ ਦੀ ਇਕ ਟਾਇਲਟ 'ਚ ਤਿੰਨ ਮੁਸਾਫਰਾਂ ਵਲੋਂ ਲਿਆਂਦੇ ਗਏ 48.2 ਕਿਲੋ ਸੋਨੇ ਦੀ ਸਮੱਗਲਿੰਗ ਦੀ ਕੋਸਿ਼ਸ ਕਰ ਰਿਹਾ ਸੀ। ਸਥਾਨਕ ਅਦਾਲਤ ਨੇ ਦਵੇ ਨੂੰ ਦੋ ਦਿਨਾਂ ਲਈ ਡੀ.ਆਰ.ਆਈ. ਦੀ ਹਿਰਾਸਤ ਵਿਚ ਭੇਜ ਦਿੱਤਾ ਹੈ। ਸਾਰਜਾਹ ਤੋਂ ਆਏ ਉਕਤ ਯਾਤਰੀਆਂ ਨੂੰ 7 ਜੁਲਾਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਜਿਵੇਂ ਹੀ ਦਵੇ ਨੂੰ ਤਿੰਨਾਂ ਦੀ ਗ੍ਰਿਫਤਾਰੀ ਬਾਰੇ ਪਤਾ ਲੱਗਾ ਤਾਂ ਉਹ ਢਿੱਡ ਦਰਦ ਦੀ ਸਿ਼ਕਾਇਤ ਕਰਦਾ ਹੋਇਆ ਏਅਰਪੋਰਟ ਛੱਡ ਕੇ ਚਲਾ ਗਿਆ। ਪੁਲਸ ਨੇ ਉਸ ਦੇ ਘਰ ਛਾਪਾ ਮਾਰ ਕੇ 12 ਲੱਖ ਰੁਪਏ ਦਾ 'ਬਲੈਂਕ ਚੈੱਕ' ਬਰਾਮਦ ਕੀਤਾ।

# ਪਤੀ ਦੇ ਜਖਮੀ ਹੋਣ ਮਗਰੋਂ ਲੁਧਿਆਣਾ ਦੀ ਬਲਵਿੰਦਰ ਨੇ ਨਹੀਂ ਹਾਰੀ ਹਿੰਮਤ, ਮਨਰੇਗਾ ਦਾ ਕੰਮ ਕਰ ਘਰ ਦੀ ਕੀਤੀ ਦੇਖਭਾਲ

ਲੁਧਿਆਣਾ 27 ਮਾਰਚ। ਲੁਧਿਆਣਾ ਸ਼ਹਿਰ ਦੇ ਡੇਹਲੇ ਦੀ ਵਾਸੀ ਬਲਵਿੰਦਰ ਕੌਰ ਦੇ ਘਰ ਦੀ ਆਰਥਿਕ ਹਾਲਤ ਖਰਾਬ ਹੋਣ ਦੇ ਬਾਵਜੂਦ ਉਸ ਨੇ ਹਿੰਮਤ ਨਹੀਂ ਹਾਰੀ। ਇਕ ਸੜਕ ਹਾਦਸੇ 'ਚ ਪਤੀ ਦੇ ਗੰਭੀਰ ਜਖਮੀ ਹੋਣ ਤੋਂ ਬਾਅਦ ਬਾਵਜੂਦ ਬਲਵਿੰਦਰ ਆਪਣੀਆਂ ਮਜਬੂਰੀਆਂ ਨਾਲ ਲੜ ਰਹੀ ਹੈ। ਬਲਵਿੰਦਰ ਘਰ ਚਲਾਉਣ ਲਈ ਮਨਰੇਗਾ 'ਚ ਮਜਦੂਰ ਵਜੋਂ ਕੰਮ ਕੀਤਾ ਸੀ। ਕੰਮ ਸਿੱਖਣ ਦੇ ਨਾਲ ਉਹ ਹੁਣ ਮਨਰੇਗਾ ਦੇ ਕੰਮਾਂ ਦੀ ਨਿਗਰਾਨੀ ਕਰਦੀ ਹੈ। ਲੁਧਿਆਣਾ ਮਨਰੇਗਾ ਪ੍ਰਸਾਸਨ ਨੇ ਬਲਵਿੰਦਰ ਕੌਰ ਦੀ ਸਫਲਤਾ ਦੀ ਕਹਾਣੀ ਦੇ ਰੂਪ 'ਚ ਚੋਣ ਕਰਕੇ ਕੇਂਦਰ ਸਰਕਾਰ ਨੂੰ ਰਿਪੋਰਟ ਭੇਜੀ ਹੈ। ਮਨਰੇਗਾ ਜਿ਼ਲ੍ਹਾ ਨੋਡਲ ਅਫਸਰ ਸੋਨੀਆ ਸਰਮਾ ਨੇ ਦੱਸਿਆ ਕਿ 2 ਜਨਵਰੀ 1980 ਨੂੰ ਜਨਮੀ ਬਲਵਿੰਦਰ ਕੌਰ ਨੇ 12ਵੀਂ ਜਮਾਤ ਤੱਕ ਪੜ੍ਹਾਈ ਕੀਤੀ ਸੀ। 2004 'ਚ ਬਲਵਿੰਦਰ ਨੇ ਸਿਲਾਈ, ਕਢਾਈ ਅਤੇ ਪੇਂਟਿੰਗ ਸਿੱਖੀ। 2017-2018 ਉਸ ਦੇ ਪਤੀ ਲਖਵੀਰ ਸਿੰਘ ਇਕ ਹਾਦਸੇ 'ਚ ਜਖਮੀ ਹੋ



ਗਏ। ਉਸ ਦੇ ਇਲਾਜ 'ਚ ਕਾਫੀ ਪੈਸਾ ਖਰਚ ਹੋ ਗਿਆ ਸੀ। ਜਿਸ ਤੋਂ ਬਾਅਦ ਪਰਿਵਾਰ ਦਾ ਗੁਜਾਰਾ ਕਰਨਾ ਔਖਾ ਹੋ ਗਿਆ। ਇਸ ਬਾਰੇ ਬਲਵਿੰਦਰ ਨੇ ਸਰਪੰਚ ਨੂੰ ਸਮੱਸਿਆ ਦੱਸੀ। ਜਿਸ ਤੋਂ ਬਾਅਦ ਮੇਟ ਦੇ ਅਹੁਦੇ 'ਤੇ ਬਲਵਿੰਦਰ ਦੇ ਕੰਮ ਦੀ ਜਿ਼ੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਅਤੇ ਬਲਵਿੰਦਰ ਦੀ ਜਿ਼ੰਦਗੀ 'ਚ ਬਦਲਾਅ ਆਇਆ। ਜਦੋਂ ਮਨਰੇਗਾ ਅਧੀਨ ਕੰਮ ਮਨਜੂਰ ਹੁੰਦਾ ਹੈ ਤਾਂ ਉਹ ਨਿਗਰਾਨੀ ਦੇ ਨਾਲ-ਨਾਲ ਸਾਰਾ ਕੰਮ ਸੰਭਾਲਦੀ ਹੈ। ਘਰ ਦੀਆਂ ਚੁਣੌਤੀਆਂ ਦੇ ਵਿਚਕਾਰ ਬਲਵਿੰਦਰ ਨੇ ਮਨਰੇਗਾ ਤਹਿਤ ਕੀਤੇ ਕੰਮਾਂ ਨੂੰ ਪੂਰੀ ਜਿ਼ੰਮੇਵਾਰੀ ਨਾਲ ਕੀਤਾ। ਸਰਕਾਰੀ ਸਕੀਮਾਂ ਅਤੇ ਫੰਡਾਂ ਬਾਰੇ ਜਾਣਕਾਰੀ ਹਾਸਲ ਕੀਤੀ। ਬਲਵਿੰਦਰ ਨੇ ਅਧਿਕਾਰੀਆਂ ਦੇ ਦਿਸਾ-ਨਿਰਦੇਸਾਂ ਤਹਿਤ ਪਾਰਕਾਂ ਦੀ ਉਸਾਰੀ ਅਤੇ ਸੁੰਦਰੀਕਰਨ, ਛੱਪੜਾਂ ਦੀ ਮੁਰੰਮਤ, ਗਲੀਆਂ-ਨਾਲੀਆਂ ਦੇ ਕੰਮ, ਸਿੰਚਾਈ ਆਦਿ ਦੇ ਕੰਮ ਮੁਕੰਮਲ ਕੀਤੇ। ਇਨ੍ਹਾਂ ਕੰਮਾਂ ਲਈ ਅਧਿਕਾਰੀਆਂ ਨੇ ਬਲਵਿੰਦਰ ਦੀ ਕਈ ਵਾਰ ਤਾਰੀਫ ਵੀ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਘਰ ਦੇ ਕੰਮ ਦੌਰਾਨ ਲਖਵੀਰ ਛੱਤ ਤੋਂ ਹੇਠਾਂ ਡਿੱਗ ਗਿਆ ਸੀ, ਜਿਸ ਕਾਰਨ ਉਸ ਨੂੰ ਸੱਟਾਂ ਲੱਗੀਆਂ ਸਨ। ਜਦੋਂ ਲਖਵੀਰ ਜਖਮੀ ਹੋ ਗਿਆ ਤਾਂ ਘਰ ਦੀ ਜਿ਼ੰਮੇਵਾਰੀ ਬਲਵਿੰਦਰ ਦੇ ਮੋਢਿਆਂ 'ਤੇ ਆ ਗਈ। 2022 'ਚ ਬਲਵਿੰਦਰ ਨੂੰ ਇਸ ਜਿ਼ੰਮੇਵਾਰੀ ਨੂੰ ਚੰਗੀ ਤਰ੍ਹਾਂ ਨਿਭਾਉਣ ਲਈ ਚੰਡੀਗੜ੍ਹ 'ਚ ਮਹਿਲਾ ਦਿਵਸ 'ਤੇ ਸਨਮਾਨਿਤ ਕੀਤਾ ਗਿਆ। ਉਸ ਨੂੰ ਸਰਵੋਤਮ ਸਾਥੀ ਦਾ ਪੁਰਸਕਾਰ ਮਿਲਿਆ। ਬਲਵਿੰਦਰ ਦੀ ਧੀ ਪ੍ਰਵਨੀਤ 8ਵੀਂ ਅਤੇ ਪੁੱਤਰ ਜਸਮੀਤ 9ਵੀਂ 'ਚ ਪੜ੍ਹਦਾ ਹੈ। ਬਲਵਿੰਦਰ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਹਾਦਸੇ 'ਚ ਜਖਮੀ ਹੋ ਗਿਆ, ਜਿਸ ਤੋਂ ਬਾਅਦ ਘਰ ਦੀ ਜਿ਼ੰਮੇਵਾਰੀ ਉਸ 'ਤੇ ਆ ਗਈ। ਉਹ ਸਮਾਂ ਬਹੁਤ ਚੁਣੌਤੀਪੂਰਨ ਸੀ। ਉਸ ਨੇ ਦੱਸਿਆ ਕਿ ਪਰਿਵਾਰ ਦਾ ਗੁਜਾਰਾ ਚਲਾਉਣਾ ਮੁਸਕਿਲ ਹੋ ਗਿਆ ਸੀ। ਮੈਂ 12ਵੀਂ ਤੱਕ ਪੜ੍ਹੀ ਸੀ, ਜਿਸ ਦਾ ਮੈਨੂੰ ਫਾਇਦਾ ਹੋਇਆ। ਮੈਂ ਪਿਛਲੇ ਤਿੰਨ ਸਾਲਾਂ ਤੋਂ ਮਨਰੇਗਾ 'ਚ ਕੰਮ ਕਰ ਰਹੀ ਹਾਂ, ਜਿਸ ਨਾਲ ਮੇਰੀ ਜਿ਼ੰਦਗੀ ਵਿੱਚ ਬਹੁਤ ਬਦਲਾਅ ਆਇਆ ਹੈ। ਉਸ ਨੇ ਕਿਹਾ ਹੁਣ ਮੇਰਾ ਬੱਚਿਆਂ ਨੂੰ ਕਾਬਲ ਬਣਾਉਣ ਦਾ ਸੁਫਨਾ ਹੈ।

# ਹੜ੍ਹਾਂ ਦੇ ਹਾਲਾਤ ਦਰਮਿਆਨ ਸਿਹਤ ਵਿਭਾਗ ਵੱਲੋਂ ਐਡਵਾਈਜਰੀ ਜਾਰੀ, ਲੋਕਾਂ ਨੂੰ ਕੀਤੀ ਇਹ ਅਪੀਲ

ਚੰਡੀਗੜ੍ਹ 27 ਮਾਰਚ। ਸੂਬੇ ਦੇ ਵੱਖ-ਵੱਖ ਹਿੱਸਿਆਂ 'ਚ ਹੜ੍ਹ ਵਰਗੀ ਸਥਿਤੀ ਪੈਦਾ ਹੋਣ ਦੇ ਮੱਦੇਨਜਰ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਅੱਜ ਲੋਕਾਂ ਨੂੰ ਪਾਣੀ ਤੋਂ ਹੋਣ ਵਾਲੀਆਂ ਜਾਂ ਵੈਕਟਰ-ਬੋਰਨ ਬੀਮਾਰੀਆਂ ਤੋਂ ਬਚਾਉਣ ਲਈ ਸਿਹਤ ਐਡਵਾਈਜਰੀ ਜਾਰੀ ਕੀਤੀ ਗਈ ਹੈ। ਪਾਣੀ ਇਕੱਠਾ ਹੋਣ ਕਾਰਨ ਅਜਿਹੀਆਂ ਬੀਮਾਰੀਆਂ ਫੈਲਣ ਦੀ ਸੰਭਾਵਨਾ ਵਧ ਜਾਂਦੀ ਹੈ। ਐਡਵਾਈਜਰੀ ਬਾਰੇ ਜਾਣਕਾਰੀ ਦਿੰਦਿਆਂ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਡਾ. ਆਦਰਸਪਾਲ ਕੌਰ ਨੇ ਦੱਸਿਆ ਕਿ ਅਜਿਹੀਆਂ ਕੁਦਰਤੀ ਆਫਤਾਂ ਦੌਰਾਨ ਲੋਕਾਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਰੱਖਣ ਲਈ ਸਿਹਤ ਵਿਭਾਗ ਹਰ ਸਮੇਂ ਯਤਨਸ਼ੀਲ ਹੈ ਅਤੇ ਵਿਭਾਗ ਵੱਲੋਂ ਪ੍ਰਭਾਵਿਤ ਖੇਤਰਾਂ ਵਿਚ 24 ਘੰਟੇ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਲੋਕਾਂ ਨੂੰ ਐਡਵਾਈਜਰੀ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਪੀਣ ਲਈ ਸਿਰਫ ਸੁਰੱਖਿਅਤ ਪਾਣੀ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਤਰਜੀਹੀ ਤੌਰ 'ਤੇ ਉਬਾਲਿਆ ਹੋਇਆ ਪਾਣੀ ਹੀ ਵਰਤਣਾ ਚਾਹੀਦਾ ਹੈ। ਲਾਗ ਤੋਂ ਬਚਣ ਲਈ ਵਾਰ-ਵਾਰ ਸਾਬਣ ਨਾਲ ਹੱਥ ਧੋਣਾ ਜਰੂਰੀ ਹੈ। ਐਡਵਾਈਜਰੀ ਵਿਚ ਦੱਸਿਆ ਗਿਆ ਹੈ ਕਿ ਹੜ੍ਹ ਦੇ ਪਾਣੀ ਵਿਚ ਭਿੱਜੇ ਭੋਜਨ ਪਦਾਰਥਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਜੇਕਰ ਕਿਸੇ ਨੂੰ ਬੁਖਾਰ ਜਾਂ ਦਸਤ ਲੱਗ ਜਾਂਦੇ ਹਨ ਤਾਂ ਉਨ੍ਹਾਂ ਨੂੰ ਮੈਡੀਕਲ ਕੈਂਪਾਂ ਸਮੇਤ ਸਰਕਾਰੀ ਸਿਹਤ ਸਹੂਲਤਾਂ 'ਚ ਦਿਖਾਉਣਾ ਚਾਹੀਦਾ ਹੈ ਅਤੇ ਖੁਦ ਇਲਾਜ ਨਹੀਂ



ਕਰਨਾ ਚਾਹੀਦਾ। ਜੇਕਰ ਕਿਸੇ ਖੇਤਰ ਵਿਚ ਕਿਸੇ ਛੂਤ ਦੀ ਬੀਮਾਰੀ ਦੇ ਵੱਧ ਕੇਸ (ਭਾਵ ਇਕੋ ਇਲਾਕੇ ਵਿਚ ਛੂਤ ਦੀਆਂ ਬੀਮਾਰੀਆਂ ਦੇ 3 ਤੋਂ ਵੱਧ ਕੇਸ) ਸਾਹਮਣੇ ਆਉਂਦੇ ਹਨ, ਤਾਂ ਤੁਰੰਤ ਨਜਦੀਕੀ ਸਿਹਤ ਸਹੂਲਤ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਐਡਵਾਈਜਰੀ 'ਚ ਅੱਗੇ ਲਿਖਿਆ ਗਿਆ ਹੈ ਕਿ ਹੜ੍ਹਾਂ ਦੌਰਾਨ ਦੂਸਿ਼ਤ ਪਾਣੀ ਅਤੇ ਕੀੜੇ-ਮਕੌੜਿਆਂ ਦੇ ਕੱਟਣ ਕਾਰਨ ਆਮ ਤੌਰ 'ਤੇ ਚਮੜੀ ਦੀ ਬੈਕਟੀਰੀਅਲ ਲਾਗ ਹੋ ਜਾਂਦੀ ਹੈ ਅਤੇ ਅਜਿਹੀ ਇਨਫੈਕਸ਼ਨ ਨੂੰ ਰੋਕਣ ਲਈ ਲੋਕਾਂ ਨੂੰ ਰਬੜ ਦੇ ਬੂਟ ਅਤੇ ਪੂਰੀਆਂ ਬਾਹਾਂ ਵਾਲੇ ਕੱਪੜੇ ਪਹਿਨਣ ਦੀ ਸਲਾਹ ਦਿੱਤੀ ਜਾਂਦੀ ਹੈ। ਕਿਸੇ ਵੀ ਕਿਸਮ ਦੇ ਇਲਾਜ ਲਈ ਨਜਦੀਕੀ ਸਿਹਤ ਸੰਭਾਲ ਕੇਂਦਰ 'ਚ ਜਾਣਾ ਚਾਹੀਦਾ ਹੈ। ਵਿਭਾਗ ਵੱਲੋਂ ਹੜ੍ਹਾਂ ਦੇ ਪਾਣੀ ਵਿਚ ਨਾ ਵੜਨ ਦੀ ਵੀ ਸਲਾਹ ਦਿੱਤੀ ਗਈ ਹੈ ਕਿਉਂਕਿ ਹੜ੍ਹਾਂ ਦੌਰਾਨ ਸੱਪ ਦਾ ਡੰਗਣਾ ਵੀ ਆਮ ਗੱਲ ਹੈ। ਜੇਕਰ ਤੁਹਾਨੂੰ ਪਾਣੀ ਵਿਚ ਦਾਖਲ ਹੋਣ ਦੀ ਲੋੜ ਹੈ, ਤਾਂ ਲੰਬੇ ਬੂਟ ਪਾਓ। ਸੱਪ ਦੇ ਡੰਗਣ ਦੀ ਸਥਿਤੀ ਵਿਚ ਮਰੀਜ ਨੂੰ ਜਲਦ ਤੋਂ ਜਲਦ ਨਜਦੀਕੀ ਸਿਹਤ ਕੇਂਦਰ ਵਿਚ ਲੈ ਕੇ ਜਾਓ। ਡਾ. ਆਦਰਸ ਪਾਲ ਨੇ ਸਬੰਧਤ ਅਧਿਕਾਰੀਆਂ ਨੂੰ ਵੈਕਟਰ-ਬੋਰਨ ਬੀਮਾਰੀਆਂ ਦੇ ਫੈਲਾਅ ਨੂੰ ਰੋਕਣ ਲਈ ਲਾਰਵੀਸਾਈਡ ਦਾ ਛਿੜਕਾਅ ਕਰਨ ਦੇ ਨਿਰਦੇਸ ਦਿੱਤੇ। ਉਨ੍ਹਾਂ ਅੱਗੇ ਕਿਹਾ ਕਿ ਸੂਬੇ ਦੇ ਮੁੱਖ ਦਫਤਰਾਂ ਦੀ ਟੀਮ ਵੱਲੋਂ ਸਾਰੇ ਕਾਰਜਾਂ ਦੀ ਹਰ ਪਲ ਨਿਗਰਾਨੀ ਕੀਤੀ ਜਾ ਰਹੀ ਹੈ।

# ਪਾਦਰੀ ਨੇ ਪਹਿਲਾਂ ਕੁੜੀ ਨੂੰ ਕੀਤਾ ਗਰਭਵਤੀ, ਫਿਰ ਨਰਸ ਨਾਲ ਮਿਲ ਕਰਾਇਆ ਗਰਭਪਾਤ, ਮੌਤ

ਗੁਰਦਾਸਪੁਰ 27 ਮਾਰਚ। ਪੁਲਸ ਥਾਣਾ ਦੀਨਾਨਗਰ ਦੇ ਅਧੀਨ ਪੈਂਦੇ ਇਕ ਪਿੰਡ 'ਚ ਚਰਚ 'ਚ ਆਉਣ ਵਾਲੀ ਕੁੜੀ ਦੇ ਨਾਲ ਪਾਦਰੀ ਨੇ ਪਹਿਲਾਂ ਸਰੀਰਿਕ ਸਬੰਧ ਬਣਾਏ ਅਤੇ ਜਦ ਕੁੜੀ ਗਰਭਪਤੀ ਹੋ ਗਈ ਤਾਂ ਪਾਦਰੀ ਨੇ ਨਰਸ ਦੇ ਨਾਲ ਮਿਲ ਕੇ ਕੁੜੀ ਦਾ ਗਰਭਪਾਤ ਕਰਵਾ ਦਿੱਤਾ। ਇਸ ਦੌਰਾਨ ਕੁੜੀ ਨੂੰ ਇੰਨਫੈਕਸ਼ਨ ਹੋਣ ਕਾਰਨ ਉਸ ਦੀ ਮੌਤ ਹੋ ਗਈ। ਪੁਲਸ ਨੇ ਦੋਸ਼ੀ ਪਾਦਰੀ ਵਿਕਰਮ ਮਸੀਹ ਪੁੱਤਰ ਅਬਦੁਲ ਮਸੀਹ ਪਿੰਡ ਅਬਲਖੈਰ ਅਤੇ ਪਿੰਡ ਗੋਹਤ ਪੋਕਰ ਦੀ ਰਹਿਣ ਵਾਲੀ ਨਰਸ ਦੇ ਖਿ਼ਲਾਫ ਮਾਮਲਾ ਦਰਜ ਕਰ ਲਿਆ ਹੈ। ਪਰ ਦੋਵੇਂ ਦੋਸ਼ੀ ਅਜੇ ਫਰਾਰ ਹਨ। ਸਬ ਇੰਸਪੈਕਟਰ ਅਮਨਦੀਪ ਕੌਰ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਕੁੜੀ ਦੇ ਪਰਿਵਾਰ ਵੱਲੋਂ ਦਿੱਤੀ ਸ਼ਿਕਾਇਤ ਦੀ ਜਾਂਚ 'ਚ ਪਾਇਆ ਕਿ ਦੋਸ਼ੀ ਪਾਦਰੀ ਵਿਕਰਮ ਮਸੀਹ ਨੇ ਆਪਣੇ ਘਰ 'ਚ ਚਰਚ ਖੋਲ੍ਹ ਰੱਖਿਆ ਸੀ ਅਤੇ ਮ੍ਰਿਤਕ ਕੁੜੀ ਦਾ ਪਰਿਵਾਰ ਉਸ ਚਰਚ 'ਚ ਜਾਇਆ ਕਰਦਾ ਸੀ। ਇਸ ਕਾਰਨ ਪਾਦਰੀ ਵਿਕਰਮ ਮਸੀਹ ਦਾ ਸ਼ਿਕਾਇਤਕਰਤਾਂ ਦੇ ਘਰ ਆਉਣਾ-ਜਾਣਾ ਸ਼ੁਰੂ ਹੋ ਗਿਆ। ਇਸ ਦੌਰਾਨ ਦੋਸ਼ੀ ਪਾਦਰੀ ਨੇ ਉਸ ਪਰਿਵਾਰ ਦੀ 21 ਸਾਲਾ ਕੁੜੀ ਨਾਲ ਸਰੀਰਿਕ ਸਬੰਧ ਬਣਾ ਲਏ, ਜਿਸ ਕਾਰਨ ਕੁੜੀ ਗਰਭਵਤੀ ਹੋ ਗਈ। ਆਪਣੇ ਘਿਨੌਣੇ ਅਪਰਾਧ ਨੂੰ ਲੋਕਾਂ ਅਤੇ ਪਰਿਵਾਰ ਤੋਂ ਲੁਕਾਉਣ ਦੇ ਲਈ ਪਾਦਰੀ ਨੇ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਦੀ ਇਕ ਹੋਰ ਘਿਨੌਣੀ ਹਰਕਤ ਕਰਦੇ ਹੋਏ ਇਕ ਹੋਰ ਗੁਨਾਹ ਕੀਤਾ। ਇਸ ਦੇ ਤਹਿਤ ਦੋਸ਼ੀ ਪਾਦਰੀ ਨੇ ਆਪਣੀ ਜਾਣ-ਪਛਾਣ ਦੀ ਇਕ ਨਰਸ ਸਤਿੰਦਰਜੀਤ ਕੌਰ ਉਰਫ ਬਬਲੀ ਵਾਸੀ ਪਿੰਡ ਗੋਹਤ ਪੋਖਰ ਦੇ ਨਾਲ ਮਿਲ ਕੇ ਕੁੜੀ ਦਾ ਗਰਭਪਾਤ ਕਰਵਾ ਦਿੱਤਾ। ਇਸ ਦੌਰਾਨ ਕੁੜੀ ਦੇ ਢਿੱਡ 'ਚ ਇੰਫੈਕਸ਼ਨ ਫੈਲ ਗਈ। ਇਸ ਕਾਰਨ ਕੁੜੀ ਦੀ ਹਾਲਤ ਗੰਭੀਰ ਹੋ ਗਈ ਅਤੇ ਉਸ ਨੂੰ ਅੰਮ੍ਰਿਤਸਰ ਗੁਰੂ ਨਾਨਕ ਦੇਵ ਹਸਪਤਾਲ ਇਲਾਜ ਦੇ ਲਈ



ਲੈ ਜਾਇਆ ਗਿਆ। ਇਸ ਦੌਰਾਨ 25 ਜੂਨ ਨੂੰ ਕੁੜੀ ਦੀ ਮੌਤ ਹੋ ਗਈ। ਇਸ ਦੇ ਬਾਅਦ ਦੀਨਾਨਗਰ ਪੁਲਸ ਨੇ ਦੋਸ਼ੀ ਪਾਦਰੀ ਵਿਰਕਮ ਮਸੀਹ ਅਤੇ ਨਰਸ ਬਬਲੀ ਦੇ ਖਿ਼ਲਾਫ ਮਾਮਲਾ ਦਰਜ ਕਰ ਲਿਆ ਹੈ, ਜਦੋਂ ਕਿ ਦੋਵੇਂ ਦੋਸ਼ੀ ਪੁਲਸ ਦੀ ਗ੍ਰਿਫਤ ਤੋਂ ਬਾਹਰ ਹਨ।

## ਢਾਈ ਲੱਖ ਦੀ ਠੱਗੀ ਮਾਰਨ ਵਾਲੇ ਥਾਣੇਦਾਰ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ

ਮੋਗਾ 27 ਮਾਰਚ। ਮੋਗਾ ਜ਼ਿਲ੍ਹੇ ਦੇ ਪਿੰਡ ਕੋਕਰੀ ਫੂਲਾ ਸਿੰਘ ਵਾਲਾ ਨਿਵਾਸੀ ਮਨਪ੍ਰੀਤ ਸਿੰਘ ਨੇ ਪੰਜਾਬ ਪੁਲਸ ਵਿਚ ਤਾਇਨਾਤ ਆਪਣੇ ਦੋਸਤ 'ਤੇ ਉਸ ਨਾਲ ਢਾਈ ਲੱਖ ਰੁਪਏ ਦੀ ਠੱਗੀ ਕੀਤੇ ਜਾਣ ਦਾ ਦੋਸ਼ ਲਗਾਇਆ ਹੈ। ਇਸ ਸਬੰਧ ਵਿਚ ਪੁਲਸ ਵੱਲੋਂ ਜਾਂਚ ਤੋਂ ਬਾਅਦ ਪਰਮਜੀਤ ਸਿੰਘ ਨਿਵਾਸੀ ਨਵਾਂ ਸ਼ਹਿਰ ਖਿ਼ਲਾਫ਼ ਥਾਣਾ ਅਜੀਤਵਾਲ ਵਿਚ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਥਾਣੇਦਾਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਮਨਪ੍ਰੀਤ ਸਿੰਘ ਨੇ ਕਿਹਾ ਕਿ ਕਥਿਤ ਦੋਸ਼ੀ ਪਰਮਜੀਤ ਸਿੰਘ ਉਸਦਾ ਦੋਸਤ ਹੈ ਉਸਨੇ ਕਰੀਬ 3 ਸਾਲ ਪਹਿਲਾਂ ਉਸ ਨੇ ਆਪਣੇ ਲੜਕੇ ਨੂੰ ਵਿਦੇਸ਼ ਭੇਜਣਾ ਹੈ, ਇਸ ਲਈ ਮੈਨੂੰ ਪੈਸਿਆਂ ਦੀ ਲੋੜ ਹੈ। ਮੈਂ ਉਸ 'ਤੇ ਭਰੋਸਾ ਕਰ ਕੇ ਉਸ ਨੂੰ ਪੰਜ ਲੱਖ ਰੁਪਏ ਦੇ ਦਿੱਤੇ, ਜਦੋਂ ਮੈਂ ਪੈਸੇ ਵਾਪਸ ਮੰਗੇ ਤਾਂ ਉਹ ਟਾਲ-ਮਟੋਲ ਕਰਨ ਲੱਗਾ। ਸਾਡੇ ਵੱਲੋਂ ਜ਼ਿਆਦਾ ਕਹਿਣ 'ਤੇ ਉਸ ਨੇ ਢਾਈ ਲੱਖ ਰੁਪਏ ਵਾਪਸ ਕਰ ਦਿੱਤੇ ਅਤੇ ਬਾਕੀ ਪੈਸੇ ਵਾਪਸ



ਨਹੀਂ ਕੀਤੇ। ਇਸ ਤਰ੍ਹਾਂ ਮੇਰੇ ਨਾਲ ਧੋਖਾਦੇਹੀ ਕੀਤੀ ਹੈ। ਜ਼ਿਲ੍ਹਾ ਪੁਲਸ ਮੁਖੀ ਮੋਗਾ ਦੇ ਹੁਕਮਾਂ 'ਤੇ ਇਸ ਦੀ ਜਾਂਚ ਡੀ. ਐੱਸ. ਪੀ. ਨਿਹਾਲ ਸਿੰਘ ਵਾਲਾ ਵੱਲੋਂ ਕੀਤੀ ਗਈ। ਜਾਂਚ ਅਧਿਕਾਰੀ ਨੇ ਦੋਹਾਂ ਧਿਰਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਬੁਲਾਇਆ। ਜਾਂਚ ਤੋਂ ਬਾਅਦ ਸ਼ਿਕਾਇਤਕਰਤਾ ਦੇ ਦੋਸ਼ ਸਹੀ ਪਾਏ ਜਾਣ 'ਤੇ ਕਥਿਤ ਦੋਸ਼ੀ ਖਿ਼ਲਾਫ ਉਕਤ ਮਾਮਲਾ ਦਰਜ ਕੀਤਾ ਗਿਆ, ਗ੍ਰਿਫਤਾਰੀ ਬਾਕੀ ਹੈ।

## ਵਿਜੀਲੈਂਸ ਵੱਲੋਂ 5000 ਰੁਪਏ ਰਿਸਵਤ ਲੈਣ ਦੇ ਦੋਸ਼ ਹੇਠ ਏ. ਐੱਸ. ਆਈ. ਗ੍ਰਿਫਤਾਰ

ਚੰਡੀਗੜ੍ਹ/ਬਰਨਾਲਾ 27 ਮਾਰਚ। ਪੰਜਾਬ ਵਿਜੀਲੈਂਸ ਬਿਊਰੋ ਨੇ ਬਰਨਾਲਾ ਜਿ਼ਲ੍ਹੇ ਦੀ ਪੁਲਸ ਚੌਂਕੀ ਹੰਡਿਆਇਆ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐੱਸ.ਆਈ/ਐੱਲ.ਆਰ.) ਮੱਖਣ ਸਾਹ ਨੂੰ 5000 ਰੁਪਏ ਰਿਸਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਸ ਮੁਲਾਜ਼ਮ ਨੂੰ ਬਰਨਾਲਾ ਜਿ਼ਲ੍ਹੇ ਦੇ ਪਿੰਡ ਖੁੱਡੀ ਕਲਾਂ ਦੇ ਰਹਿਣ ਵਾਲੇ ਸਤਗੁਰ ਸਿੰਘ ਦੀ ਸਿ਼ਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਿ਼ਕਾਇਤਕਰਤਾ ਨੇ ਥਾਣਾ ਵਿਜੀਲੈਂਸ ਬਿਊਰੋ, ਪਟਿਆਲਾ ਰੇਂਜ ਵਿਖੇ ਸਿ਼ਕਾਇਤ ਦਰਜ ਕਰਵਾਈ ਕਿ ਸਿੰਚਾਈ ਲਈ ਪਾਣੀ ਦੀ ਬਰਾਬਰ ਵੰਡ ਵਾਸਤੇ ਸਾਂਝੇ ਖੇਤੀ ਟਿਊਬਵੈੱਲ ਸਬੰਧੀ ਅਦਾਲਤੀ ਹੁਕਮਾਂ ਨੂੰ



ਲਾਗੂ ਕਰਵਾਉਣ ਬਦਲੇ ਉਕਤ ਏ.ਐੱਸ.ਆਈ ਨੇ ਉਸ ਤੋਂ 5000 ਰੁਪਏ ਰਿਸਵਤ ਮੰਗੀ ਸੀ। ਬੁਲਾਰੇ ਨੇ ਦੱਸਿਆ ਕਿ ਸਿ਼ਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਟਰੈਪ ਲਗਾ ਕੇ ਮੁਲਜਮ ਏ.ਐੱਸ.ਆਈ. ਨੂੰ ਸਰਕਾਰੀ ਗਵਾਹ ਦੀ ਹਾਜਰੀ ਵਿੱਚ ਸਿ਼ਕਾਇਤਕਰਤਾ ਤੋਂ 5000 ਰੁਪਏ ਰਿਸਵਤ ਲੈਂਦਿਆਂ ਮੌਕੇ 'ਤੇ ਕਾਬੂ ਕਰ ਲਿਆ। ਇਸ ਸਬੰਧੀ ਥਾਣਾ ਵਿਜੀਲੈਂਸ ਬਿਊਰੋ, ਪਟਿਆਲਾ ਰੇਂਜ ਵਿਖੇ ਉਕਤ ਏ.ਐੱਸ.ਆਈ ਖਿ਼ਲਾਫ ਭ੍ਰਿਸਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਕੀਤਾ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਅਫੀਮ ਸਣੇ 1 ਕੁਇੰਟਲ ਡੋਡੇ ਚੂਰਾ ਪੋਸਤ ਸਮੇਤ 1 ਨਸ਼ਾ ਸਮੱਗਲਰ ਗ੍ਰਿਫਤਾਰ

ਸੁਲਤਾਨਪੁਰ ਲੋਧੀ 27 ਮਾਰਚ। ਥਾਣਾ ਤਲਵੰਡੀ ਚੌਧਰੀਆਂ ਦੀ ਪੁਲਸ ਵੱਲੋਂ 1 ਨਸ਼ਾ ਸਮਗਲਰ ਨੂੰ 100 ਗ੍ਰਾਮ ਅਫੀਮ ਅਤੇ 1 ਕੁਇੰਟਲ ਡੋਡੇ ਚੂਰਾ-ਪੋਸਤ ਸਮੇਤ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ । ਇਸ ਸਬੰਧੀ ਖੁਲਾਸਾ ਅੱਜ ਸਬ ਡਿਵੀਜਨ ਸੁਲਤਾਨਪੁਰ ਲੋਧੀ ਦੇ ਡੀ. ਐੱਸ. ਪੀ. ਸ੍ਰੀ ਬਬਨਦੀਪ ਸਿੰਘ ਲੁਬਾਣਾ ਵੱਲੋਂ ਉਚੇਚੇ ਤੌਰ 'ਤੇ ਪੁੱਜੇ ਐੱਸ. ਪੀ. ਸੁਰਿੰਦਰ ਕੁਮਾਰ ਅਤੇ ਥਾਣਾ ਤਲਵੰਡੀ ਚੌਧਰੀਆਂ ਦੇ ਐੱਸ. ਐੱਚ. ਓ. ਜਸਪਾਲ ਸਿੰਘ ਦੀ ਮੌਜੂਦਗੀ ਵਿਚ ਕੀਤਾ। ਉਨ੍ਹਾਂ ਦੱਸਿਆ ਕਿ ਸ੍ਰੀ ਰਾਜਪਾਲ ਸਿੰਘ ਸੰਧੂ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦੇ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਨਸ਼ਿਆਂ ਖਿ਼ਲਾਫ ਚਲਾਈ ਗਈ ਮੁਹਿਮ ਤਹਿਤ ਰਮਨਿੰਦਰ ਸਿੰਘ ਪੀ. ਪੀ. ਐੱਸ. ਪੁਲਸ ਕਪਤਾਨ ਇਨਵੈਸਟੀਗੇਸ਼ਨ ਕਪੂਰਥਲਾ ਦੀ ਰਹਿਨੁਮਾਈ ਹੇਠ ਥਾਣਾ ਤਲਵੰਡੀ ਚੌਧਰੀਆਂ ਪੁਲਸ ਪਾਰਟੀ ਐੱਸ. ਆਈ. ਜਸਬੀਰ ਸਿੰਘ ਨੂੰ ਉਸ ਸਮੇਂ ਵੱਡੀ ਪਾਲ ਸਿੰਘ ਦੀ ਮੌਜੂਦਗੀ ਵਿਚ ਕੀਤਾ। ਉਨ੍ਹਾਂ ਦੱਸਿਆ ਕਿ ਸ੍ਰੀ ਰਾਜਪਾਲ ਸਿੰਘ ਸੰਧੂ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦੇ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਨਸ਼ਿਆਂ ਖਿ਼ਲਾਫ ਚਲਾਈ ਗਈ ਮੁਹਿਮ ਤਹਿਤ ਰਮਨਿੰਦਰ ਸਿੰਘ ਪੀ. ਪੀ. ਐੱਸ. ਪੁਲਸ ਕਪਤਾਨ ਇਨਵੈਸਟੀਗੇਸ਼ਨ ਸਫਲਤਾ ਹਾਸਲ ਹੋਈ ਜਦੋਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਰਾਕੇਸ਼ ਕੁਮਾਰ ਪੁੱਤਰ ਪਿਆਰਾ ਵਾਸੀ ਉੱਚਾ ਬੋਹੜ ਵਾਲਾ ਥਾਣਾ ਕਬੀਰਪੁਰ ਜਿ਼ਲ੍ਹਾ ਕਪੂਰਥਲਾ ਜੋ ਅਫੀਮ ਅਤੇ ਡੋਡੇ ਚੂਰਾ-ਪੋਸਤ ਵੇਚਣ ਦਾ ਧੰਦਾ ਕਰਦਾ ਹੈ। ਪੁਲਸ ਪਾਰਟੀ ਵੱਲੋਂ ਸਪੈਸ਼ਲ ਨਾਕਾਬੰਦੀ ਟੀ ਪੁਆਇੰਟ ਦਾਣਾ ਮੰਡੀ ਤਲਵੰਡੀ ਚੌਧਰੀਆ ਨਜਦੀਕ ਕਰਕੇ ਉਕਤ ਟਰੱਕ ਰੋਕਿਆ ਗਿਆ। ਇਸ ਨੂੰ ਰਾਕੇਸ਼ ਕੁਮਾਰ ਪੁੱਤਰ ਪਿਆਰਾ ਵਾਸੀ ਉੱਚਾ ਬੋਹੜ ਵਾਲਾ ਥਾਣਾ ਕਬੀਰਪੁਰ ਜਿ਼ਲ੍ਹਾ ਕਪੂਰਥਲਾ ਹੀ ਚਲਾ ਰਿਹਾ ਸੀ, ਜਿਸ 'ਤੇ ਟਰੱਕ ਦੀ ਚੈਕਿੰਗ ਕਰਨ ਪਰ ਟਰੱਕ ਦੇ ਡੇਸ਼ ਬੋਰਡ ਵਿੱਚੋਂ 100 ਗ੍ਰਾਮ ਅਫੀਮ ਅਤੇ ਟਰੱਕ ਦੇ ਟਰਾਲਾ ਵਿੱਚ ਲੱਦੇ ਹੋਏ ਕੋਲਿਆ ਵਿੱਚੋ 4 ਬੋਰੇ ਪਲਾਸਟਿਕ ਵਜਨੀ 25/25 ਕਿਲੋਗ੍ਰਾਮ ਡੋਡੇ ਚੂਰਾ ਪੋਸਤ ਬਰਾਮਦ ਹੋਏ। ਡੀ. ਐੱਸ. ਪੀ. ਬਬਨਦੀਪ ਸਿੰਘ ਨੇ ਦੱਸਿਆ ਕਿ ਮੁਲਜਮ ਖਿ਼ਲਾਫ ਮੁਕੱਦਮਾ ਦਰਜ ਕਰਕੇ ਰਾਕੇਸ਼ ਕੁਮਾਰ ਪੁੱਤਰ ਪਿਆਰਾ ਵਾਸੀ ਉੱਚਾ ਬੋਹੜ ਵਾਲਾ ਥਾਣਾ ਕਬੀਰਪੁਰ ਜਿ਼ਲ੍ਹਾ ਕਪੂਰਥਲਾ ਨੂੰ ਉਕਤ ਮੁਕੱਦਮਾ ਵਿੱਚ ਗ੍ਰਿਫਤਾਰ ਕੀਤਾ ਗਿਆ, ਮੁਕੱਦਮਾ ਦੀ ਤਫਤੀਸ਼ ਜਾਰੀ ਹੈ। ਉਨ੍ਹਾਂ ਦੱਸਿਆ ਕਿ ਦੌਰਾਨੇ ਪੁੱਛਗਿੱਛ ਪਤਾ ਲਗਾਇਆ ਜਾਵੇਗਾ ਕਿ ਇਹ ਕਿਸ ਪਾਸੋ ਨਸ਼ਾ ਖਰੀਦ ਕਰਦਾ ਸੀ ਅਤੇ ਅੱਗੇ ਕਿਸ ਨੂੰ ਸਪਲਾਈ ਕਰਦਾ ਸੀ। ਇਸ ਮਾਮਲੇ "ਚ ਹੋਰਨਾਂ ਦੇ ਕਾਬੂ

### ਤੀਹਰੇ ਕਤਲਕਾਂਡ ਨਾਲ ਕੰਬਿਆ ਪੰਜਾਬ, ਭਰਾ-ਭਰਜਾਈ ਦਾ ਕਤਲ ਕਰ ਜਿ਼ੰਦਾ ਭਤੀਜੇ ਨਾਲ ਕੀਤਾ ਵੱਡਾ ਕਾਰਾ

ਖਰੜ 27 ਮਾਰਚ। ਮੋਹਾਲੀ ਦੇ ਖਰੜ 'ਚ ਰੂਹ ਕੰਬਾਊ ਵਾਰਦਾਤ ਸਾਹਮਣੇ ਆਈ ਹੈ। ਇੱਥੇ ਭਰਾ ਨੇ ਹੀ ਆਪਣੇ ਭਰਾ-ਭਰਜਾਈ ਅਤੇ ਮਾਸੂਮ ਭਤੀਜੇ ਦਾ ਕਤਲ ਕਰ ਦਿੱਤਾ। ਫਿਲਹਾਲ ਪੁਲਸ ਨੇ ਦੋਸ਼ੀ ਵਿਅਕਤੀ 'ਤੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਕਤਲ ਕਰਨ ਵਾਲੇ ਵਿਅਕਤੀ ਦਾ ਨਾਂ ਲਖਬੀਰ ਸਿੰਘ ਦੱਸਿਆ ਜਾ ਰਿਹਾ ਹੈ। ਇਹ ਮਾਮਲਾ ਪਿੰਡ ਹਰਲਾਲਪੁਰ ਦੇ ਝੁੱਗੀਆਂ ਰੋਡ ਖਰੜ ਦਾ ਹੈ। ਇੱਥੇ ਦੋਸ਼ੀ ਲਖਬੀਰ ਸਿੰਘ ਨੇ ਆਪਣੇ ਭਰਾ ਸਤਬੀਰ ਸਿੰਘ (35) ਦਾ ਤੇਜਧਾਰ ਹਥਿਆਰ ਨਾਲ ਕਤਲ ਕਰ ਦਿੱਤਾ, ਜਦੋਂ ਕਿ ਭਰਜਾਈ ਅਮਨਦੀਪ ਕੌਰ (33) ਨੂੰ ਗਲਾ ਘੁੱਟ ਕੇ ਮਾਰ ਦਿੱਤਾ। ਇਸ ਤੋਂ ਬਾਅਦ ਛੋਟੇ ਭਤੀਜੇ ਅਨਹਦ ਨੂੰ ਜਿ਼ੰਦਾ ਹੀ ਨਹਿਰ 'ਚ ਸੁੱਟ ਦਿੱਤਾ। ਪੁਲਸ ਨੂੰ ਸ਼ੱਕ ਹੈ ਕਿ ਪਰਿਵਾਰਕ ਝਗੜੇ ਕਾਰਨ ਦੋਸ਼ੀ ਨੇ ਤੀਹਰੇ ਕਤਲਕਾਂਡ ਨੂੰ ਅੰਜਾਮ ਦਿੱਤਾ।


**PUBLIC NOTICE**

Information is given to general public at large that our client Mohd. Aalam S/o Mr. Abdul Rasid is the owner of Freehold Residential Plot no. 22 land area 25 sq. yds, part of Khasra no. 11/3, in Prashant Vihar, Khoda colony, Pargna Loni, Tehsil & Dist. Ghaziabad, U.P. Vide Sale Deed dated 27.08.2020 as Doc. No. 6072, Book No. I, vol. no. 17045, pages 87-122, SR-II- GZB & Regd. Self-Declaration dated 07.06.2023 as Doc. No. 244, Book No. I, vol. no. 1931, pages 85-100, SR-I-GZB, Initially Mr. Pardeshi and Mr. Jagmohan both S/o Mr. Shyam Lal were the jointly owner from regd. GPA dated 06.09.1996, thereafter, Mr. Jagmohan executed Sale Deed dated 27.08.2020 in favour of Mohd. Aalam S/o Mr. Abdul Rasid, our client is declaring that that any other Person does not have any right over the said property, which is to be financed by Ujjivan Small Finance Bank Ltd. Branch: Noida Uttar Pradesh. If any person(s) have any objection(s) or claim(s) with respect to the right, title or interest in the Said Property then contact us within 14 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

It is for general information that I, TULSHIRAM CHAUDHARI S/O BHONDUJI CHAUDHARI, Residing at C-154, JVTS Gardan, Chhattarpur Extn., Chattarpur, Delhi-110074 declare that name of mine and my father has been wrongly written as TULSHI RAM S/O BHONDUJI CHOUDHARY in my Service Book. The actual name of mine and my father is TULSHIRAM CHAUDHARI and BHONDUJI CHAUDHARI respectively which may be amended accordingly

**NAME CHANGE**

I Santosh Kumar S/o Suraj Bhan Sharma R/o West Sant Nagar,Near Hanuman Mandir,H.No-48-49,Gali No-4,A-2 Block,Bhagat Colony, Burari, North Delhi,Delhi-110084, Have Changed My Name To Santosh Kumar Sharma For All Future Purpose

**NAME CHANGE**

I, NEELAM JHA W/O SAJJAN KUMAR JHA residing at 148, 2ND FLOOR, SURYA NAGAR PHASE-2, SECTOR-91, FARIDABAD, HARYANA-121003 have changed my minor daughter name from PRAGATI KUMARI to PRAGATI KUMARI JHA for all future purpose.

**NAME CHANGE**

I, Upendra Kumar S/o Jahanvi Prasad Singh R/o A-148 Street No-21 Shyam Vihar Phase-1 Dindar pur Delhi -110043 have changed my name to Upendra Kumar Singh for all purpose

**NAME CHANGE**

I ,Zaitoon Begum alias Jatun Begum W/o Mohd.Jamil H. No. 33 Gali Kababiyan Chitli Kabar Jama Masjid Delhi 110006 have changed my name from Jatun Begum to Zaitoon Begum for all future purposes both same and one person

**NAME CHANGE**

I RACHITA KAPOOR WIFE OF SHRI PARAS KAPOOR, RESIDENT OF 20 ARAM PARK RAM NAGAR, KRISHNA NAGAR, EAST DELHI, DELHI-110051 HAVE CHANGED MY NAME FROM RACHITA SAWHNEY TO RACHITA KAPOOR FOR ALL FUTURE PURPOSES.

**NAME CHANGE**

It is for general information that I MEENAKSHI D/O RAM SARUP, EX. W/O LATE PRADEEP KUMAR residing at R/O A-1720, A BLOCK, JHANGIR PURI, DELHI-110033 Further I remarried with GURMEET SINGH S/O LATE PYARA SINGH R/O 379, DDA TENAMENTS VISHAL ENCLAVE TAGORE GARDEN DELHI-110027, vide Marriage Registration No. 90730000173535 dated 5-7-2023 further I declare that the name of the Father of my minor daughter HARSHITA aged 17 years may be known as GURMEET SINGH in future for all purposes.

**NAME CHANGE**

I, Kunwar Sen S/o Kamal Singh R/O I-70, Gurudwara South City -1, Gurgaon Haryana -122001 have changed my name from Kunwar Sen to Kanwar sain for all future purpose.

**NAME CHANGE**

I, NO-12984517N RANK-L/NK TUNDUP DORJAY S/O SONAM PUNCHOK R/O KHACHAY, DISTT-KARGIL A/P LEH UT LADAKH-194109, have changed my minor son's name from MAFAN NAMGAM to MIPHAM NAMGYAL for all future purposes and in my service records his date of birth wrongly mentioned as 07/12/2004 instead of his correct date of birth as 07/12/2005.

**NAME CHANGE**

It is for general information that I, YUVRAJ CHAUDHARY S/o AJAY CHAUDHARY residing at Quarter No.-101, Type-2, Police Colony, Near Jhulelal Mandir , Shalimar Bagh, North West Delhi, Delhi - 110088 declare that the name of mine has been wrongly written as YUVRAJ CHAUHDHARY in my Driving Licence No. DL8-20220000529. The actual name of mine is YUVRAJ CHAUDHARY which may be amended accordingly.

**NAME CHANGE**

It is for general information that I, NAND KISHORE SHARMA S/o H.L SHARMA R/o A-5 B-77, Shanti Kunj, SFS Flats, Paschim Vihar, West Delhi, Delhi-110063 declare that name of mine and my minor Daughter KAUSHIKI SHARMA aged 9 Years have been wrongly written as N K SHARMA and KUHU SHARMA in her School Records and name of my minor Daughter has been wrongly written as KUHU in her Birth Certificate. The actual name of mine and my minor Daughter are NAND KISHORE SHARMA and KAUSHIKI SHARMA respectively, which may be amended accordingly.

**NAME CHANGE**

It is for general information that I, NAND KISHORE SHARMA S/o H.L SHARMA R/o A-5 B-77, Shanti Kunj, SFS Flats, Paschim Vihar, West Delhi, Delhi-110063 declare that name of mine and my minor Daughter PUNYAA SHARMA aged 7 years have been wrongly written as N K SHARMA and PIHU SHARMA in her School Records and name of my minor Daughter have been wrongly written as PIHU in her Birth Certificate. The actual name of mine and my minor Daughter are NAND KISHORE SHARMA and PUNYAA SHARMA respectively, which may be amended accordingly.

**PUBLIC NOTICE**
**TO WHOMSOEVER IT MAY CONCERN**

This is to inform all concern that my client Mohd Rafeeque s/o of Haji Nazir Ali and Rehana Rafeeque w/o of Mohd Rafeeque, both R/O 1830, Aziz ganj, Hathi khana, bahadur garh road, Sardar bazar, DELHI-110006, having disowned his/ her son Mohd Zeeshan and daughter-in-law Iram Usman from all their property (both movable and immovable), Will, Bank balance, Cash, Jewellery, etc. and they are no more their legal heir. They have no rights in my client's existing and future property.

**Mohammad Daniyal Advocate**
Office: 2778, Gali Chandi Wali,
Pahari Bhojia, Turkman Gate,
Delhi-06

**NAME CHANGE**

I, N PARVATI Mother of NAGARAMBELLI PURNACHANDRA RAO R/O VILL-ADABA, PO-TATIPATTI, TEH-PARALAKHEMUNDI, DIST-GAJAPATI, ODISHA-761210, have changed my name from N PARVATI to NAGARAMBELLI PARVATI for all future purposes and in my son's service records my date of birth wrongly mentioned as 01/06/1965 instead of my correct date of birth as 11/02/1970 vide affidavit dated 26/03/2024 before Notary Public, Delhi.

**NAME CHANGE**

I, Aditya Kumar S/O Inderjeet Singh R/O C-42 , Phase 1 , New Palam Vihar, Gurugram Haryana 122017 have changed my name from Aditya Kumar to Aditya Kumar Sabharwal for all future purposes.

**NAME CHANGE**

I hitherto known as AZEEM AHMED S/o MOHD AFZAL R/o House No. A884, 3rd Floor Left Side, A-Block, Near Hanuman Mandir, Shastri Nagar, North West Delhi, Delhi-110052, have changed my name and shall hereafter be known as AMAN KUMAR.

I, AZEEM AHMED S/o MOHD AFZAL R/o House No. A884, 3rd Floor Left Side, A-Block, Near Hanuman Mandir, Shastri Nagar, North West Delhi, Delhi-110052, do hereby solemnly affirm and declare that I have embraced HINDUISM Religion and renounced ISLAM Religion with effect from 14.08.2021.

**NAME CHANGE**

I, MUSKAN D/O ANIL MALIK residing at DDA MIG FLAT NO-192 MADIPUR DELHI-110064 have changed my name to MUSKAN MALIK for all purpose.

**NAME CHANGE**

I, RAJESH D/O KARAN SINGH residing at FLAT-278, METRO VIEW APARTMENT, SECTOR-13 B, DWARKA, DELHI-110078 have changed my name to RAJESHWARI for all future purpose.

**PUBLIC NOTICE**

Information is given to general public at large that our client Sh. Ravinder Kumar is the owner of Freehold Residential Plot no. T-676, built on Plot No. 113/A, area measuring 183 sq. yds., out of Khasra No. 1/178, situated at Mouza Ghonda, Chauhan Khadar, abadi known as Gautam Puri, Shahdara, Delhi. Vide Will dated 23.12.2020, in the Chain Document probate order of will dated 23.12.2020 is not available Our client is declaring that that any other Person does not have any right over the said property, and Flat / Unit No. 3A on Third Floor sold to be Sh. Asif Qureshi which is to be financed by Piramal Capital & Housing Finance Ltd. Branch: Aggarwal Station Box at Dilshad Garden Metro Station, New Delhi 110095. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, hitherto known as RENU AGGARWAL alias GEETA GOYAL D/o MUKESH GOYAL W/o DEEPAK AGGARWAL residing at House No. 1726, 2nd Floor, Opposite Need Nandan Apartment, Sector-10A, Gurgaon, PO; Gurgaon, Haryana-122001 have changed my name and shall hereafter be known as GEETA GOYAL AGGARWAL.

**PUBLIC NOTICE**

Public notice is hereby given that Mrs. Sunita Yadav, W/o Late Mr. Rajendra Yadav, is the owner of the entire residential duplex House No. 15/106, covering an area of 174.76 square meters, Situated at Sector 15, Vasundhara, Ghaziabad, Uttar Pradesh, This property was purchased on 27.12.2012 through a sale deed executed by Mr. Pankaj Mathur in favor of Mrs. Sunita Yadav and Mr. Rajendra Singh Yadav. Subsequently, Mr. Rajendra Singh Yadav passed away on 05.07.2022, and their son Mr. Vikas Yadav passed away on 25.06.2022. Their legal heirs, namely Mr. Vishal Yadav, Mrs. Yogita Yadav, and Mrs. Shweta Yadav, executed two gift deeds in favor of Mrs. Sunita Yadav on 22.08.2023, in respect of their share with Regd. No. 8790 and 8424, respectively. The same property is being financed by RBL Bank Limited, located at Building no.1, First Floor, Okhla Phase - III, Near Modi Mills, New Delhi - 110020 If any person(s) objection & regarding subject property, then kindly may submit his/her objection within 07 days from the date of the Notice in writing. The said objection may be kindly sent to the undersigned by way of the Registered Post on the address given below and by E-mail. failing which, the claim as per aforesaid shall be treated as null and void in respect of the subject property.

**[ASHWANI KUMAR] Advocate**
Chamber No. 122,
Tehsil Compound, Ghaziabad, U.P.

**NAME CHANGE**

I SURESH S/o AJIT SINGH, Residing H.No. 384, WARD NO. 11, Mata Darwaza, Rohtak - 124001 have changed my name from SURESH to SURESH KUMAR for all future purposes.

**NAME CHANGE**

I PRASHANT CHAWLA S/o NARESH CHAWLA, Residing H.No. 538/23, DLF Colony, Rohtak - 124001 have changed my daughter name from KASHVI to KASHVI CHAWLA for all future purposes.

**PUBLIC NOTICE**


Information is given to general public at large that our client Smt. Kamla Rani (GPA Holder) & Sh. Harbhajan Lal (ATS Holder).is the owner of Freehold Residential Plot No. A-103, bearing Municipal No. WZ-141, area measuring 150 sq. yds., situated in the colony known as Janta Colony, New Delhi. Vide General Power of Attorney (Regd.), Agreement to Sell & Will (Notarized) dated 12.04.2006 Our client is declaring property, and Rights Hand Side, Land area measuring 75 sq. yds. sold to be Sh. Gulshan Kumar Saini which is to be financed by Piramal Capital & Housing Finance Ltd. Branch: Dwarka, New Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

ਕੌਮੀ ਪੱਤ੍ਰਿਕਾ

# ਭਾਜਪਾ ਪੰਜਾਬ ’ਚ ਲੋਕ ਸਭਾ ਚੋਣਾਂ ਇਕੱਲੇ ਲੜੇਗੀ: ਜਾਖੜ

## ਸ਼੍ਰੋਮਣੀ ਅਕਾਲੀ ਦਲ ਪਹਿਲਾ ਹੀ ਆਪਣੇ ਪੱਧਰ ਤੇ 13 ਦੀਆਂ 13 ਸੀਟਾਂ ਤੇ ਚੋਣ ਲੜਨ ਦੀ ਤਿਆਰੀ ਕਰ ਰਿਹਾ ਸੀ : ਚੰਦੂਮਾਜਰਾ





**ਚੰਡੀਗੜ੍ਹ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਪੰਜਾਬ ਵਿਚ ਇਕੱਲੇ ਲੋਕ ਸਭਾ ਚੋਣਾਂ ਲੜੇਗੀ। ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਇਹ ਜਾਣਕਾਰੀ ਦਿੱਤੀ। ਇਹ ਐਲਾਨ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਸੰਸਦੀ ਚੋਣਾਂ ਲਈ ਮੁੜ ਗਠਜੋੜ ਦੇ ਕਿਆਸ ਵਿਚਾਲੇ ਕੀਤਾ ਗਿਆ ਹੈ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਲਈ ਸੱਤ ਗੇੜਾਂ ਦੀਆਂ ਚੋਣਾਂ ਦੇ ਆਖਰੀ ਪੜਾਅ 1 ਜੂਨ ਨੂੰ ਵੋਟਾਂ ਪੈਣਗੀਆਂ। ਸ੍ਰੀ ਜਾਖੜ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਪੋਸਟ ‘ਚ ਕਿਹਾ, ‘ਭਾਜਪਾ ਪੰਜਾਬ ‘ਚ ਇਕੱਲੇ ਚੋਣਾਂ ਲੜੇਗੀ। ਭਾਜਪਾ ਨੇ ਇਹ ਫੈਸਲਾ ਲੋਕਾਂ ਅਤੇ ਪਾਰਟੀ ਵਰਕਰਾਂ ਤੋਂ ਮਿਲੀ ਰਾਇ ਤੋਂ ਬਾਅਦ ਲਿਆ ਹੈ।’

ਉਨ੍ਹਾਂ ਕਿਹਾ ਕਿ ਜੋ ਕੰਮ ਭਾਜਪਾ ਨੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ’ਚ ਕੀਤੇ ਹਨ, ਉਹ ਕਿਸੇ ਤੋਂ ਲੁਕੇ ਨਹੀਂ ਹਨ। ਕਿਸਾਨਾਂ ਦੀਆਂ ਫ਼ਸਲਾਂ ਦਾ ਇਕ-ਇਕ ਦਾਣਾ ਪਿਛਲੇ 10 ਸਾਲਾਂ ’ਚ ਚੁੱਕਿਆ ਗਿਆ ਹੈ ਅਤੇ ਫ਼ਸਲ ਦਾ ਭੁਗਤਾਨ ਹਫ਼ਤੇ ਦੇ ਅੰਦਰ-ਅੰਦਰ ਕਿਸਾਨਾਂ ਦੇ ਖ਼ਾਤਿਆਂ ’ਚ ਪਹੁੰਚਿਆ ਹੈ। ਸੁਨੀਲ ਜਾਖੜ ਨੇ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਜੋ ਖੁੱਲ੍ਹਿਆ ਹੈ, ਇਹ ਵੀ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ’ਚ ਹੀ ਹੋਇਆ ਹੈ।

ਅਗਾਮੀ ਲੋਕ ਸਭਾ ਚੋਣਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਰਮਿਆਨ ਸਮਝੋਤੇ ਨੂੰ ਛੱਡ ਕੇ ਵੱਖੋ ਵੱਖ ਆਪਣੇ ਪੱਧਰ ਤੇ ਚੋਣਾਂ ਲੜਨ ਦੇ ਮਾਮਲੇ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਸੰਸਦ ਮੈਂਬਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪਹਿਲਾ ਹੀ ਆਪਣੇ ਪੱਧਰ ਤੇ 13 ਦੀਆਂ 13 ਸੀਟਾਂ ਤੇ ਚੋਣ ਲੜਨ ਦੀ ਤਿਆਰੀ ਕਰ ਰਿਹਾ ਸੀ ਅਤੇ ਨਾ ਹੀ ਕੋਈ ਸਮਝੌਤੇ ਸਬੰਧੀ ਬੀਜੇਪੀ ਨਾਲ ਗੱਲਬਾਤ ਚੱਲ ਰਹੀ ਸੀ ਇਹ ਕੇਵਲ ਤੇ ਕੇਵਲ ਮੀਡੀਆ ਵਿਚ ਕਿਆਸਰਾਈਆਂ ਸਨ। ਪ੍ਰੋਫੈਸਰ ਚੰਦੂਮਾਜਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਸਭ ਤੋਂ ਪਹਿਲਾਂ ਪੰਜਾਬ ਦੇ ਹਿੱਤ ਪਿਆਰੇ ਹਨ ਤੇ ਰਾਜਨੀਤੀ ਇਸ ਤੋਂ ਬਾਅਦ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਹੀ ਸਪਸ਼ਟ ਕਰ ਚੁੱਕਾ ਸੀ ਕਿ ਬੀਜੇਪੀ ਨਾਲ ਸਮਝੌਤੇ ਤੋਂ ਪਹਿਲਾਂ ਪੰਥਕ ਅਤੇ ਪੰਜਾਬ ਦੇ ਮੁੱਦੇ ਪਹਿਲਾਂ ਹਨ ਇਸ ਲਈ ਪੰਜਾਬ ਦੇ ਮੁੱਦਿਆਂ ਦੇ ਹੱਲ ਤੋਂ ਇਲਾਵਾ ਬੀਜੇਪੀ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ। ਪ੍ਰੋਫੈਸਰ ਚੰਦੂ ਮਾਜਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਦੀ ਅਮਨ ਸ਼ਾਂਤੀ, ਭਾਈਚਾਰਕ ਸਾਂਝ, ਪੰਥਕ ਮੁੱਦੇ, ਕਿਸਾਨੀ ਦੇ ਮੁੱਦੇ, ਬਾਘਾ ਬਾਰਡਰ ਅਤੇ ਹੁਸੈਨੀਵਾਲ ਬਾਰਡਰ ਖੋਲੇ ਜਾਣ, ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾ ਕੀਤਾ ਜਾਵੇ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮਾਫ ਕੀਤੀ ਜਾਵੇ ਆਦਿ ਅਜਿਹੇ ਵੱਡੇ ਮਸਲੇ ਹਨ ਜਿਸ ਜਿਨਾਂ ਦੇ ਹੱਲ ਤੋਂ ਬਿਨਾਂ ਸਮਝੌਤਾ ਨਹੀਂ ਕੀਤਾ ਜਾ ਸਕਦਾ ਸੀ।

# ਲੁਧਿਆਣਾ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਰਵਨੀਤ ਬਿੱਟੂ ਭਾਜਪਾ ’ਚ ਸ਼ਾਮਲ




**ਨਵੀਂ ਦਿੱਲੀ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਅੱਜ ਭਾਜਪਾ ‘ਚ ਸ਼ਾਮਲ ਹੋ ਗਏ। ਲੋਕ ਸਭਾ ਚੋਣਾਂ ਦੌਰਾਨ ਪੰਜਾਬ ਕਾਂਗਰਸ ਨੂੰ ਸਭ ਤੋਂ ਵੱਡਾ ਝਟਕਾ ਲੱਗਾ ਹੈ। ਸ੍ਰੀ ਰਾਹੁਲ ਗਾਂਧੀ ਦੇ ਕਰੀਬੀ ਬਿੱਟੂ ਪੰਜਾਬ ਦਿੱਲੀ ਵਿਚ ਭਾਜਪਾ ਹੈੱਡ ਕੁਆਰਟਰ ਵਿਚ ਕੇਂਦਰੀ ਮੰਤਰੀ ਵਿਨੋਦ ਤਾਵੜੇ ਦੀ ਮੌਜੂਦਗੀ ਵਿਚ ਭਾਜਪਾ ਵਿਚ ਸ਼ਾਮਲ ਹੋਏ। ਬਿੱਟੂ ਤੀਜੀ ਵਾਰ ਕਾਂਗਰਸ ਦੇ ਸੰਸਦ ਮੈਂਬਰ ਬਣੇ ਹਨ। ਉਹ ਇਸ ਵੇਲੇ ਲੁਧਿਆਣਾ ਤੋਂ ਕਾਂਗਰਸ ਦੀ ਨੁਮਾਇੰਦਗੀ ਕਰ ਰਹੇ ਹਨ। ਇਸ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਤੋਂ ਸੰਸਦ ਵਿਚ ਕਾਂਗਰਸ ਦੀ ਨੁਮਾਇੰਦਗੀ ਕਰ ਚੁੱਕੇ ਹਨ। ਉਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੇ ਪੋਤੇ ਹਨ।

ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੂੰ ਉਸ ਵੇਲੇ ਬਹੁਤ ਵੱਡਾ ਝਟਕਾ ਲੱਗਾ ਜਦੋਂ ਲੁਧਿਆਣਾ ਤੋਂ ਮੌਜੂਦਾ ਐੱਮ. ਪੀ. ਅਤੇ ਸਾਬਕਾ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਰਵਨੀਤ ਸਿੰਘ ਬਿੱਟੂ ਅਚਨਚੇਤ ਭਾਜਪਾ ਵਿਚ ਸ਼ਾਮਲ ਹੋ ਗਏ। ਅਚਨਚੇਤ ਆਈ ਇਸ ਖਬਰ ਨੇ ਪੰਜਾਬ ਦੀ ਸਿਆਸਤ ਦਾ ਪਾਰਾ ਵਧਾ ਦਿੱਤਾ ਹੈ। ਇਸ ਦੌਰਾਨ ਦਿੱਲੀ ਵਿਚ ਭਾਜਪਾ ’ਚ ਸ਼ਮੂਲੀਅਤ ਦੌਰਾਨ ਬਿੱਟੂ ਨੇ ਕਿਹਾ ਕਿ ਉਹ ਅਮਿਤ ਸ਼ਾਹ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਭਾਜਪਾ ਵਿਚ ਸ਼ਾਮਲ ਹੋਣ ਦਾ ਮੌਕਾ ਦਿੱਤਾ ਹੈ।

ਬਿੱਟੂ ਨੇ ਕਿਹਾ ਕਿ ਉਹ ਸ਼ਹੀਦ ਪਰਿਵਾਰ ਨਾਲ ਸੰਬੰਧ ਰੱਖਦੇ ਹਨ। ਉਨ੍ਹਾਂ ਨੇ ਪੰਜਾਬ ਦੇ ਬਹੁਤ ਮਾੜੇ ਹਾਲਾਤ ਦੇਖੇ ਹਨ, ਜਿਨ੍ਹਾਂ ਵਿਚੋਂ ਪੰਜਾਬ ਨੂੰ ਬਾਹਰ ਆਉਂਦਾ ਵੀ ਦੇਖਿਆ ਹੈ। ਉਹ ਦਾਅਵੇ ਨਾਲ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਪੰਜਾਬ ਨਾਲ ਬਹੁਤ ਪਿਆਰ ਕਰਦੇ ਹਨ, ਉਹ ਪੰਜਾਬ ਲਈ ਬਹੁਤ ਕੁਝ ਕਰਨਾ ਚਾਹੁੰਦੇ ਹਨ ਜਿਸ ਲਈ ਇਕ ਬਰਿੱਜ ਦੀ ਜ਼ਰੂਰਤ ਹੈ ਅਤੇ ਉਹ ਇਸ ਵਿਚਾਲੇ ਬਰਿੱਜ ਦਾ ਕੰਮ ਕਰਨਗੇ। ਅੱਗੇ ਵੀ ਮੋਦੀ ਸਰਕਾਰ ਹੀ ਆਵੇਗੀ। ਪੰਜਾਬ ਦੇ ਕਿਸਾਨਾਂ ਲਈ, ਪੰਜਾਬ ਦੇ ਦੁਕਾਨਦਾਰਾਂ ਲਈ, ਪੰਜਾਬ ਦੀ ਇੰਡਸਟਰੀ ਦੀ ਅੱਜ ਬਾਂਹ ਫੜਨ ਦੀ ਲੋੜ ਹੈ।

ਉਹ ਕੇਂਦਰ ਸਰਕਾਰ ਅਤੇ ਪੰਜਾਬ ਵਿਚਾਲੇ ਇਕ ਕੜੀ ਦਾ ਕੰਮ ਕਰਨਗੇ। ਉਨ੍ਹਾਂ ਨੇ ਕਿਹਾ ਕਿ ਤਿੰਨ ਖੇਤੀ ਬਿੱਲ ਅਕਾਲੀ ਦਲ ਹੀ ਲੈ ਕੇ ਆਇਆ ਸੀ, ਬਾਅਦ ਵਿਚ ਇਹ ਪਿੱਛੇ ਹਟ ਗਏ ਅਤੇ ਲੋਕਾਂ ਨੂੰ ਗੁੰਮਰਾਹ ਕੀਤਾ ਗਿਆ।

# ਕੇਜਰੀਵਾਲ ਦੀ ਪਟੀਸ਼ਨ ’ਤੇ ਦਿੱਲੀ ਹਾਈ ਕੋਰਟ ਅੱਜ ਕਰੇਗਾ ਸੁਣਵਾਈ

**ਨਵੀਂ ਦਿੱਲੀ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਹਾਈ ਕੋਰਟ ਆਬਕਾਰੀ ਨੀਤੀ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ ਦੇ ਇਕ ਮਾਮਲੇ ’ਚ ਆਪਣੀ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਸੰਬੰਧੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਟੀਸ਼ਨ ’ਤੇ ਬੁੱਧਵਾਰ ਨੂੰ ਸੁਣਵਾਈ ਕਰੇਗਾ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ 21 ਮਾਰਚ ਨੂੰ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਦਿੱਲੀ ਦੀ ਇਕ ਅਦਾਲਤ ਨੇ ਉਨ੍ਹਾਂ ਨੂੰ 28 ਮਾਰਚ ਤੱਕ ਈਡੀ ਦੀ ਹਿਰਾਸਤ ’ਚ ਭੇਜ ਦਿੱਤਾ ਸੀ। ਕੇਜਰੀਵਾਲ ਦੀ ਪਟੀਸ਼ਨ ਜੱਜ ਸਵਰਣਕਾਂਤ ਸ਼ਰਮਾ ਦੇ ਸਾਹਮਣੇ ਸੁਣਵਾਈ ਲਈ ਦੁਪਹਿਰ 10.30 ਵਜੇ ਸੂਚੀਬੱਧ ਹੈ। ਪਟੀਸ਼ਨ ’ਚ ਕੇਜਰੀਵਾਲ ਦੀ ਤੁਰੰਤ ਰਿਹਾਈ ਦੀ ਅਪੀਲ ਕੀਤੀ ਗਈ ਹੈ।

ਆਮ ਆਦਮੀ ਪਾਰਟੀ (ਆਪ) ਦੇ ਰਾਸ਼ਟਰੀ ਕਨਵੀਨਰ ਨੇ ਆਪਣੀ ਪਟੀਸ਼ਨ ਨਾਲ ਪਿਛਲੇ ਹਫ਼ਤੇ ਹਾਈ ਕੋਰਟ ਦਾ ਰੁਖ ਕੀਤਾ ਸੀ ਪਰ ਸੂਤਰਾਂ ਅਨੁਸਾਰ ਤੁਰੰਤ ਸੁਣਵਾਈ ਦੀ ਉਨ੍ਹਾਂ ਦੀ ਅਪੀਲ ਅਸਵੀਕਾਰ ਕਰ ਦਿੱਤੀ ਗਈ, ਕਿਉਂਕਿ ਹਾਈ ਕੋਰਟ ਹੋਲੀ ਦੇ ਤਿਉਹਾਰ ਨੂੰ ਲੈ ਕੇ ਬੰਦ ਸੀ। ਸ਼ੁੱਕਰਵਾਰ ਨੂੰ ਹੇਠਲੀ ਅਦਾਲਤ ਨੇ ਪੂਰੀ ਪੁੱਛ-ਗਿੱਛ ਲਈ ਕੇਜਰੀਵਾਲ ਨੂੰ 28 ਮਾਰਚ ਤੱਕ ਈ.ਡੀ. ਦੀ ਹਿਰਾਸਤ ’ਚ ਭੇਜ ਦਿੱਤਾ ਸੀ। ਏਜੰਸੀ ਦੀ ਜ਼ਬਰਨ ਕਾਰਵਾਈ ਤੋਂ ਕੇਜਰੀਵਾਲ ਨੂੰ ਸੁਰੱਖਿਆ ਦੇਣ ਨਾਲ ਹਾਈ ਕੋਰਟ ਦੇ ਇਨਕਾਰ ਕਰਨ ਦੇ ਕੁਝ ਹੀ ਘੰਟਿਆਂ ਬਾਅਦ ਈ.ਡੀ. ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ।



# ਅਰੁਣਾਚਲ ’ਤੇ ਚੀਨ ਦੇ ਦਾਅਵੇ ਦਾ ਸਖ਼ਤੀ ਨਾਲ ਖੰਡਨ ਕਰੇ ਸਰਕਾਰ : ਮਲਿਕਾਰਜੁਨ ਖੜਗੇ



**ਨਵੀਂ ਦਿੱਲੀ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਮੰਗਲਵਾਰ ਨੂੰ ਕਿਹਾ ਕਿ ਅਰੁਣਾਚਲ ਪ੍ਰਦੇਸ਼ ਭਾਰਤ ਦਾ ਇਕ ਅਟੁੱਟ ਹਿੱਸਾ ਹੈ ਅਤੇ ਮੋਦੀ ਸਰਕਾਰ ਨੂੰ ਚੀਨ ਵਲੋਂ ਇਸ ਸੂਬੇ ’ਤੇ ਦਾਅਵਾ ਕੀਤੇ ਜਾਣ ਦਾ ਬਹੁਤ ਸਖ਼ਤੀ ਨਾਲ ਖੰਡਨ ਕਰਨਾ ਚਾਹੀਦਾ। ਚੀਨ ਨੇ ਸੋਮਵਾਰ ਨੂੰ ਇਕ ਵਾਰ ਮੁੜ ਇਹ ਦਾਅਵਾ ਕੀਤਾ ਕਿ ਅਰੁਣਾਚਲ ਪ੍ਰਦੇਸ਼ ’ਹਮੇਸ਼ਾ’ ਉਸ ਦਾ ਖੇਤਰ ਰਿਹਾ ਹੈ। ਹਾਲਾਂਕਿ ਭਾਰਤ ਨੇ ਬੀਜਿੰਗ ਦੇ ਦਾਅਵੇ ਨੂੰ ’ਬੇਹੂਦਾ’ ਅਤੇ ’ਹਾਸੋਹੀਣਾ’ ਦੱਸ ਕੇ ਖਾਰਜ ਕਰ ਦਿੱਤਾ। ਖੜਗੇ ਨੇ ਸੋਸ਼ਲ ਮੀਡੀਆ ਮੰਚ ’ਐਕਸ’ ’ਤੇ ਪੋਸਟ ਕੀਤਾ ਕਿ ਅਰੁਣਾਚਲ ਪ੍ਰਦੇਸ਼ ਭਾਰਤ ਦਾ ਇਕ ਅਟੁੱਟ ਹਿੱਸਾ ਹੈ। ਉਨ੍ਹਾਂ ਨੇ ਇਹ ਵੀ ਕਿਹਾ,’’ਕਾਂਗਰਸ ਅਰੁਣਾਚਲ ਪ੍ਰਦੇਸ਼ ’ਤੇ ਚੀਨ ਦੇ ਕਿਸੇ ਵੀ ਦਾਅਵੇ ਦੀ ਸਖ਼ਤ ਨਿੰਦਾ ਅਤੇ ਵਿਰੋਧ ਕਰਦੀ ਹੈ। ਇਹ ਇਕ ਮਹੀਨੇ ’ਚ ਚੌਥੀ ਵਾਰ ਹੈ, ਜਦੋਂ ਚੀਨ ਨੇ ਪੂਰੀ ਤਰ੍ਹਾਂ ਨਾਲ ਹਾਸੋਹੀਣੇ ਅਤੇ ਬੇਤੁਕੇ ਦਾਅਵੇ ਕੀਤੇ ਹਨ।’’

ਖੜਗੇ ਦਾ ਕਹਿਣਾ ਹੈ ਕਿ ਸਥਾਨਾਂ ਦਾ ਨਾਂ ਬਦਲ ਕੇ ਅਤੇ ਦੂਜੇ ਦੇਸ਼ਾਂ ਨਾਲ ਸੰਬੰਧਤ ਖੇਤਰਾਂ ਦੇ ਨਕਸ਼ੇ ਮੁੜ ਬਣਾ ਕੇ ਬੇਤੁਕੇ ਦਾਅਵੇ ਕਰਨ ’ਚ ਚੀਨ ਦਾ ਰਿਕਾਰਡ ਮਸ਼ਹੂਰ ਹੈ। ਉਨ੍ਹਾਂ ਕਿਹਾ,’’ਰਾਜਨੀਤੀ ਤੋਂ ਵੱਖ ਅਸੀਂ ਭਾਰਤ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦੀ ਰੱਖਿਆ ’ਚ ਇਕੱਠੇ ਹਾਂ। ਹਾਲਾਂਕਿ ਇਹ ਵੀ ਰੇਖਾਂਕਿਤ ਕੀਤਾ ਜਾ ਸਕਦਾ ਹੈ ਕਿ ਚੀਨ ਦਾ ਰਵੱਈਆ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਆਪਣੀ ’ਲਾਲ ਅੱਖ’ ਦਿਖਾਉਣ ਵਾਲੀ ਕਾਰਵਾਈ ਨਹੀਂ ਕਰਨ ਅਤੇ ਚੀਨ ਨੂੰ ਕਲੀਨ ਚਿੱਟ ਦੇਣ ਦਾ ਨਤੀਜਾ ਹੈ।’’ ਕਾਂਗਰਸ ਪ੍ਰਧਾਨ ਨੇ ਦਾਅਵਾ ਕੀਤਾ,’’ਭਾਵੇਂ ਅਰੁਣਾਚਲ ਪ੍ਰਦੇਸ਼ ਦੇ ਕਰੀਬ ਸਰਹੱਦ ’ਤੇ ਪਿੰਡ ਵਸਾਉਣਾ ਹੋਵੇ ਜਾਂ ਸਰਹੱਦ ਕੋਲ ਰਹਿਣ ਵਾਲੇ ਸਾਡੇ ਲੋਕਾਂ ਨੂੰ ਅਗਵਾ ਕਰਨਾ ਹੋਵੇ, ਮੋਦੀ ਸਰਕਾਰ ਦੀ ’ਪਲੀਜ਼ ਚਾਈਨਾ ਪਾਲਿਸੀ’ (ਚੀਨ ਨੂੰ ਖੁਸ਼ ਕਰਨ ਦੀ ਨੀਤੀ) ਨੇ ਅਰੁਣਾਚਲ ’ਚ ਸਾਡੀ ਰਾਸ਼ਟਰੀ ਸੁਰੱਖਿਆ ਨੂੰ ਖਡਤਰੇ ’ਚ ਪਾ ਦਿੱਤਾ ਹੈ।’’ ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚੀਨ ਨੇ ਦਾਅਵਿਆਂ ਦਾ ਸਖ਼ਤੀ ਨਾਲ ਖੰਡਨ ਕਰਨਾ ਚਾਹੀਦਾ।

# ਜ਼ਿਲ੍ਹਾ ਪੁਲਿਸ ਨੂੰ ਨਸ਼ਾ ਤਸਕਰਾਂ ਖਿਲਾਫ ਮਿਲੀ ਵੱਡੀ ਸ.ਫਲਤਾ 220 ਕਿੱਲੋਗ੍ਰਾਮ ਭੁੱਕੀ ਚੂਰਾ ਪੋਸਤ ਕੀਤੀ ਬ੍ਰਾਮਦ



**ਮਲੇਰਕੋਟਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਕਪਤਾਨ ਪੁਲਿਸ, ਮਾਲੇਰਕੋਟਲਾ ਡਾ.ਸਿਮਰਤ ਕੌਰ ਦੇ ਦਿਸ਼ਾ ਨਿਰਦੇਸ਼ਾ ਤਹਿਤ ਨਸ਼ਿਆ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਕਪਤਾਨ ਪੁਲਿਸ, ਇੰਵੈਸਟੀਗੇਸ਼ਨ, ਸ੍ਰੀ ਵੈਭਵ ਸਹਿਗਲ ਦੀ ਅਗਵਾਈ ਡੀ.ਐਸ.ਪੀ. ਸ੍ਰੀ ਗੁਰਦੇਵ ਸਿੰਘ ਦੀ ਨਿਗਰਾਨੀ ਹੇਠ ਇੰਸਪੈਕਟਰ ਹਰਜਿੰਦਰ ਸਿੰਘ, ਇੰਚਾਰਜ ਸੀ.ਆਈ.ਏ. ਸਟਾਫ, ਮਾਹੋਰਾਣਾ ਜੀ ਦੀ ਟੀਮ ਨੂੰ ਉਸ ਵੇਲੇ ਸਫਲਤਾ ਪ੍ਰਾਪਤ ਹੋਈ ਸ:ਥ: ਮੱਘਰ ਸਿੰਘ ਨੰਬਰ 1639/ਪਟਿਆਲਾ ਸੀ.ਆਈ.ਏ ਮਾਹੋਰਾਣਾ ਵੱਲੋਂ ਸਾਥੀ ਕਰਮਚਾਰੀਆ ਦੀ ਮਦਦ ਨਾਲ ਗਸਤ ਵਾ ਚੈਕਿੰਗ ਦੌਰਾਨ ਰਾਏਕੋਟ ਪੁੱਲ ਉੱਪਰ ਖੜੇ ਟਰੱਕ ਟੱਰਕ ਨੰਬਰ PB-13-21-9526 ਨੂੰ ਸੱਕ ਦੇ ਆਧਾਰ ਪਰ ਚੈੱਕ ਕੀਤਾ ਗਿਆ ਤਾਂ ਉਕਤ ਟਰੱਕ ਵਿੱਚੋਂ 7 ਥੈਲੇ ਪਲਾਸਟਿਕ ਕੁੱਲ 220 ਕਿੱਲੋਗ੍ਰਾਮ ਭੁੱਕੀ ਚੂਰਾ ਪੋਸਤ ਬ੍ਰਾਮਦ ਹੋਣ ਤੇ ਮੁਕੱਦਮਾ ਨੰਬਰ 29 ਮਿਤੀ 25.03.2024 ਅ/ਧ 15/61/85 ਐਨ.ਡੀ.ਪੀ.ਐਸ. ਐਕਟ ਥਾਣਾ ਸਿਟੀ-2 ਮਾਲੇਰਕੋਟਲਾ ਦਰਜ ਰਜਿਸਟਰ ਕਰਕੇ ਦੋਸੀ ਸਤਨਾਮ ਸਿੰਘ ਪੁੱਤਰ ਪਾਲ ਸਿੰਘ ਵਾਸੀ ਪਿੰਡ ਚੁਪਕਾ ਥਾਣਾ ਸਦਰ ਅਹਿਮਦਗੜ੍ਹ ਅਤੇ ਗੁਰਦੀਪ ਸਿੰਘ ਪੱਤਰ ਮੱਲ ਸਿੰਘ ਵਾਸੀ ਪਿੰਡ ਬਾਲੇਵਾਲ ਥਾਣਾ ਸਦਰ ਅਹਿਮਦਗੜ੍ਹ ਜਿਲਾ ਮਲੇਰਕੋਟਲਾ ਨੂੰ ਹਸਬ ਜਾਬਤਾ ਗ੍ਰਿਫਤਾਰ ਕੀਤਾ ਗਿਆ ਅਤੇ ਟਰੱਕ ਨੰਬਰੀ ਉਕਤ ਨੂੰ ਕਬਜਾ ਪੁਲਿਸ ਵਿੱਚ ਲਿਆ ਗਿਆ।

ਦੋਸੀਆਨ ਸਤਨਾਮ ਸਿੰਘ ਅਤੇ ਗੁਰਦੀਪ ਸਿੰਘ ਪਾਸੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਹ ਭੁੱਕੀ ਚੂਰਾ ਪੋਸਤ ਕਿਸ ਵਿਅਕਤੀ ਪਾਸੋਂ ਲੈ ਕੇ ਆਏ ਸਨ ਅਤੇ ਅੱਗੇ ਕਿੰਨਾਂ-ਕਿੰਨਾ ਵਿਅਕਤੀਆਂ ਨੂੰ ਅੱਗੇ ਸਪਲਾਈ ਕਰਨੀ ਸੀ, ਦੋਸੀਆਨ ਦੀ ਪੁੱਛਗਿੱਛ ਤੋਂ ਉਕਤ ਭੁੱਕੀ ਚੂਰਾ ਪੋਸਤ ਸਪਲਾਈ ਕਰਨ ਸਬੰਧੀ ਹੋਰ ਵੀ ਅਹਿਮ ਤੱਥ ਸਾਹਮਣੇ ਆ ਸਕਦੇ ਹਨ, ਜਿਸ ਸਬੰਧੀ ਡੂੰਘਾਈ ਨਾਲ ਤਫਤੀਸ ਅਮਲ ਵਿੱਚ ਲ਼ਿਆਂਦੀ ਜਾ ਰਹੀ ਹੈ।

## ਸ਼੍ਰੋਮਣੀ ਅਕਾਲੀ ਦਲ ਲਈ ਸੱਤਾ ਨਾਲੋਂ ਸਿਧਾਂਤ ਅਹਿਮ: ਬਾਦਲ

**ਚੰਡੀਗੜ੍ਹ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਵੱਲੋਂ ਪੰਜਾਬ ਵਿੱਚ ਲੋਕ ਸਭਾ ਚੋਣਾਂ ਇਕੱਲੇ ਲੜਨ ਦੇ ਫੈਸਲੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਉਨ੍ਹਾਂ ਦੀ ਪਾਰਟੀ ਲਈ ਸੱਤਾ ਨਾਲੋ ਸਿਧਾਂਤ ਜ਼ਿਆਦਾ ਅਹਿਮ ਹਨ।

ਭਾਜਪਾ ਦੇ ਬਿਆਨ ‘ਤੇ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਸ੍ਰੀ ਬਾਦਲ ਨੇ ਕਿਹਾ, ‘ਸ਼੍ਰੋਮਣੀ ਅਕਾਲੀ ਦਲ ਕੋਈ ਆਮ ਸਿਆਸੀ ਪਾਰਟੀ ਨਹੀਂ ਹੈ, ਇਹ ਸਿਧਾਂਤਾਂ ਦੀ ਪਾਰਟੀ ਹੈ। ਸਾਡੇ ਲਈ ਨੰਬਰ ਦੀ ਖੇਡ ਨਾਲੋਂ ਸਿਧਾਂਤ ਜ਼ਿਆਦਾ ਮਹੱਤਵਪੂਰਨ ਹਨ।

# ਅੰਮ੍ਰਿਤਸਰ ’ਚ ਪੰਜਾਬ ਪੁਲਿਸ ਨੂੰ ਵੱਡੀ ਕਾਮਯਾਬੀ ਚਾਰ ਕਿਲੋ ਹੀਰੋਇਨ 3 ਲੱਖ ਡਰੱਗ ਮਨੀ ਦੇ ਨਾਲ ਦੋ ਦੋਸ਼ੀ ਗ੍ਰਿਫਤਾਰ




**ਅੰਮ੍ਰਿਤਸਰ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਅੰਮ੍ਰਿਤਸਰ ਦੇ ਕਮਿਸ਼ਨਰ ਮਾਨਯੋਗ ਗੁਰਪ੍ਰੀਤ ਸਿੰਘ ਭੁੱਲਰ ਜੀ ਨੇ ਇੱਕ ਪ੍ਰੈਸ ਕਾਨਫਰੰਸ ਕੀਤੀ ਜਿਸ ਵਿੱਚ ਉਹਨਾਂ ਨੇ ਦੱਸਿਆ ਕਿ ਦੋ ਦੋਸ਼ੀਆਂ ਕੋਲੋਂ ਚਾਰ ਕਿਲੋ ਹਜੋਈਨ ਤੇ 3 ਲੱਖ ਰੁਪਆ ਡਰੱਗ ਮਨੀ ਫੜੀ ਗਈ ਇਹਨਾਂ ਨੂੰ ਫੜਨ ਵਿੱਚ ਆਈਐਸ ਅਫਸਰ ਦਰਪਨ ਅਲੂਵਾਲਿਆ ਏਸੀਪੀ ਸੁਰਿੰਦਰ ਸਿੰਘ ਤੇ ਐਸ.ਐਚ. ਓ. ਗੇਟ ਹਕੀਮਾਂ ਸਤਨਾਮ ਸਿੰਘ ਜੀ ਨੇ ਅਹਿਮ ਰੋਲ ਅਦਾ ਕੀਤਾ ਹੈ।

ਇਹਨਾਂ ਦੋਸ਼ੀਆਂ ਦੇ ਨਾਮ ਹੈ ਆਕਾਸ਼ਦੀਪ ਸਿੰਘ ਉਰਫ ਆਕਾਸ਼ ਜੋ ਕਿ ਬਾਰਵੀਂ ਪਾਸ ਹੈ ਇਹਦੇ ਉੱਪਰ ਲੜਾਈ ਝਗੜੇ ਦੇ ਕਈ ਪਰਚੇ ਹਨ।

ਦੂਸਰੇ ਦੋਸ਼ੀ ਦਾ ਨਾਂ ਕੁਲਦੀਪ ਸਿੰਘ ਉਰਫ ਗੋਰਾ ਹੈ ਜਿਸ ਦੇ ਕੀ ਅੱਗੇ ਵੀ ਬੜੇ ਐਨਡੀਪੀਐਸ ਦੇ ਪਰਚੇ ਚੱਲ ਰਹੇ ਹਨ ਉਹ ਵੀ ਬਾਰਵੀਂ ਪਾਸ ਹੈ ਅਤੇ ਡਿਸਟਰਿਕਟ ਤਰਨਧਾਨ ਸਰਾਏ ਮਾਨ ਖਾਨ ਦਾ ਰਹਿਣ ਵਾਲਾ ਹੈ ਪੁੱਛ ਕਿ ਦੌਰਾਨ ਪਤਾ ਚਲਿਆ ਹੈ ਕਿ ਇਸ ਦਾ ਲਿੰਕ ਸਰਾਏ ਮਾਨ ਖਾਨ ਦੇ ਗੁਰਪ੍ਰੀਤ ਸਿੰਘ ਉਰਫ ਗੋਪਾ ਨਾਲ ਵੀ ਹੈ ਜੋ ਕਿ ਅੰਤਰਰਾਸ਼ਟਰੀ ਤਸਕਰ ਹੈ ਇਸ ਦਾ ਲਿੰਕ ਪਾਕਿਸਤਾਨ ਨਾਲ ਹੈ

ਗਰੁੱਪ ਦੀ ਸਿੰਘ ਉਰਫ ਗੋਪਾ ਦਾ ਲਿੰਕ ਰਣਜੀਤ ਸਿੰਘ ਉਰਫ ਕੀਤਾ ਨਾਲ ਹੈ ਜਦੋਂ ਕੋਲੋਂ 2019 ਵਿੱਚ 32 ਕਿਲੋ ਫੜੀ ਗਈ ਸੀ ਜਿਹੜੇ ਦੋਸ਼ੀ ਅੱਜ ਫੜੇ ਗਏ ਨੇ ਇਹ ਗੁਰਪ੍ਰੀਤ ਸਿੰਘ ਗੁਰ ਭੋਲਾ ਦੇ ਕਿਸੇ ਨੂੰ ਬਰਦਰ ਹਨ ਇਹ ਸਾਰੇ ਲਗਭਗ ਇਹੋ ਹੀ ਕੰਮ ਕਰਦੇ ਹਨ।

ਬਾਕੀ ਪੁੱਛ ਕਿਸ ਦੌਰਾਨ ਜੋ ਗੱਲ ਸਾਹਮਣੇ ਆਏਗੀ ਉਹ ਦੱਸ ਦਿੱਤੀ ਜਾਏਗੀ।

# ਮੋਦੀ ਨੇ ਸੰਦੇਸ਼ਖਾਲੀ ਪੀੜਤਾ ਨੂੰ ਕੀਤਾ .ਫੋਨ, ਭਾਜਪਾ ਨੇ ਬਸ਼ੀਰਹਾਟ ਤੋਂ ਬਣਾਇਆ ਹੈ ਉਮੀਦਵਾਰ



**ਨਵੀਂ ਦਿੱਲੀ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਸ਼ੀਰਹਾਟ ਦੀ ਭਾਜਪਾ ਉਮੀਦਵਾਰ ਰੇਖਾ ਪਾਤਰਾ ਨਾਲ ਗੱਲ ਕੀਤੀ। ਪੀ.ਐੱਮ. ਮੋਦੀ ਨੇ ਰੇਖਾ ਨੂੰ ‘ਸ਼ਕਤੀ ਸਵਰੂਪਾ’ ਦੱਸਿਆ। ਪੀ.ਐੱਮ. ਮੋਦੀ ਨੇ ਰੇਖਾ ਪਾਤਰਾ ਤੋਂ ਚੋਣ ਤਿਆਰੀਆਂ ਬਾਰੇ ਜਾਣਕਾਰੀ ਲਈ। ਦੱਸਣਯੋਗ ਹੈ ਕਿ ਬਸ਼ੀਰਹਾਟ ਸੀਟ ਤੋਂ ਅਜੇ ਬੰਗਾਲੀ ਫਿਲਮਾਂ ਦੀ ਅਦਾਕਾਰਾ ਨੁਸਰਤ ਜਹਾਂ ਸੰਸਦ ਮੈਂਬਰ ਹੈ। ਹਾਲਾਂਕਿ ਇਸ ਵਾਰ ਟੀ.ਐੱਮ.ਸੀ. ਨੇ ਨੁਸਰਤ ਜਹਾਂ ਨੂੰ ਇਸ ਸੀਟ ਤੋਂ ਟਿਕਟ ਨਹੀਂ ਦਿੱਤੀ ਹੈ। ਟੀ.ਐੱਮ.ਸੀ. ਨੇ ਹਾਜੀ ਨੂਰੁਲ ਇਸਲਾਮ ਨੂੰ ਚੋਣ ਮੈਦਾਨ ’ਚ ਉਤਾਰਿਆ ਹੈ।

ਜਾਣਕਾਰੀ ਅਨੁਸਾਰ ਬਸ਼ੀਰਹਾਟ ਟਿਕਟ ਲਈ ਪੀੜਤ ਰੇਖਾ ਪਾਤਰਾ ਦਾ ਨਾਂ ਭਾਜਪਾ ਨੇਤਾ ਸ਼ੁਭੇਂਦੂ ਅਧਿਕਾਰੀ ਨੇ ਅੱਗੇ ਵਧਾਇਆ ਸੀ। ਪ੍ਰਧਾਨ ਮੰਤਰੀ ਨਾਲ ਫੋਨ ’ਤੇ ਗੱਲ ਕਰਦੇ ਹੋਏ ਰੇਖਾ ਨੇ ਕਿਹਾ,’’ਪੀ.ਐੱਮ. ਮੋਦੀ ਜੀ ਬਹੁਤ ਚੰਗਾ ਲੱਗਾ। ਤੁਹਾਡਾ ਹੱਥ ਮੇਰੇ ਸਿਰ ’ਤੇ ਹੈ। ਸੰਦੇਸ਼ਖਾਲੀ ਦੀਆਂ ਪੀੜਤ ਮਾਵਾਂ-ਭੈਣਾਂ ਦੇ ਸਿਰ ’ਤੇ ਪ੍ਰਧਾਨ ਮੰਤਰੀ ਦਾ ਹੱਥ ਹੈ। ਤੁਸੀਂ ਸਾਡੇ ਲਈ ਭਗਵਾਨ ਸਮਾਨ ਹੈ। ਲੱਗ ਰਿਹਾ ਹੈ ਕਿ ਪ੍ਰਭੂ ਸ਼੍ਰੀਰਾਮ ਜੀ ਸਾਡੇ ਨਾਲ ਹਨ।’’ ਇਸ ਦੇ ਜਵਾਬ ’ਚ ਪੀ.ਐੱਮ. ਮੋਦੀ ਨੇ ਕਿਹਾ,’’ਮਾਵਾਂ-ਭੈਣਾਂ ਦਾ ਹੱਥ ਤਾਂ ਮੇਰੇ ਸਿਰ ’ਤੇ ਹੈ। ਮੈਨੂੰ ਤੁਹਾਡਾ ਮੈਸੇਜ ਮਿਲਿਆ ਸੀ। ਮੈਂ ਜਿੱਥੇ ਤੱਕ ਹੋ ਸਕੇ ਭਾਜਪਾ ਵਰਕਰਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦਾ ਹਾਂ।’’ ਦੱਸਣਯੋਗ ਹੈ ਕਿ ਰੇਖਾ ਪਾਤਰਾ ਨੇ ਪ੍ਰਧਾਨ ਮੰਤਰੀ ਨੂੰ ਸੰਦੇਸ਼ਖਾਲੀ ’ਚ ਲੋਕਾਂ ਨਾਲ ਹੋਏ ਅੱਤਿਆਚਾਰ ਬਾਰੇ ਦੱਸਿਆ। ਇੱਥੇ ਦੇ ਲੋਕਾਂ ਨੇ ਸ਼ੇਖ ਸ਼ਾਹਜਹਾਂ ਸਮੇਤ ਤ੍ਰਿਣਮੂਲ ਕਾਂਗਰਸ ਦੇ ਨੇਤਾਵਾਂ ’ਤੇ ਸ਼ੋਸ਼ਣ ਦਾ ਦੋਸ਼ ਲਗਾਇਆ ਹੈ।

# ਹਿਮਾਚਲ ਵਿਧਾਨ ਸਭਾ ਜ਼ਿਮਨੀ ਚੋਣਾਂ ’ਚ ਭਾਜਪਾ ਨੇ ‘ਬਾ.ਗੀ ਕਾਂਗਰਸੀ’ 6 ਵਿਧਾਇਕਾਂ ਨੂੰ ਮੈਦਾਨ ’ਚ ਉਤਾਰਿਆ




**ਨਵੀਂ ਦਿੱਲੀ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਨੇ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਜ਼ਿਮਨੀ ਚੋਣ ’ਚ ਉਨ੍ਹਾਂ ਸਾਰੇ ਛੇ ਅਯੋਗ ਵਿਧਾਇਕਾਂ ਨੂੰ ਮੈਦਾਨ ’ਚ ਉਤਰ ਦਿੱਤਾ ਹੈ, ਜਿਹੜੇ ਕਾਂਗਰਸ ਛੱਡ ਕੇ ਉਸ ਵਿੱਚ ਸ਼ਾਮਲ ਹੋਏ ਹਨ। ਭਾਜਪਾ ’ਚ ਸ਼ਾਮਲ ਹੋਣ ਵਾਲੇ ਕਾਂਗਰਸੀ ਆਗੂਆਂ ’ਚ ਸੁਧੀਰ ਸ਼ਰਮਾ, ਰਵੀ ਠਾਕੁਰ, ਰਾਜਿੰਦਰ ਰਾਣਾ, ਇੰਦਰ ਦੱਤ ਲਖਨਪਾਲ, ਚੇਤੰਨਿਆ ਸ਼ਰਮਾ ਅਤੇ ਦੇਵਿੰਦਰ ਕੁਮਾਰ ਭੁੱਟੋ ਸ਼ਾਮਲ ਹਨ। ਇਨ੍ਹਾਂ ਨੂੰ ਪਾਰਟੀ ਵ੍ਹਿੱਪ ਦੀ ਉਲੰਘਣਾ ਕਰਕੇ ਰਾਜ ਸਭਾ ਚੋਣਾਂ ’ਚ ਭਾਜਪਾ ਉਮੀਦਵਾਰ ਨੂੰ ਵੋਟ ਪਾਉਣ ਕਰਕੇ ਵਿਧਾਇਕੀ ਦੇ ਅਯੋਗ ਠਹਿਰਾਇਆ ਗਿਆ ਸੀ। ਹੁਣ ਦੇਖਣਾ ਹੋਵੇਗਾ ਕਿ ਊਂਠ ਕਿਸ ਕਰਵੱਟ ਬੈਠਦਾ ਹੈ।

# ਦੇਸ਼ ਦੀ ਜਨਤਾ ਦਾ ਭਰੋਸਾ ਸਿਰਫ ਭਾਜਪਾ ’ਤੇ : ਲਾਜਪਤ ਗੋਇਲ



**ਗੋਨੇਆਣਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੀ ਜਨਤਾ ਦਾ ਭਰੋਸਾ ਸਿਰਫ ਭਾਜਪਾ ਤੇ ਹੈ ਇਹੀ ਕਾਰਨ ਹੈ ਕਿ ਪੂਰੇ ਦੇਸ਼ ਵਿਚ ਭਾਰਤੀ ਜਨਤਾ ਪਾਰਟੀ ਦੀ ਲਹਿਰ ਚੱਲ ਰਹੀ ਹੈ। ਸਾਡੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ 10 ਸਾਲਾਂ ਦੇ ਕਾਰਜਕਾਲ ਵਿਚ ਦੇਸ਼ ਨੂੰ ਇਕ ਨਵੀਆਂ ਉਚਾਈਆਂ ਤੇ ਪਹੁੰਚਾਇਆ ਹੈ, ਜਿਸ ਕਾਰਨ ਲੋਕਾਂ ਦਾ ਵਿਸ਼ਵਾਸ ਸਿਰਫ ਭਾਰਤੀ ਜਨਤਾ ਪਾਰਟੀ ਤੇ ਹੈ, ਨਰਿੰਦਰ ਮੋਦੀ ਤੇ ਹੈ। ਲੋਕ ਚਾਹੁੰਦੇ ਹਨ ਕਿ ਤੀਸਰੀ ਵਾਰ ਵੀ ਭਾਜਪਾ ਸੱਤਾ ਵਿਚ ਆਵੇ ਅਤੇ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣਨ।

ਇਸ ਵਾਰ 400 ਤੋਂ ਵੱਧ ਸੀਟਾਂ ਜਿੱਤ ਕੇ ਬੀਜੇਪੀ ਇਤਿਹਾਸ ਰਚੇਗੀ ਅਤੇ ਤੀਸਰੀ ਵਾਰ ਫਿਰ ਭਾਜਪਾ ਦੀ ਸਰਕਾਰ ਬਣੇਗੀ ਅਤੇ ਸ਼੍ਰੀ ਨਰਿੰਦਰ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਹੋਣਗੇ। ਇਸ ਗੱਲ ਦਾ ਪ੍ਰਗਟਾਵਾ ਭਾਜਪਾ ਦੇ ਸੀਨੀਅਰ ਆਗੂ ਲਾਜਪਤ ਰਾਏ ਗੋਇਲ ਪ੍ਰਦੇਸ਼ ਮੈਂਬਰ ਕੋਰ ਕਮੇਟੀ ਭਾਜਪਾ ਕਿਸਾਨ ਸੈੱਲ (ਪੰਜਾਬ) ਨੇ ਕੀਤਾ।

ਓਹਨਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਲੋਕਾਂ ਦੇ ਹਿਤ ਦੀ ਪਾਰਟੀ ਹੈ, ਨਰਿੰਦਰ ਮੋਦੀ ਵੱਲੋਂ ਦੇਸ਼ ਹਿਤ ਲਈ ਕਿਤੇ ਕੰਮਾਂ ਨੂੰ ਦੇਖਦੇ ਹੋਏ ਦੇਸ਼ ਦਾ ਬੱਚਾ-ਬੱਚਾ ਮੋਦੀ ਨੂੰ ਚਾਹੁੰਦਾ ਹੈ।

# ਕਾਤਲਾਨਾ ਹਮਲੇ ਦੇ ਇੱਕ ਦਰਜਨ ਆਰੋਪੀਆਂ ’ਤੇ ਪਰਚਾ ਦਰਜ

**ਜਲਾਲਾਬਾਦ, 27 ਮਾਰਚ**
**ਭਗਵਾਨ ਸਹਿਗਲ-**
**-ਕੌਮੀ ਪੱਤ੍ਰਿਕਾ ਬਿਊਰੋ-**

ਵੈਰੋਕੇ ਥਾਣਾ ਪੁਲਿਸ ਨੇ ਕਾਤਲਾਨਾ ਹਮਲੇ ਨੂੰ ਅੰਜਾਮ ਦੇਣ ਵਾਲੇ ਇਕ ਦਰਜਨ ਆਰੋਪੀਆਂ ਤੇ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਚੰਦਰਸ਼ੇਖਰ ਨੇ ਦੱਸਿਆ ਕਿ ਉਨ੍ਹਾਂ ਨੂੰ ਜਗਸੀਰ ਸਿੰਘ ਵਾਸੀ ਪੱਕਾ ਕਾਲੇਵਾਲਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਹਰਵਿੰਦਰ ਸਿੰਘ ਉਰਫ ਲਾਡੀ ਵਾਸੀ ਲੱਧੂਵਾਲਾ ਹਿਠਾੜ ਦੀ ਲੜਕੀ ਦਾ ਵਿਆਹ ਗਰੀਨਲੈਂਡ ਪੈਲੇਸ ਪਿੰਡ ਲੱਧੂਵਾਲਾ ਉਤਾੜ ਵਿਖੇ ਹੋਣਾ ਸੀ, ਜਿਸ ਵਿਚ ਸ਼ਾਮਲ ਹੋਣ ਲਈ ਉਹ ਅਤੇ ਗੁਰਵਿੰਦਰ ਸਿੰਘ ਗਏ ਹੋਏ ਸਨ। ਜਿੱਥੇ ਕਰਮਜੀਤ ਸਿੰਘ ਅਤੇ ਉਸਦਾ ਲੜਕਾ ਪ੍ਰਭਜੋਤ ਸਿੰਘ ਵੀ ਆਏ ਹੋਏ ਸਨ। ਦੋਵਾਂ ਧਿਰਾਂ ਵਿੱਚ ਝਗੜਾ ਹੋ ਗਿਆ ਅਤੇ ਲੋਕਾਂ ਦੇ ਸਮਝਾਉਣ ਤੋਂ ਬਾਅਦ ਦੋਵੇਂ ਧਿਰਾਂ ਬੈਠ ਗਈਆਂ। ਜਦੋਂ ਉਹ ਰਾਤ ਦਾ ਖਾਣਾ ਖਾ ਕੇ ਪੈਲੇਸ ਤੋਂ ਬਾਹਰ ਨਿਕਲਿਆ ਤਾਂ ਕਰਮਜੀਤ ਸਿੰਘ, ਉਸ ਦਾ ਲੜਕਾ ਪ੍ਰਭਜੋਤ ਸਿੰਘ, ਗੁਰਭੇਜ ਸਿੰਘ ਉਰਫ਼ ਭੇਜਾ, ਜੀਓਨ ਸਿੰਘ ਵਾਸੀ ਪੱਕਾ ਕਾਲੇਵਾਲਾ ਅਤੇ 7,8 ਅਣਪਛਾਤੇ ਵਿਅਕਤੀ ਉਨ੍ਹਾਂ ਦੀ ਸਵਿਫ਼ਟ ਕਾਰ ਨੰਬਰ ਪੀ.ਬੀ.30ਐਲ-4555 ਵਿੱਚ ਆਏ ਅਤੇ ਕਰਮਜੀਤ ਸਿੰਘ ਨੇ ਲਲਕਾਰਾ ਮਾਰਿਆ ਇੰਨਾਂ ਨੂੰ ਅੱਜ ਮਾਰ ਦੇਣਾ ਹੈ । ਜਿਸ ’ਤੇ ਪ੍ਰਭਜੋਤ ਸਿੰਘ ਪੁੱਤਰ ਕਰਮਜੀਤ ਸਿੰਘ ਨੇ ਹੱਥ ’ਚ ਫੜੀ ਪਿਸਤੌਲ ਨਾਲ ਜਾਨੋਂ ਮਾਰਨ ਦੀ ਨੀਅਤ ਨਾਲ ਉਸ ਦੇ ਪੱਟ ’ਚ ਵਾਰ ਕਰ ਦਿੱਤਾ। ਪੁਲਿਸ ਨੇ ਆਰੋਪੀਆਂ ਖ਼ਿਲਾਫ਼ ਧਾਰਾ 307, 506, 188, 25, 27,54, 59 ਅਸਲਾ ਐਕਟ ਦੇ ਅਧੀਨ ਪਰਚਾ ਦਰਜ ਕਰ ਲਿਆ ਹੈ।

# ਛਾਪੇ ਦੌਰਾਨ ਨਸ਼ਾ ਤਸਕਰ ਨੇ ਦੋ ਪੁਲੀਸ ਮੁਲਾਜ਼ਮ ਜ਼ਖ਼ਮੀ ਕੀਤੇ, ਜਵਾਬੀ ਕਾਰਵਾਈ ’ਚ ਸਮੱਗਲਰ ਦੀ ਮੌਤ



**ਚੰਡੀਗੜ੍ਹ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਤੜਕਸਾਰ ਦਸੂਹਾ ਦੇ ਪਿੰਡ ਮੇਵਾ ਮਿਆਣੀ ਵਿਖੇ ਪੁਲੀਸ ਨੇ ਨਸ਼ਾ ਤਸਕਰ ਦੇ ਘਰ ਛਾਪਾ ਮਾਰਿਆ।

ਨਸ਼ਾ ਤਸਕਰ ਸੁੱਚਾ ਸਿੰਘ ਨੇ ਪੁਲੀਸ ਪਾਰਟੀ ‘ਤੇ ਹਮਲਾ ਕਰ ਦਿੱਤਾ ਤੇ ਏਐੱਸਆਈ ਸਤਨਾਮ ਸਿੰਘ ਦੇ ਸਿਰ ’ਤੇ ਕਹੀ ਮਾਰੀ ਤੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਇਸੇ ਦੌਰਾਨ ਸਿਪਾਹੀ ਗੁਰਵਿੰਦਰ ਸਿੰਘ ਵੀ ਜ਼ਖ਼ਮੀ ਹੋ ਗਿਆ। ਪੁਲੀਸ ਨੇ ਇਸ ਤੋਂ ਬਾਅਦ ਗੋਲੀ ਚਲਾਈ, ਜਿਸ ਵਿੱਚ ਨਸ਼ਾ ਤਸਕਰ ਦੀ ਮੌਤ ਹੋ ਗਈ।

ਪੁਲੀਸ ਵਲੋਂ ਗੰਭੀਰ ਜ਼ਖਮੀ ਏਐੱਸਆਈ ਤੇ ਕਾਂਸਟੇਬਲ ਨੂੰ ਸਿਵਲ ਹਸਪਤਾਲ ਦਸੂਹਾ ਵਿਖੇ ਇਲਾਜ ਲਈ ਦਾਖ਼ਲ ਕਰਵਾ ਦਿੱਤਾ ਗਿਆ ਹੈ।

# ਸਿੱਧੂ ਮੂਸੇਵਾਲਾ ਕਤਲ ਕਾਂਡ ’ਚ ਸ਼ਾਮਲ ਗੈਂਗਸਟਰ ਦੀਪਕ ਟੀਨੂੰ ਦੀ ਵਿਗੜੀ ਸਿਹਤ



**ਬਠਿੰਡਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਧੂ ਮੂਸੇਵਾਲਾ ਕਤਲ ਕਾਂਡ ਵਿਚ ਅਹਿਮ ਕੜੀ ਮੰਨੇ ਜਾਂਦੇ ਖ਼ਤਰਨਾਕ ਗੈਂਗਸਟਰ ਦੀਪਕ ਟੀਨੂੰ ਦੀ ਸਿਹਤ ਵਿਗੜ ਗਈ ਹੈ। ਜਿਸ ਦੇ ਚੱਲਦੇ ਗੈਂਗਸਟਰ ਨੂੰ ਬਠਿੰਡੇ ਦਾ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਗੈਂਗਸਟਰ ਟੀਨੂੰ ਦੇ ਗੋਡਿਆਂ ਅਤੇ ਦੰਦਾਂ ਵਿਚ ਦਰਦ ਹੈ, ਜਿਸ ਦੇ ਚੱਲਦੇ ਉਸ ਨੂੰ ਸਖ਼ਤ ਸੁਰੱਖਿਆ ਹੇਠ ਹਸਪਤਾਲ ਲਿਆਂਦਾ ਗਿਆ ਹੈ। ਡਾਕਟਰਾਂ ਵੱਲੋਂ ਗੈਂਗਸਟਰ ਦੀਪਕ ਟੀਨੂ ਦਾ ਚੈੱਕਅੱਪ ਕਰਨ ਉਪਰੰਤ ਜੇਲ੍ਹ ਵਿੱਚ ਵਾਪਿਸ ਲਿਆਇਆ ਗਿਆ। ਸਰਕਾਰੀ ਹਸਪਤਾਲ ਵਿਚ ਮੌਜੂਦ ਡਾਕਟਰ ਮੁਤਾਬਕ ਗੈਂਗਸਟਰ ਦੀਪਕ ਟੀਨੂੰ ਨੂੰ ਪੁਰਾਣੀ ਸੱਟ ਦੇ ਚੱਲਦਿਆਂ ਗੋਡੇ ਵਿਚ ਤਕਲੀਫ ਹੈ। ਇਸ ਤੋਂ ਪਹਿਲਾਂ ਵੀ ਉਹ ਜੇਲ੍ਹ ਵਿਚ ਜਾ ਕੇ ਦੀਪਕ ਟੀਨੂੰ ਦਾ ਚੈੱਕਅੱਪ ਕਰਕੇ ਆਏ ਸਨ। ਅੱਜ ਜੇਲ੍ਹ ਪ੍ਰਸ਼ਾਸਨ ਵੱਲੋਂ ਇਲਾਜ ਲਈ ਬਠਿੰਡਾ ਦੇ ਸਰਕਾਰੀ ਹਸਪਤਾਲ ਭੇਜਿਆ ਗਿਆ ਹੈ। ਜਿੱਥੇ ਗੈਂਗਸਟਰ ਦੀਪਕ ਟੀਨੂੰ ਦਾ ਐਕਸ-ਰਾ ਵੀ ਕਰਵਾਇਆ ਗਿਆ ਹੈ। ਉਪਰੰਤ ਜੇਲ੍ਹ ਪ੍ਰਸ਼ਾਸਨ ਨੂੰ ਗੈਂਗਸਟਰ ਦੀਪਕ ਟੀਨੂੰ ਦੇ ਗੋਡੇ ਦੀ ਐੱਮ. ਆਰ. ਆਈ. ਕਰਵਾਉਣ ਲਈ ਲਿਖਿਆ ਗਿਆ ਹੈ।

# ਕੇਜਰੀਵਾਲ ਦੀ ਗ੍ਰਿ.ਫਤਾਰੀ ਖ਼ਿਲਾ.ਫ ਦਿੱਲੀ ’ਚ ਪ੍ਰਦਰਸ਼ਨ: ਪੁਲਿਸ ਨੇ ਸਿੱਖਿਆ ਮੰਤਰੀ ਸਣੇ ਕਈ ਨੇਤਾ ਹਿਰਾਸਤ ’ਚ ਲਏ



**ਨਵੀਂ ਦਿੱਲੀ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸੋਮਨਾਥ ਭਾਰਤੀ ਨੂੰ ਪੁਲੀਸ ਨੇ ਅੱਜ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਪਟੇਲ ਚੌਕ ਵਿੱਚ ‘ਆਪ’ ਦੇ ਕਈ ਮੈਂਬਰਾਂ ਸਣੇ ਨੂੰ ਹਿਰਾਸਤ ਵਿੱਚ ਲਿਆ। ਇਨਕਲਾਬ ਜ਼ਿੰਦਾਬਾਦ ਅਤੇ ਕੇਜਰੀਵਾਲ ਜ਼ਿੰਦਾਬਾਦ ਦੇ ਨਾਅਰੇ ਲਗਾਉਂਦੇ ਹੋਏ ਆਮ ਆਦਮੀ ਪਾਰਟੀ (ਆਪ) ਦੇ ਵਰਕਰ ਅਤੇ ਆਗੂ ਇਲਾਕੇ ਦੇ ਮੈਟਰੋ ਸਟੇਸ਼ਨ ‘ਤੇ ਪਹੁੰਚੇ। ਪਾਰਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੋਕ ਕਲਿਆਣ ਮਾਰਗ ‘ਤੇ ਸਥਿਤ ਰਿਹਾਇਸ਼ ਵੱਲ ਮਾਰਚ ਤੇ ਘਿਰਾਓ ਕਰਨ ਦਾ ਸੱਦਾ ਦਿੱਤਾ ਹੋਇਆ ਹੈ। ਇਸ ਖੇਤਰ ਵਿੱਚ ਫੌਜਦਾਰੀ ਜ਼ਾਬਤਾ ਦੀ ਧਾਰਾ 144 ਦੇ ਤਹਿਤ ਮਨਾਹੀ ਦੇ ਹੁਕਮ ਲਾਗੂ ਹਨ ਅਤੇ ਪੁਲੀਸ ਕਿਸੇ ਨੂੰ ਵੀ ਇਕੱਠੇ ਹੋਣ ਦੀ ਇਜਾਜ਼ਤ ਨਹੀਂ ਦੇ ਰਹੀ। ‘ਆਪ’ ਦੇ ਸੀਨੀਅਰ ਨੇਤਾ ਭਾਰਤੀ ਨੇ ਐਕਸ ‘ਤੇ ਪੋਸਟ ‘ਚ ਕਿਹਾ ਕਿ ਉਨ੍ਹਾਂ ਨੂੰ ਦਿੱਲੀ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ‘ਆਪ’ ਦੀ ਮੰਗੋਲਪੁਰੀ ਤੋਂ ਵਿਧਾਇਕ ਰਾਖੀ ਬਿਰਲਾ ਦੇ ਨਾਲ ਪੁਲੀਸ ਨੇ ਹਿਰਾਸਤ ‘ਚ ਲਿਆ ਹੈ। ਪੰਜਾਬ ਵਿੱਚ ‘ਆਪ’ ਸਰਕਾਰ ਵਿੱਚ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਪਾਰਟੀ ਦੀ ਸੀਨੀਅਰ ਮੈਂਬਰ ਰੀਨਾ ਗੁਪਤਾ ਵੀ ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਵਿੱਚ ਸ਼ਾਮਲ ਹਨ।

# ਹਰਜਸ ਪਬਲਿਕ ਸਕੂਲ ਝੜੌਦੀ ਵਿਖੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦਿੱਤੀ ਗਈ ਸ਼ਾਨਦਾਰ ਵਿਦਾਇਗੀ ਪਾਰਟੀ

**ਮਾਛੀਵਾੜਾ ਸਾਹਿਬ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਮਾਛੀਵਾੜਾ ਨਜ਼ਦੀਕ ਪਿੰਡ ਝੜੌਦੀ ਵਿਖੇ ਸਿੱਖਿਆ ਦੇ ਖੇਤਰ ਵਿੱਚ ਸਿਰਕੱਢ ਸੰਸਥਾ ਹਰਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇਮਤਿਹਾਨਾਂ ਦੀ ਸਮਾਪਤੀ ਤੋਂ ਬਾਅਦ ਸ਼ਾਨਦਾਰ ਤਰੀਕੇ ਨਾਲ ਵਿਦਾਇਗੀ ਪਾਰਟੀ ਦਿੱਤੀ ਗਈ। ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਮ ਤੌਰ ਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇਮਤਿਹਾਨਾਂ ਤੋਂ ਪਹਿਲਾਂ ਹੀ ਵਿਦਾਇਗੀ ਪਾਰਟੀ ਦੇ ਦਿੱਤੀ ਜਾਂਦੀ ਹੈ ਪਰ ਹਰਜਸ ਸਕੂਲ ਦੀ ਮੈਨੇਜਮੈਂਟ ਅਤੇ ਸਮੂਹ ਸਟਾਫ ਵੱਲੋਂ ਵਿਦਿਆਰਥੀਆਂ ਨੂੰ ਵੱਖਰੇ ਰੂਪ ਵਿੱਚ ਵਿਦਾਇਗੀ ਪਾਰਟੀ ਦੇਣ ਦਾ ਨਿਰਣਾ ਕੀਤਾ ਗਿਆ ਕਿ ਸਾਰੇ ਇਮਤਿਹਾਨਾਂ ਤੋਂ ਬਾਅਦ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦੇ ਰੂਪ ਵਿੱਚ ਇਸ ਵਾਰ ਕੁਝ ਵੱਖਰਾ ਕਰਕੇ ਦਿੱਤਾ ਜਾਵੇ ਤੇ ਹੋਇਆ ਵੀ ਇੰਝ ਹੀ। ਸਕੂਲ ਦੇ ਅਧਿਆਪਕ ਹਰਮੀਤ ਕੌਰ (ਕਨੇਡਾ) ਨੇ ਵਿਦਿਆਰਥੀਆਂ ਨੂੰ ਬਾਰ੍ਹਵੀਂ ਜਮਾਤ ਕਰਨ ਤੋਂ ਬਾਅਦ ਕਿਹੜੇ ਕਿਹੜੇ ਖੇਤਰ ਵਿੱਚ ਉਹਨਾਂ ਦੇ ਲਈ ਪੜ੍ਹਾਈ ਅਤੇ ਰੁਜ਼ਗਾਰ ਦੀਆਂ ਕੀ ਕੀ ਸੰਭਾਵਨਾਵਾਂ ਹਨ ਬਾਰੇ ਬੜੇ ਵਿਸਥਾਰ ਪੂਰਵਕ ਕੈਰੀਅਰ ਕੌਂਸਲਿੰਗ ਰਾਹੀਂ ਸਮਝਾਇਆ। ਜਿਸ ਨੂੰ ਸਾਰੇ ਹੀ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਅਤੇ ਚਾਅ ਨਾਲ ਸੁਣਿਆ। ਸਕੂਲ ਪ੍ਰਬੰਧਕ ਪਰਮਜੀਤ ਸਿੰਘ ਨੇ ਹਮੇਸ਼ਾ ਦੀ ਤਰ੍ਹਾਂ ਵਿਦਿਆਰਥੀਆਂ ਨੂੰ ਨਵਾਂ ਕੁਝ ਸਿਖਾਉਂਦਿਆਂ ਉਹਨਾਂ ਨੂੰ ਮਹੱਤਵਪੂਰਨ ਅਤੇ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਮਹੱਤਵਪੂਰਨ ਤੇ ਧਿਆਨਯੋਗ ਗੱਲਾਂ ਰਾਹੀਂ ਸਾਂਝ ਪਾਈ ਅਤੇ ਉਹਨਾਂ ਦੇ ਆਉਣ ਵਾਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਬਾਰ੍ਹਵੀਂ ਜਮਾਤ ਦੇ ਇੰਚਾਰਜ ਮੈਡਮ ਵੰਦਨਾ ਪਰਿਹਾਰ ਸਟੇਜ ਸੰਚਾਲਨ ਦੀ ਭੂਮਿਕਾ ਨਿਭਾਉਂਦਿਆਂ ਵਿਦਿਆਰਥੀਆਂ ਨੂੰ ਸਭ ਦੇ ਰੂਬਰੂ ਕੀਤਾ। ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਰਜਸ ਸਕੂਲ ਵਿੱਚ ਬਿਤਾਏ ਲਗਭਗ 14 ਸਾਲਾਂ ਦੇ ਆਪਣੇ ਸਮੇਂ ਨੂੰ ਭਾਵਕ ਰੂਪ ਵਿੱਚ ਯਾਦ ਕਰਦਿਆਂ ਆਪਣੇ ਅਨੁਭਵ ਸਾਂਝੇ ਕੀਤੇ।

ਆਮ ਵਿਦਾਇਗੀ ਪਾਰਟੀਆਂ ਨਾਲੋਂ ਇਹ ਸਮਾਗਮ ਇਸ ਕਰਕੇ ਵੀ ਯਾਦਗਾਰੀ ਹੋ ਨਿੱਬੜਿਆ ਕਿਉਂਕਿ ਇਸ ਸਮਾਗਮ ਵਿੱਚ ਤੜਕ ਭੜਕ ਜਾਂ ਉੱਚੀ ਸ਼ੋਰ ਸ਼ਰਾਬੇ ਵਾਲੇ ਡੀ.ਜੇ.ਦੀਆਂ ਕੰਨ ਪਾੜਵੀਆਂ ਅਵਾਜ਼ਾਂ ਦੀ ਬਜਾਏ ਵਿਦਿਆਰਥੀਆਂ ਨੂੰ ਸ਼ਾਂਤ ਅਤੇ ਰਮਣੀਕ ਮਹੌਲ ਵਿੱਚ ਜ਼ਿੰਦਗੀ ਜਿਊਣ ਅਤੇ ਸਫਲ ਹੋਣ ਲਈ ਲੋੜੀਂਦੀ ਜਾਣਕਾਰੀ ਨਾਲ ਨਿਵਾਜਿਆ ਗਿਆ ਅਤੇ ਆਉਣ ਵਾਲੇ ਸਮੇਂ ਵਿੱਚ ਉਹਨਾਂ ਦੀ ਪੜ੍ਹਾਈ ਅਤੇ ਰੋਜ਼ਗਾਰ ਕੈਰੀਅਰ ਬਾਰੇ ਵਿਚਾਰ ਚਰਚਾਵਾਂ ਕੀਤੀਆਂ ਗਈਆਂ। ਕੋਆਰਡੀਨੇਟਰ ਸਤੀਸ਼ ਕੁਮਾਰ ਨੇ ਵਿਦਿਆਰਥੀਆਂ ਨਾਲ ਬੀਤੇ ਸਮੇਂ ਦੀਆਂ ਸਾਂਝਾਂ ਨੂੰ ਤਾਜ਼ਾ ਕਰਦਿਆਂ ਹਰਜਸ ਸਕੂਲ ਵੱਲੋਂ ਆਉਣ ਵਾਲੇ ਸਮੇਂ ਵਿੱਚ ਵੀ ਹਰ ਸੰਭਵ ਮਦਦ ਕੀਤੇ ਜਾਣ ਦਾ ਭਰੋਸਾ ਦਿਵਾਉਂਦਿਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ ਤੇ ਅੱਜ ਦੀ ਵਿਦਾਇਗੀ ਪਾਰਟੀ ਤੇ ਪਹੁੰਚਣ ਤੇ ਸਭਨਾਂ ਦਾ ਧੰਨਵਾਦ ਵੀ ਪ੍ਰਗਟ ਕੀਤਾ। ਅਖੀਰ ਵਿੱਚ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੇ ਇਕੱਠਿਆਂ ਦੁਪਹਿਰ ਦੇ ਖਾਣੇ ਦਾ ਆਨੰਦ ਮਾਣਿਆ।

# ਡਾ.ਐਸ.ਪੀ.ਸਿੰਘ ਓਬਰਾਏ ਦੀ ਕੋਸ਼ਿਸ਼ਾਂ ਸਦਕਾ ਨਾਲ ਇੱਕ ਭਾਰਤੀ ਸ਼ਾਰਜਾਹ ਦੀ ਜੇਲ੍ਹ ਤੋਂ ਰਿਹਾਅ ਹੋ ਕੇ ਘਰ ਪਰਤਿਆ



ਅੰਮ੍ਰਿਤਸਰ, 27 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਅੰਮ੍ਰਿਤਸਰ ਏਅਰਪੋਰਟ ਤੇ ਗੁਰਦਾਸਪੁਰ ਦੇ ਪਿੰਡ ਸ਼ੇਖੂਪੁਰਾ ਦੇ ਗੁਰਪ੍ਰੀਤ ਸਿੰਘ ਨੂੰ ਸ਼ਾਰਜਾਹ ਵਿੱਚ ਇੱਕ ਕਤਲ ਕੇਸ ਵਿੱਚ ਤਿੰਨ ਹੋਰ ਪਾਕਿਸਤਾਨੀ ਨੌਜਵਾਨਾਂ ਸਮੇਤ ਮੌਤ ਦੀ ਸਜ਼ਾ ਸੁਣਾਈ ਗਈ ਸੀ।ਜਿਸ ਤੋਂ ਬਾਅਦ ਸਰਬੱਤ ਦਾ ਭਲਾ ਟਰੱਸਟ ਨੇ ਬਲੱਡ ਮਨੀ ਦੇ ਕੇ ਉਸ ਨੂੰ ਰਿਹਾਅ ਕਰਵਾਇਆ।

ਮਾਮਲਾ 2019 ਤੋਂ ਸ਼ਾਰਜਾਹ ਵਿੱਚ ਇੱਕ ਹੋਰ ਭਾਰਤੀ ਨੌਜਵਾਨ ਦੇ ਕਤਲ ਦੇ ਮਾਮਲੇ ਵਿੱਚ ਗੁਰਪ੍ਰੀਤ ਸਿੰਘ ਸਮੇਤ ਚਾਰ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਨੌਜਵਾਨਾਂ ਵਿੱਚ ਭਾਰਤੀ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਗੁਰਪ੍ਰੀਤ ਸਿੰਘ ਅਤੇ ਪਾਕਿਸਤਾਨੀ ਪੰਜਾਬ ਦੇ ਰਾਓ ਮੁਹੰਮਦ ਆਦਿਲ, ਰਾਣਾ ਤਾਬਿਸ਼ ਰਸ਼ੀਦ ਅਤੇ ਆਦਿਲ ਜਾਵੇਦ ਚੀਮਾ ਸ਼ਾਮਲ ਹਨ। ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਸ਼ੇਖੂਪੁਰ ਦੇ ਗੁਰਪ੍ਰੀਤ ਸਿੰਘ ਦੇ ਪਰਿਵਾਰ ਨੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਅੰਮ੍ਰਿਤਸਰ ਇਕਾਈ ਨਾਲ ਸੰਪਰਕ ਕਰਨ ਤੋਂ ਬਾਅਦ ਐਸ.ਪੀ. ਸਿੰਘ ਓਬਰਾਏ ਨੇ ਇਸ ਕੇਸ ਨੂੰ ਅੱਗੇ ਲਿਜਾਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਦੋ ਸਾਲ ਤੱਕ ਚੱਲੇ ਮੁਕੱਦਮੇ ਤੋਂ ਬਾਅਦ ਸ਼ਾਰਜਾਹ ਅਦਾਲਤ ਨੇ ਇਨ੍ਹਾਂ ਚਾਰਾਂ ਨੌਜਵਾਨਾਂ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਜਿਸ ਤੋਂ ਬਾਅਦ ਕਤਲ ਕੀਤੇ ਗਏ ਬਲਾਚੌਰ ਕੋਲ ਦੇ ਨੌਜਵਾਨ ਦੇ ਮਾਪਿਆਂ ਨਾਲ ਕਾਫੀ ਸਮੇਂ ਬਾਅਦ ਸੰਪਰਕ ਕਰਨ 'ਤੇ ਡਾ.ਐਸ.ਪੀ. ਸਿੰਘ ਓਬਰਾਏ ਨੇ ਉਸ ਨੂੰ ਬਲੱਡ ਮਨੀ ਸਵੀਕਾਰ ਕਰਨ ਲਈ ਮਨਾ ਲਿਆ। ਇਸ ਸਮਝੌਤੇ ਤੋਂ ਬਾਅਦ ਸ਼ਾਰਜਾਹ ਅਦਾਲਤ ਵਿਚ ਜੱਜਾਂ ਦੀ ਹਾਜ਼ਰੀ ਵਿਚ ਡਾਕਟਰ ਓਬਰਾਏ ਨੇ ਮੌਕੇ 'ਤੇ ਹੀ ਮ੍ਰਿਤਕ ਨੌਜਵਾਨ ਦੇ ਪਰਿਵਾਰ ਨੂੰ 2 ਲੱਖ ਦਿਰਹਮ (ਲਗਭਗ 46 ਲੱਖ ਰੁਪਏ) ਬਲੱਡ ਮਨੀ ਵਜੋਂ ਸੌਂਪੇ।

ਚਾਰ ਨੌਜਵਾਨਾਂ ਦੇ ਪਰਿਵਾਰਾਂ ਦੇ ਯੋਗਦਾਨ ਤੋਂ ਇਲਾਵਾ ਡਾ: ਓਬਰਾਏ ਨੇ ਵੀ ਇਸ ਬਲੱਡ ਮਨੀ ਦਾ ਵੱਡਾ ਹਿੱਸਾ ਪਾਇਆ। ਇਸ ਮਾਮਲੇ ਸਬੰਧੀ ਡਾ.ਓਬਰਾਏ ਨੇ ਦੱਸਿਆ ਕਿ ਸ਼ਾਰਜਾਹ ਅਦਾਲਤ ਨੇ ਅੰਤਿਮ ਫੈਸਲਾ ਦਿੰਦੇ ਹੋਏ ਚਾਰ ਨੌਜਵਾਨਾਂ ਨੂੰ ਰਿਹਾਅ ਕਰਨ ਦੇ ਹੁਕਮ ਜਾਰੀ ਕੀਤੇ ਸਨ। ਜਿਸ ਦੇ ਚੱਲਦਿਆਂ ਸ਼ਾਰਜਹਾਨ ਜੇਲ੍ਹ ਤੋਂ ਰਿਹਾਅ ਹੋਇਆ ਪਰਮਜੀਤ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਅੱਜ ਸਵੇਰੇ ਅੰਮ੍ਰਿਤਸਰ ਦੇ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਿਆ, ਜਿੱਥੇ ਉਸ ਦੀ ਮਾਤਾ ਬਲਜੀਤ ਕੌਰ ਅਤੇ ਪਤਨੀ ਮੇਘਾ ਸਮੇਤ ਪਰਿਵਾਰਕ ਮੈਂਬਰਾਂ ਵੱਲੋਂ ਉਸ ਦਾ ਸਵਾਗਤ ਕੀਤਾ ਗਿਆ।

ਇਨ੍ਹਾਂ ਪੰਜ ਸਾਲਾਂ ਦੌਰਾਨ ਗੁਰਪ੍ਰੀਤ ਦੇ ਪਿਤਾ ਪਰਮਜੀਤ ਸਿੰਘ ਕਰੀਬ ਦੋ ਸਾਲ ਆਪਣੇ ਪੁੱਤਰ ਨੂੰ ਮਿਲਣ ਦੀ ਉਡੀਕ ਕਰਦੇ ਹੋਏ ਰੱਬ ਨੂੰ ਪਿਆਰੇ ਹੋ ਗਏ।

ਰਿਹਾਅ ਹੋਏ ਗੁਰਪ੍ਰੀਤ ਸਿੰਘ ਅਤੇ ਉਸਦੇ ਪਰਿਵਾਰ ਨੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ.ਐਸ.ਪੀ.ਸਿੰਘ ਓਬਰਾਏ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਨੇ ਗੁਰਪ੍ਰੀਤ ਦੀ ਜਾਨ ਬਚਾਈ ਅਤੇ ਉਸ ਨੂੰ ਸਿਆਸੀ ਹੱਦਾਂ ਤੋਂ ਉੱਪਰ ਉੱਠ ਕੇ ਬੱਚਿਆਂ ਦੀ ਜਾਨ ਬਚਾਉਣ ਵਾਲਾ ਦੂਤ ਦੱਸਿਆ। ਗੁਰਪ੍ਰੀਤ ਅਨੁਸਾਰ ਡਾ: ਓਬਰਾਏ ਖਾੜੀ ਦੇਸ਼ਾਂ ਵਿੱਚ ਫਸੇ ਸੈਂਕੜੇ ਲੋਕਾਂ ਲਈ ਰੱਬ ਦੇ ਦੂਤ ਦਾ ਕੰਮ ਕਰਦੇ ਹਨ। ਇੱਥੇ ਦੱਸ ਦੇਈਏ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ: ਓਬਰਾਏ ਦੇ ਯਤਨਾਂ ਸਦਕਾ 2010 ਤੋਂ ਹੁਣ ਤੱਕ 138 ਵਿਅਕਤੀ ਮੌਤ ਦੀ ਸਜ਼ਾ ਜਾਂ 45 ਸਾਲ ਤੱਕ ਦੀ ਲੰਬੀ ਸਜ਼ਾ ਤੋਂ ਰਿਹਾਅ ਕੀਤਾ ਜਾ ਚੁੱਕਾ ਹੈ।

# ਏ ਡੀ ਸੀ ਨੇ ਪ੍ਰਸਤਾਵ ਨੂੰ ਅੰਤਿਮ ਰੂਪ ਦੇਣ ਲਈ ਸਿਆਸੀ ਪਾਰਟੀਆਂ ਨਾਲ ਮੀਟਿੰਗ ਕੀਤੀ



ਮੁਹਾਲੀ, 27 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਚੋਣ ਅਫ਼ਸਰ ਦੀਆਂ ਹਦਾਇਤਾਂ ਕਿ ਜਿੱਥੇ ਇੱਕ ਬੂਥ ਵਿੱਚ ਵੋਟਰਾਂ ਦੀ ਗਿਣਤੀ 1400 ਤੋਂ ਵੱਧ ਹੈ, ਉੱਥੇ ਸਹਾਇਕ ਬੂਥ ਸਥਾਪਤ ਕੀਤੇ ਜਾਣ, ਦੀ ਪਾਲਣਾ ਕਰਦਿਆਂ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ 112-ਡੇਰਾਬੱਸੀ ਹਲਕੇ ਵਿੱਚ ਪੰਜ ਸਹਾਇਕ ਬੂਥ ਬਣਾਏ ਜਾਣਗੇ।

ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਵਿਰਾਜ ਸ਼ਿਆਮਕਰਨ ਤਿੜਕੇ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁੱਖ ਚੋਣ ਅਫ਼ਸਰ ਨੂੰ ਭੇਜੇ ਜਾ ਰਹੇ ਪ੍ਰਸਤਾਵ ਤੋਂ ਜਾਣੂ ਕਰਵਾਉਣ ਲਈ ਸਿਆਸੀ ਪਾਰਟੀਆਂ ਨਾਲ ਅੱਜ ਮੀਟਿੰਗ ਕਰਦਿਆਂ ਦੱਸਿਆ ਕਿ ਹਲਕਾ 112-ਡੇਰਾਬੱਸੀ ਵਿੱਚ ਪੰਜ ਬੂਥ ਸਨ, ਜਿੱਥੇ ਵੋਟਰਾਂ ਦੀ ਗਿਣਤੀ ਮੁੱਖ ਚੋਣ ਅਫ਼ਸਰ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 1400 ਤੋਂ ਵੱਧ ਸੀ। ਇਨ੍ਹਾਂ ਬੂਥਾਂ ਵਿੱਚ ਬੂਥ ਨੰ: 33 (1507 ਵੋਟਾਂ), ਬੂਥ ਨੰ: 40 (1495 ਵੋਟਾਂ), ਬੂਥ ਨੰ: 123 (1467 ਵੋਟਾਂ), ਬੂਥ ਨੰ: 134 (1484 ਵੋਟਾਂ) ਅਤੇ ਬੂਥ ਨੰ: 229 (1504 ਵੋਟਾਂ) ਸ਼ਾਮਲ ਹਨ, ਜਿੱਥੇ ਸਹਾਇਕ ਪੋਲਿੰਗ ਸਟੇਸ਼ਨ ਬਣਾਏ ਜਾਣੇ ਹਨ।

ਇਸੇ ਤਰ੍ਹਾਂ 52-ਖਰੜ ਅਤੇ 53-ਐਸ.ਏ.ਐਸ.ਨਗਰ ਦੇ ਰਿਟਰਨਿੰਗ ਅਫ਼ਸਰਾਂ ਨੇ ਦੱਸਿਆ ਹੈ ਕਿ ਉਨ੍ਹਾਂ ਦੇ ਹਲਕਿਆਂ ਵਿੱਚ ਕੋਈ ਵੀ ਅਜਿਹਾ ਬੂਥ ਨਹੀਂ ਹੈ ਜਿੱਥੇ ਵੋਟਾਂ ਦੀ ਗਿਣਤੀ 1400 ਤੋਂ ਵੱਧ ਹੋਵੇ।

ਮੁੱਖ ਚੋਣ ਅਫ਼ਸਰ ਨੂੰ ਭੇਜੀ ਜਾਣ ਵਾਲੀ ਤਜਵੀਜ਼ ਨੂੰ ਮੀਟਿੰਗ ਚ ਹਾਜ਼ਰ ਵੱਖ-ਵੱਖ ਸਿਆਸੀ ਪਾਰਟੀਆਂ ਦੇ ਮੈਂਬਰਾਂ,

ਆਮ ਆਦਮੀ ਪਾਰਟੀ ਤੋਂ ਬਹਾਦਰ ਸਿੰਘ ਚਾਹਲ, ਇੰਡੀਅਨ ਨੈਸ਼ਨਲ ਕਾਂਗਰਸ ਤੋਂ ਜਸਮੇਰ ਲਾਲ, ਸ਼੍ਰੋਮਣੀ ਅਕਾਲੀ ਦਲ ਦੇ ਗੁਰਵਿੰਦਰ ਸਿੰਘ ਅਤੇ ਭਾਰਤੀ ਜਨਤਾ ਪਾਰਟੀ ਦੇ ਅਨਿਲ ਕੁਮਾਰ ਗੁੱਡੂ ਸਮੇਤ ਨੇ ਆਪਣੀ ਸਹਿਮਤੀ ਦਿੱਤੀ। ਮੀਟਿੰਗ ਵਿੱਚ ਤਹਿਸੀਲਦਾਰ ਚੋਣਾਂ ਸੰਜੇ ਕੁਮਾਰ ਵੀ ਹਾਜ਼ਰ ਸਨ।

# ਪਾਵਰ ਕਾਮ ਤੇ ਟਰਾਸਕੋ ਪੈਨਸ਼ਨਰ ਯੂਨੀਅਨ ਗੁਰਦਾਸਪੁਰ ਮੰਡਲ ਵਿਚ ਨਿਰਮਲ ਸਿੰਘ ਬਸਰਾ ਪ੍ਰਧਾਨ ਅਤੇ ਪ੍ਰੇਮ ਸਾਗਰ ਸਕੱਤਰ ਚੁਣਿਆ ਗਿਆ



ਗੁਰਦਾਸਪੁਰ, 27 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪਾਵਰ ਕਾਮ ਤੇ ਟਰਾਸਕੋ ਪੈਨਸ਼ਨਰ ਯੂਨੀਅਨ ਦੀ ਚੋਣ ਮੀਟਿੰਗ ਵਿਚ ਹਜਾਰਾ ਸਿੰਘ ਗਿੱਲ ਤੇ ਦਵਿੰਦਰ ਸਿੰਘ ਸ਼ੈਲੀ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਸਰਵਸੰਮਤੀ ਨਾਲ ਗੁਰਦਾਸਪੁਰ ਮੰਡਲ ਦੀ ਚੋਣ ਕੀਤੀ ਗਈ

ਜਿਸ ਵਿੱਚ ਨਿਰਮਲ ਸਿੰਘ ਪ੍ਰਧਾਨ ਪ੍ਰੇਮ ਸਾਗਰ ਸਕੱਤਰ, ਰੂਪ ਕੈਸ਼ੀਅਰ ਬਲਕਾਰ ਸਿੰਘ, ਅਨੂਪ ਸਿਘਬੁਟਰ

ਨਿਰਮਲ ਸਿੰਘ ਸੋਹਲ ਬਸੰਤ ਕੁਮਾਰ ਕੌਡ,,ਕੁਲਵਿੰਦਰ ਸਿੰਘ, ਕੇਵਲ ਸਿੰਘ ਚੌਹਾਨ, ਸੁਖਜੀਤ ਸਿੰਘ ਚਾਵਾ ਗੁਲਜਾਰ ਮਸ਼ੀਨ,ਮੰਡਲ ਕਮੇਟੀ ਵਿਚ ਆਹੁਦੇਦਾਰ ਚੁਣੇ ਗਏ

ਇਸ ਮੌਕੇ ਫੈਡਰੇਸ਼ਨ ਏਟਕ ਪੰਜਾਬ ਦੇ ਮੀਤ ਪ੍ਰਧਾਨ ਬਲਵਿੰਦਰ ਸਿੰਘ ਉਧੋਪੁਰ ਨੇ ਦੱਸਿਆ ਕੀ ਪਜਾਬ ਸਰਕਾਰ ਦਾ ਵਤੀਰਾ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਹੈ

ਇਸ ਦਾ ਗੁਸਾ ਦਾ ਪ੍ਰਗਟਾਵਾ ਲੋਕ ਸਭਾ ਚੋਣ ਵਿਚ ਕਰਨਗੇ ਇਸ ਮੌਕੇ ਸਰਕਲ ਆਗੂ ਸੁਰਜੀਤ ਸਿੰਘ ਰਿਆੜ ਹਰਕਿਰਪਾਲ ਸਿੰਘ ਸੋਹਲ, ਆਗਿਆ ਸਿੰਘ ਸ਼ੈਣੀ ਮੋਹਨ ਸਿੰਘ ਰਕੇਸ਼ ਕੁਮਾਰ, ਅਮਰੀਕ ਸਿੰਘ, ਗੁਰਨਾਮ ਸਿੰਘ ਤੇ ਮੰਡਲ ਪ੍ਰਧਾਨ ਗੁਰਦਾਸਪੁਰ ਸਾਹਿਬ ਸਿੰਘ ਧਾਲੀਵਾਲ ਹਾਜ਼ਰ ਸਨ

# ਸੁਖਵਿੰਦਰ ਸੈਣੀ ਬਣੇ ਪੁਲੀਸ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ



ਪਟਿਆਲਾ, 27 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪੁਲੀਸ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੇ ਸੂਬਾਈ ਅਹੁਦੇਦਾਰਾਂ ਦੀ ਅੱਜ ਚੋਣ ਵਿੱਚ ਰਿਟਾਇਰ ਡੀਐੱਸਪੀ ਸੁਖਵਿੰਦਰ ਸਿੰਘ ਸੈਣੀ ਨੂੰ ਜਥੇਬੰਦੀ ਦਾ ਸੂਬਾਈ ਪ੍ਰਧਾਨ ਚੁਣਿਆ ਗਿਆ ਹੈ।

ਸੇਵਾਮੁਕਤ ਡੀਐੱਸਪੀ ਚਰਨ ਸਿੰਘ ਬਾਠ ਮੀਤ ਪ੍ਰਧਾਨ ਅਤੇ ਮਹਿੰਦਰ ਸਿੰਘ ਮਨੌਲੀਸੂਰਤ ਨੂੰ ਜਥੇਬੰਦੀ ਦਾ ਜਨਰਲ ਸਕੱਤਰ ਚੁਣਿਆ ਗਿਆ ਹੈ। ਉਹ ਇਸੇ ਜਥੇਬੰਦੀ ਦੇ ਜ਼ਿਲ੍ਹਾ ਮੁਹਾਲੀ ਦੇ ਪ੍ਰਧਾਨ ਵੀ ਹਨ।

# ਭਾਰਤੀ ਕਮਿਊਨਿਸਟ ਪਾਰਟੀ ਜਲਾਲਾਬਾਦ ਦੀ ਮੀਟਿੰਗ ਹੋਈ

ਜਲਾਲਾਬਾਦ, 27 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਬਲਾਕ ਜਲਾਲਾਬਾਦ ਦੀ ਜਨਰਲ ਬਾਡੀ ਦੀ ਮੀਟਿੰਗ ਸਥਾਨਕ ਸੁਤੰਤਰ ਭਵਨ (ਸੀ.ਪੀ.ਆਈ. ਦਫਤਰ) ਵਿਖੇ ਖਰੈਤ ਲਾਲ ਬੱਗੇਕੇ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਬਰਾਂਚ ਸਕੱਤਰਾਂ ਅਤੇ ਪਿੰਡਾਂ ਤੋਂ ਪਾਰਟੀ ਦੇ ਸਰਗਰਮ ਵਰਕਰਾਂ ਨੇ ਸ਼ਮੂਲੀਅਤ ਕੀਤੀ ਅਤੇ ਲੋਕ ਘੋਲਾਂ ਦੇ ਮਰਹੂਮ ਨੇਤਾ ਕਾਮਰੇਡ ਆਲਾ ਸਿੰਘ ਦੀ 21ਵੀਂ ਜਯੰਤੀ ਮੌਕੇ ਕਿਸਾਨ ਸੰਮੇਲਨ ਅਤੇ ਸੱਭਿਆਚਾਰਕ ਸਮਾਗਮ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

ਸੀਪੀਆਈ ਜ਼ਿਲ੍ਹਾ ਫਾਜ਼ਿਲਕਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ ਨੇ ਦੱਸਿਆ ਕਿ ਸੀਪੀਆਈ ਅਤੇ ਕੁਲ ਹਿੰਦ ਕਿਸਾਨ ਸਭਾ ਜਲਾਲਾਬਾਦ ਵੱਲੋਂ ਹਰ ਸਾਲ ਦੀ ਤਰ੍ਹਾਂ ਬਲਾਕ ਪੱਧਰੀ ਪ੍ਰੋਗਰਾਮ 28 ਮਾਰਚ 2024 ਦਿਨ ਵੀਰਵਾਰ ਨੂੰ ਸਥਾਨਕ ਨਵੀਂ ਅਨਾਜ ਮੰਡੀ ਵਿਖੇ ਕਾਮਰੇਡ ਆਲਾ ਸਿੰਘ ਦੀ ਯਾਦ ਵਿੱਚ ਸਵੇਰੇ 11 ਵਜੇ ਕਰਵਾਇਆ ਜਾਵੇਗਾ। ਜਿਸ ਵਿੱਚ ਸੀਪੀਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਬਰਾੜ, ਸਰਵ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਸਿੰਘ ਢਾਬਾਂ, ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਬੁਲਾਰਿਆਂ ਵਜੋਂ ਪੁੱਜਣਗੇ। ਜਦੋਂ ਕਿ ਜਗਸੀਰ ਜਿੰਦਾ ਐਂਡ ਪਾਰਟੀ ਵੱਲੋਂ ਇਨਕਲਾਬੀ ਗੀਤ ਅਤੇ ਨਾਟਕ ਪੇਸ਼ ਕੀਤੇ ਜਾਣਗੇ।

ਉਨ੍ਹਾਂ ਪਾਰਟੀ ਦੇ ਸੀਨੀਅਰ ਮੈਂਬਰਾਂ ਅਤੇ ਪਿੰਡਾਂ ਦੀਆਂ ਸ਼ਾਖਾਵਾਂ ਦੇ ਸਕੱਤਰਾਂ ਨੂੰ ਇਸ ਸਮਾਗਮ ਵਿੱਚ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ। ਇਸ ਉਪਰੰਤ ਸੀਪੀਆਈ ਬਲਾਕ ਜਲਾਲਾਬਾਦ ਦੇ ਸਕੱਤਰ ਕਾਮਰੇਡ ਛਿੰਦਰ ਸਿੰਘ ਮਹਾਲਮ ਨੇ ਕਿਹਾ ਕਿ ਸਾਨੂੰ ਭਾਰਤੀ ਕਮਿਊਨਿਸਟ ਪਾਰਟੀ ਦੀ ਮੈਂਬਰਸ਼ਿਪ ਵਧਾ ਕੇ ਪਾਰਟੀ ਨੂੰ ਮਜ਼ਬੂਤ ਕਰਨ ਅਤੇ 27 ਮਾਰਚ 2024 ਨੂੰ ਹੁਸੈਨੀਵਾਲਾ ਵਿਖੇ ਸ਼ਹੀਦ ਭਗਤ ਸਿੰਘ ਦੀ ਯਾਦਗਾਰ 'ਤੇ ਪਹੁੰਚ ਕੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ। ਜ਼ਿਲ੍ਹਾ ਸਕੱਤਰ ਕਾਮਰੇਡ ਸੁਰਿੰਦਰ ਢਡੀਆ ਨੇ ਕਿਹਾ ਕਿ ਜਿਨ੍ਹਾਂ ਪਿੰਡਾਂ ਵਿੱਚ ਨਰੇਗਾ ਦਾ ਕੰਮ ਨਹੀਂ ਚੱਲ ਰਿਹਾ ਜਾਂ ਕੋਈ ਨਰੇਗਾ ਦੇ ਕੰਮ ਵਿੱਚ ਦਖ਼ਲਅੰਦਾਜ਼ੀ ਕਰਕੇ ਮਜ਼ਦੂਰਾਂ ਦੇ ਕੰਮ ਵਿੱਚ ਅੜਿੱਕਾ ਪਾਉਂਦਾ ਹੈ ਜਾਂ ਨਰੇਗਾ ਮਜ਼ਦੂਰਾਂ ਨੂੰ ਕੰਮ ਦੇਣ ਵਿੱਚ ਕੋਈ ਅਣਗਹਿਲੀ ਵਰਤਦਾ ਹੈ, ਜਿਸ 'ਤੇ ਭਾਰਤੀ ਕਮਿਊਨਿਸਟ ਪਾਰਟੀ ਆਉਣ ਵਾਲੇ ਸਮੇਂ ਵਿੱਚ ਨਰੇਗਾ ਮਜ਼ਦੂਰਾਂ ਦੇ ਹੱਕ ਵਿੱਚ ਸੰਘਰਸ਼ ਕਰੇਗੀ। ਇਸ ਸਬੰਧੀ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਲੋਕਾਂ ਨੂੰ ਇੱਕਜੁੱਟ ਕੀਤਾ ਜਾਵੇਗਾ। ਮੀਟਿੰਗ ਨੂੰ ਖਰੈਤ ਲਾਲ ਬੱਘੇਕੇ, ਨਰਿੰਦਰ ਢਾਬਾ, ਕੇਵਲ ਕ੍ਰਿਸ਼ਨ ਧਰਮੂਵਾਲਾ, ਜਰਨੈਲ ਢਾਬਾ, ਬਲਵਿੰਦਰ ਮਹਾਲਮ ਸੰਦੀਪ ਜੋਧਾ ਅਤੇ ਕਰਨਲ ਬਘੇਕੇ ਆਦਿ ਨੇ ਸੰਬੋਧਨ ਕੀਤਾ।

# ਜਖੇਪਲਵਾਸ ਦੇ 32 ਸਾਲਾ ਨੌਜਵਾਨ ਦੀ ਮੌਤ

ਸੁਨਾਮ, 27 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਨੇੜਲੇ ਪਿੰਡ ਜਖੇਪਲਵਾਸ ਦੇ ਇੱਕ 32 ਸਾਲਾ ਨੌਜਵਾਨ ਦੀ ਮੌਤ ਹੋ ਗਈ, ਜਿਸ ਦਾ ਸਥਾਨਕ ਸਿਵਲ ਹਸਪਤਾਲ ਵਿੱਚ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਗਿਆਨ ਸਿੰਘ ਉਮਰ 32 ਸਾਲ ਅਤੇ ਜਖੇਪਲ ਦਾ ਰਹਿਣ ਵਾਲਾ ਸੀ ।

ਉਸ ਦੀ ਮੌਤ ਹੋ ਗਈ ਹੈ ਅਤੇ ਉਸ ਦੀ ਲਾਸ਼ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ ਅਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਦਰਜਨ ਤੋਂ ਵੱਧ ਗੁੰਡਾ ਅਨਸਰਾਂ ਦੇ ਵੱਲੋਂ ਇੱਕ ਸੇਵਾਦਾਰ ਅਤੇ ਮੁੱਖ ਸੇਵਾਦਾਰ ਤੇ ਕਾਪਿਆਂ ਦੇ ਨਾਲ ਕੀਤਾ ਗਿਆ ਹਮਲਾ

ਜਲਾਲਾਬਾਦ, 27 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਜਲਾਲਾਬਾਦ ਦੇ ਟਿਵਾਨਾ ਮੋੜ ਵਿਖੇ ਦਰਜਨ ਤੋਂ ਵੱਧ ਗੁੰਡਾ ਅਨਸਰਾਂ ਦੇ ਵੱਲੋਂ ਇੱਕ ਸੇਵਾਦਾਰ ਅਤੇ ਮੁੱਖ ਸੇਵਾਦਾਰ ਤੇ ਕਾਪਿਆਂ ਦੇ ਨਾਲ ਹਮਲਾ ਕੀਤਾ ਗਿਆ। ਜਿਸਦੀ ਹਾਲਤ ਗੰਭੀਰ ਦੇਖਦੇ ਹੋਏ ਜਲਾਲਾਬਾਦ ਦੇ ਸਿਵਲ ਹਸਪਤਾਲ ਚ ਭਰਤੀ ਕਰਵਾਇਆ ਗਿਆ ਹੈ।

ਸਿਵਿਲ ਹਸਪਤਾਲ ਦੇ ਵਿੱਚ ਇਲਾਜ ਲਈ ਭਰਤੀ ਜ਼ਖਮੀ ਨੇ ਦੱਸਿਆ ਕਿ ਜਲਾਲਾਬਾਦ ਦੇ ਟਿਵਾਣਾ ਮੋੜ ਵਿਖੇ ਪਿੰਡ ਢੰਡੀ ਕਦੀਮ ਦੇ ਲੋਕਾਂ ਵੱਲੋਂ ਬੀਤੇ ਦੋ ਦਿਨਾਂ ਤੋਂ ਹੋਲਾ ਮੁਹੱਲਾ ਨੂੰ ਲੈਕੇ ਲੰਗਰ ਲਗਾਇਆ ਹੋਇਆ ਸੀ ਅਤੇ ਇਸੇ ਲੰਗਰ ਦੇ ਦੌਰਾਨ ਪਿੰਡ ਟਿਵਾਣਾ ਦੇ ਕੁਝ ਲੋਕ ਮੋਟਰਸਾਈਕਲ ਤੇ ਪਹੁੰਚੇ ਅਤੇ ਉੱਥੇ ਉਹਨਾਂ ਦਾ ਮੋਟਰਸਾਈਕਲ ਕਾਰ ਦੇ ਨਾਲ ਟਕਰਾ ਗਈ ਜਿਸ ਤੋਂ ਬਾਅਦ ਉਸਦੀ ਉਨ੍ਹਾਂ ਨਾਲ ਤਕਰਾਰ ਹੋਈ ਤੇ ਤਕਰਾਰ ਦੇ ਦੌਰਾਨ ਮੋਟਰਸਾਈਕਲ ਸਵਾਰ ਲੋਕਾਂ ਦੇ ਵੱਲੋਂ ਉੱਥੇ ਮੌਜੂਦ ਮੁੱਖ ਸੇਵਾਦਾਰ ਤੇ ਇੱਟਾਂ ਨਾਲ ਹਮਲਾ ਕਰ ਦਿੱਤਾ ਜਾਂਦਾ ਜਿਸ ਤੋਂ ਬਾਅਦ ਉਕਤ ਸ਼ਖਸ ਆਪਣਾ ਮੋਟਰਸਾਈਕਲ ਛੱਡ ਮੌਕੇ ਤੋਂ ਫਰਾਰ ਹੋ ਗਏ।

ਠੀਕ ਇੱਕ ਘੰਟੇ ਬਾਅਦ ਹੀ ਉਹਨਾਂ ਦੇ ਵੱਲੋਂ ਇੱਕ ਸੇਵਾਦਾਰ ਨੂੰ ਇਕੱਲਿਆਂ ਵੇਖ ਘੇਰ ਲਿਆ ਗਿਆ ਅਤੇ 15 ਤੋਂ 16 ਲੋਕਾਂ ਦੇ ਵੱਲੋਂ ਉਸਦੇ ਤੇ ਤੇਜ਼ਧਾਰ ਹਥਿਆਰਾਂ ਦੇ ਨਾਲ ਹਮਲਾ ਕਰ ਦਿੱਤਾ ਗਿਆ

ਜਿਸ ਨੂੰ ਲੈ ਕੇ ਹੁਣ ਜਲਾਲਾਬਾਦ ਦੇ ਸਿਵਲ ਹਸਪਤਾਲ ਦੇ ਵਿੱਚ ਪਿੰਡ ਢੰਡੀ ਕਦੀਮ ਦੇ ਲੋਕ ਵੱਡੀ ਤਾਦਾਦ ਦੇ ਵਿੱਚ ਪਹੁੰਚੇ।

ਇਸ ਮੌਕੇ ਸਿੱਖ ਜਥੇਬੰਦੀਆਂ ਵੀ ਹਸਪਤਾਲ ਦੇ ਵਿੱਚ ਪਹੁੰਚੀਆਂ ਜਿਨਾਂ ਨੇ ਇਸ ਪੂਰੀ ਘਟਨਾ ਨੂੰ ਲੈ ਕੇ ਰੋਸ ਜਾਹਿਰ ਕੀਤਾ। ਫਿਲਹਾਲ ਇਸ ਮਸਲੇ ਦੇ ਵਿੱਚ ਜ਼ਖਮੀ ਹੋਏ ਪਿੰਡ ਢੰਡੀ ਕਦੀਮ ਦੇ ਸੇਵਾਦਾਰ ਅਤੇ ਮੁੱਖ ਸੇਵਾਦਾਰ ਨੂੰ ਜਲਾਲਾਬਾਦ ਦੇ ਸਿਵਲ ਹਸਪਤਾਲ ਚ ਇਲਾਜ ਲਈ ਭਰਤੀ ਕਰਵਾਇਆ ਗਿਆ ਹੈ।

# ਜ਼ਹਿਰੀਲੀ ਸ਼ਰਾਬ ਕਾਰਨ ਮਰੇ ਵਿਅਕਤੀਆਂ ਦੇ ਪਰਿਵਾਰਾਂ ਨੂੰ ਨਾ ਮਿਲਣ 'ਤੇ ਮਾਨ ਦੀ ਆਲੋਚਨਾ

ਪਟਿਆਲਾ, 27 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਆਗੂ ਪਰਨੀਤ ਕੌਰ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਆਪਣੇ ਜ਼ਿਲ੍ਹੇ ਸੰਗਰੂਰ 'ਚ ਜ਼ਹਿਰੀਲੀ ਸ਼ਰਾਬ ਪੀਣ ਨਾਲ 8 ਵਿਅਕਤੀਆਂ ਦੀ ਮੌਤ ਹੋ ਗਈ। ਮੁੱਖ ਮੰਤਰੀ ਨੂੰ ਉਨ੍ਹਾਂ ਪਰਿਵਾਰਾਂ ਨੂੰ ਮਿਲਣ ਦਾ ਸਮਾਂ ਤਾਂ ਨਹੀਂ ਮਿਲਿਆ ਪਰ ਉਹ ਸ਼ਰਾਬ ਨੀਤੀ ਮਾਮਲੇ ਵਿੱਚ ਆਪਣੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਦੇ ਵਿਰੋਧ ਵਿੱਚ ਦਿੱਲੀ ਜ਼ਰੂਰ ਚਲੇ ਗਏ।

# ਚੇਅਰਮੈਨ ਦਇਆ ਸਿੰਘ ਚੋਹਲਾ ਸਾਹਿਬ ਦੀ ਪ੍ਰਧਾਨਗੀ ਹੇਠ ਖੇਤੀਬਾੜੀ ਵਿਕਾਸ ਬੈਂਕ ਦਾ ਆਮ ਇਜਲਾਸ ਸੰਪੰਨ ਹੋਇਆ




ਅੰਮ੍ਰਿਤਸਰ, 27 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਚੋਹਲਾ ਸਾਹਿਬ ਹਲਕਾ ਖਡੂਰ ਸਾਹਿਬ ਦੇ ਆਮ ਆਦਮੀ ਪਾਰਟੀ ਦੇ ਹਰਮਨਪਿਆਰੇ ਵਿਧਾਇਕ ਸ੍ਰ ਮਨਜਿੰਦਰ ਸਿੰਘ ਲਾਲਪੁਰਾ ਵੱਲੋਂ ਨਿਯੁਕਤ ਖੇਤੀਬਾੜੀ ਵਿਕਾਸ ਬੈਂਕ ਚੋਹਲਾ ਸਾਹਿਬ ਦੇ ਨੌਜਵਾਨ ਆਗੂ ਚੇਅਰਮੈਨ ਦਇਆ ਸਿੰਘ ਚੋਹਲਾ ਸਾਹਿਬ ਵੱਲੋਂ ਬੈਂਕ ਦੇ ਸਾਲਾਨਾ ਆਮ ਇਜਲਾਸ ਦੀ ਪ੍ਰਧਾਨਗੀ ਹੇਠ ਬੈਂਕ ਅਧਿਕਾਰੀਆਂ ਅਤੇ ਆਮ ਲੋਕਾਂ ਦੇ ਸਹਿਯੋਗ ਹਿੱਤ ਵਧੀਆ ਢੰਗ ਨਾਲ ਸੰਪੰਨ ਕਰਵਾਈ ਗਈ।ਆਮ ਇਜਲਾਸ ਦੌਰਾਨ ਚੇਅਰਮੈਨ ਦਇਆ ਸਿੰਘ ਚੋਹਲਾ ਸਾਹਿਬ ਵੱਲੋਂ ਲੋਕਾਂ ਨੂੰ ਬੈਂਕ ਬਾਬਤ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਖੇਤੀਬਾੜੀ ਵਿਕਾਸ ਬੈਂਕ ਚੋਹਲਾ ਸਾਹਿਬ ਸਾਡੀ ਸਾਰਿਆਂ ਦੀ ਸਾਂਝੀ ਅਤੇ ਕਿਸਾਨਾਂ ਦੀ ਹਿਤੈਸ਼ੀ ਆਪਣੀ ਬੈਂਕ ਹੈ। ਚੇਅਰਮੈਨ ਦਇਆ ਸਿੰਘ ਨੇ ਕਿਹਾ ਕਿ ਸਾਨੂੰ ਆਪਣੀ ਜ਼ਿੰਮੇਵਾਰੀ ਨਾਲ ਲਿਆ ਹੋਇਆ ਕਰਜਾ ਵਾਪਸ ਕਰਨਾ ਚਾਹੀਦਾ ਹੈ, ਤਾਂ ਕਿ ਅਸੀਂ ਆਪਣੇ ਇਸ ਇਤਿਹਾਸਕ ਅਦਾਰੇ ਖੇਤੀਬਾੜੀ ਵਿਕਾਸ ਬੈਂਕ ਚੋਹਲਾ ਸਾਹਿਬ ਨੂੰ ਕਾਇਮ ਰੱਖ ਸਕੀਏ। ਚੇਅਰਮੈਨ ਦਇਆ ਸਿੰਘ ਚੋਹਲਾ ਸਾਹਿਬ ਨੇ ਕਿਹਾ ਜੇਕਰ ਕੋਈ ਵੀ ਕਿਸਾਨ ਕਿਸੇ ਵੀ ਕਿਸਮ ਦੀ ਕੋਈ ਵੀ ਮਦਦ ਲੈਣਾ ਚਾਹੁੰਦੇ ਹਨ ਤਾਂ ਮੇਰੇ ਦਰਵਾਜ਼ੇ ਹਮੇਸ਼ਾ ਤੁਹਾਡੇ ਲਈ ਖੁੱਲੇ ਹਨ। ਇਸ ਮੌਕੇ ਮੈਨੇਜਰ ਰਛਪਾਲ ਸਿੰਘ ਵੱਲੋਂ ਚੇਅਰਮੈਨ ਦਇਆ ਸਿੰਘ ਚੋਹਲਾ ਸਾਹਿਬ ਅਤੇ ਨਾਲ ਆਏ ਪਤਵੰਤਿਆਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਸ਼ਾਨਦਾਰ ਸਮਾਰੋਹ ਦੀ ਸਮਾਪਤੀ ਤੇ ਚੇਅਰਮੈਨ ਦਇਆ ਸਿੰਘ ਚੋਹਲਾ ਸਾਹਿਬ ਵੱਲੋਂ ਆਏ ਆਮ ਜਨ ਅਤਿਥੀਆਂ ਅਤੇ ਸੀਨੀਅਰ ਆਗੂਆਂ, ਡਾਇਰੈਕਟਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਬੈਂਕ ਅਧਿਕਾਰੀਆਂ ਵੱਲੋਂ ਚੇਅਰਮੈਨ ਦਇਆ ਸਿੰਘ ਚੋਹਲਾ ਸਾਹਿਬ ਦੇ ਨੇੜਲੇ ਸਾਥੀ ਡਾਕਟਰ ਇੰਦਰਜੀਤ ਸਿੰਘ ਪ੍ਰੈਸ ਸਕੱਤਰ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਚੇਅਰਮੈਨ ਦਇਆ ਸਿੰਘ ਚੋਹਲਾ ਸਾਹਿਬ ਤੋਂ ਇਲਾਵਾ ਮੈਨੇਜਰ ਰਛਪਾਲ ਸਿੰਘ, ਮਹਾਂਬੀਰ ਸਿੰਘ, ਸੁਖਦੀਪ ਸਿੰਘ, ਤਰਸੇਮ ਸਿੰਘ ਬ੍ਰਹਮਪੁਰਾ ਵਾਈਸ, ਡਾਇਰੈਕਟਰ ਨਰਿੰਦਰ ਸਿੰਘ, ਡਾਇਰੈਕਟਰ ਹਰਜੀਤ ਸਿੰਘ ਨਵੇਂ ਵਰਿਆਂਹ, ਡਾਇਰੈਕਟਰ ਬੀਬੀ ਕੁਲਵਿੰਦਰ ਕੌਰ ਘੜਕਾ, ਡਾਇਰੈਕਟਰ ਬੀਬੀ ਬਲਵਿੰਦਰ ਕੌਰ ਧੁੰਨ, ਦਲਬੀਰ ਸਿੰਘ ਨਵੇਂ ਵਰਿਆਂਹ, ਵਰਿਆਮ ਸਿੰਘ ਬ੍ਰਹਮਪੁਰਾ, ਗੁਰਮੁਖ ਸਿੰਘ ਬ੍ਰਹਮਪੁਰਾ, ਮੁਹੱਬਤ ਪਾਲ ਸਿੰਘ ਟੈਲੀਕਾਮ, ਗੁਰਮੇਲ ਸਿੰਘ ਫੌਜੀ, ਰੇਸ਼ਮ ਸਿੰਘ ਫੌਜੀ, ਬਲਕਾਰ ਸਿੰਘ, ਅਮਰੀਕ ਸਿੰਘ ਖੂਹ ਵਾਲੇ, ਹੌਲਦਾਰ ਹਰਬੰਸ ਸਿੰਘ ਫੌਜੀ, ਮੈਨੇਜਰ ਸੰਤੋਖ ਸਿੰਘ, ਲਖਬੀਰ ਸਿੰਘ ਨਵੇਂ ਵਰਿਆਂਹ, ਸ਼ਰਨਜੀਤ ਸਿੰਘ ਵਰ੍ਹਿਆਂ ਪੁਰਾਣੇ, ਭੁਪਿੰਦਰ ਸਿੰਘ ਬ੍ਰਹਮਪੁਰਾ,ਟਹਿਲ ਸਿੰਘ ਨਵੇਂ ਵਰਿਆਂਹ, ਕਰਮਜੀਤ ਸਿੰਘ ਲਾਲੀ, ਸ਼ਰਨਜੀਤ ਸਿੰਘ ਗੋਲਡੀ,ਦਲੇਰ ਸਿੰਘ,ਮਿਲਖਾ ਸਿੰਘ ਨਵੇਂ ਵਰਿਆਂਹ, ਗੁਰਬਿੰਦਰ ਸਿੰਘ ਨਵੇਂ ਵਰਿਆਂਹ, ਸ਼ਰਨਜੀਤ ਸਿੰਘ ਵਰ੍ਹਿਆਂ ਪੁਰਾਣੇ,ਧਰਮ ਸਿੰਘ,ਨੰਬਰਦਾਰ ਕੁਲਬੀਰ ਸਿੰਘ, ਰਣਜੀਤ ਸਿੰਘ ਰਾਣਾ ਯੂਥ ਵਿੰਗ ਪ੍ਰਧਾਨ,ਪਿੰਦੂ ਪੇਂਟਰ ਹਾਜ਼ਰ ਸਨ।

# ਡਿਪਟੀ ਮੈਡੀਸ਼ਨ ਕਮਿਸ਼ਨਰ ਗੁਰਦਾਸਪੁਰ ਡਾਕਟਰ ਮਹਾਜਨ ਨੇ ਕੀਤਾ ਸੀ, ਐਸ,ਸੀ ਕਾਹਨੂੰਵਾਨ ਦਾ ਦੌਰਾ



ਗੁਰਦਾਸਪੁਰ, 27 ਮਾਰਚ
-ਜਸਪਾਲ ਚੰਦਨ-
-ਕੌਮੀ ਪੱਤ੍ਰਿਕਾ ਬਿਊਰੋ-

ਸਿਵਲ ਸਰਜਨ ਹਰਭਜਨ ਰਾਮ ਮਾਂਡੀ ਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਡਾਕਟਰ ਰੋਮੀ ਰਾਜਾ ਮਹਾਜਨ ਡਿਪਟੀ ਮੈਡੀਸ਼ਨ ਕਮਿਸ਼ਨਰ ਗੁਰਦਾਸਪੁਰ ਜੀ ਨੇ ਅਚਨਚੇਤ ਅੱਜ ਸੀਐਸਸੀ ਕਾਹਨੂੰਵਾਨ ਦਾ ਦੌਰਾ ਕੀਤਾ ਇਸ ਦੌਰਾਨ ਉਹਨਾਂ ਵਾਰਡ ਵਿਚ ਦਾਖਲ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਨਾਲ ਗਲਬਾਤ ਕਰਦਿਆਂ ਸਰਕਾਰ ਦਵਾਰਾ ਦਿਤੀਆਂ ਜਾ ਰਹੀਆਂ ਸਹੂਲਤਾਂ ਤੋਂ ਜਾਣੂ ਕਰਵਾਇਆ ਅਤੇ ਵੱਧ ਤੋਂ ਵੱਧ ਸਹੂਲਤਾਂ ਦੇ ਲਾਭ ਲੈਣ ਲਈ ਕਿਹਾ। ਉਹਨਾਂ ਕਿਹਾ ਕਿ ਸਰਕਾਰੀ ਸਕੀਮਾਂ ਦਾ ਵਧ ਤੋ ਵਧ ਫਾਇਦਾ ਲੋਕਾਂ ਨੂੰ ਦਿਤਾ ਜਾਵੇ। ਸਿਹਤ ਬੀਮਾ ਯੋਜਨਾ ਤਹਿਤ ਵੱਧ ਤੋਂ ਵੱਧ ਆਯੂਮਾਨ ਕਾਰਡ ਬਣਾਏ ਜਾਣ ਸੀ ਐਸ ਸੀ ਕਾਹਨੂੰਵਾਨ ਦੀ ਐਸ ਐਮ ਓ ਡਾਕਟਰ ਨੀਲਮ ਕੁਮਾਰੀ ਅਤੇ ਸਟਾਫ ਵਲੋ ਵਧੀਆਂ ਪ੍ਰਬੰਧਾਂ ਦੀ ਸ਼ਲਾਘਾ ਕੀਤੀ ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਨੀਲਮ ਨੇ ਕਿਹਾ ਕਿ ਮਰੀਜਾਂ ਦੀ ਸਮਸਿਆਵਾਂ ਦਾ ਮੌਕੇ ਤੇ ਨਿਪਟਾਰਾ ਕੀਤਾ ਜਾ ਰਿਹਾ ਹੈ।

ਇਸ ਮੌਕੇ ਡਾਕਟਰ ਰੀਤੂ , ਰਕੇਸ਼ ਕੁਮਾਰ ਬੀਈਈ, ਅਮਨਦੀਪ ਸਿੰਘ ਡੀਸੀਐਮ, ਭੁਪਿੰਦਰ ਸਿੰਘ ਬੀਈਈ, ਦੀਪਕ ਬਰਦਵਾਜ ਆਦਿ ਹਾਜ਼ਰ ਸਨ।

# ਜ਼ਿਲ੍ਹਾ ਵਾਸੀ ਹੁਣ ਸੋਸ਼ਲ ਮੀਡੀਆ ਹੈਡਲਜ਼ ਤੋਂ ਲੋਕ ਸਭਾ ਚੋਣਾਂ ਸਬੰਧੀ ਲੈ ਸਕਦੇ ਹਨ ਜਾਣਕਾਰੀ-ਜ਼ਿਲ੍ਹਾ ਚੋਣ ਅਫ਼ਸਰ



ਮਾਨਸਾ, 27 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾ ਸਬੰਧੀ ਵਧੇਰੇ ਜਾਣਕਾਰੀ ਆਮ ਲੋਕਾਂ ਤੱਕ ਪੁਹੰਚਾਉਣ ਲਈ ਜ਼ਿਲ੍ਹਾ ਚੋਣ ਅਫ਼ਸਰ ਦੇ ਸੋਸ਼ਲ ਮੀਡੀਆ ਪਲੇਟਫਾਰਮ ਅਤੇ ਅਕਾਊਂਟ ਕਾਰਜਸ਼ੀਲ ਹਨ

ਤਾਂ ਜੋ ਲੋਕਤੰਤਰ ਦੀ ਮਜਬੂਤੀ ਲਈ ਵੱਧ ਤੋਂ ਵੱਧ ਲੋਕਾਂ ਨੂੰ ਵੋਟ ਦੇ ਹੱਕ ਪ੍ਰਤੀ ਪ੍ਰੇਰਿਤ ਕੀਤਾ ਜਾ ਸਕੇ ਅਤੇ ਮੁੱਖ ਚੋਣ ਅਫ਼ਸਰ ਦੀਆਂ ਹਦਾਇਤਾਂ ਤੋਂ ਜਾਣੂ ਕਰਵਾਇਆ ਜਾ ਸਕੇ।

ਇਹ ਜਾਣਕਾਰੀ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਨੇ ਦਿੱਤੀ ।

ਉਨ੍ਹਾਂ ਕਿਹਾ ਕਿ ਨਾਗਰਿਕਾਂ ਨਾਲ ਰਾਬਤਾ ਰੱਖਣ ਅਤੇ ਹਰ ਲੋੜੀਂਦੀ ਜਾਣਕਾਰੀ ਉਨ੍ਹਾਂ ਤੱਕ ਪਹੁੰਚਾਉਣ ਲਈ ਸੋਸ਼ਲ ਮੀਡੀਆਂ ਇਕ ਬਿਹਤਰ ਮਾਧਿਅਮ ਹੈ।

ਵੱਧ ਤੋਂ ਵੱਧ ਵੋਟਰਾਂ ਤੱਕ ਪਹੁੰਚ ਕਰਨ ਲਈ ਇਸ ਵਿਧੀ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਨੂੰ ਯਕੀਨੀ ਬਣਾਉਣ ਲਈ ਸ਼ੋਸ਼ਲ ਮੀਡੀਆ ਹੈਡਲ ਕਾਰਜ਼ਸ਼ੀਲ ਕੀਤੇ ਗਏ ਹਨ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹਾ ਮਾਨਸਾ ਦੇ ਵੋਟਰ ਉਨ੍ਹਾਂ ਦੇ ਸੋਸ਼ਲ ਮੀਡੀਆ ਅਕਾਊਂਟਸ District Electoral Officer Mansa (ਫੇਸਬੁੱਕ), District Election Officer Mansa (ਇੰਸਟਾਗ੍ਰਾਮ) ਅਤੇ District Election Officer Mansa (DeoMansa) (ਐਕਸ) ਤੋਂ ਇਲਾਵਾ ਯੂਟਿਊਬ ਚੈਨਲ 'ਤੇ ਜੁੜ ਸਕਦੇ ਹਨ।

ਉਨ੍ਹਾਂ ਕਿਹਾ ਕਿ ਨਾਗਰਿਕ ਇਨ੍ਹਾਂ ਹੈਡਲਜ਼ ਦੇ ਕਿਊ-ਆਰ ਕੋਡ ਸਕੈਨ ਕਰਕੇ ਵੀ ਫਾਲੋਅ ਕਰ ਸਕਦੇ ਹਨ।

ਉਨ੍ਹਾਂ ਵੋਟਰਾਂ ਨੂੰ ਲੋਕ ਸਭਾ ਚੋਣਾਂ ਲਈ ਵੋਟਿੰਗ ਵਾਲੇ ਦਿਨ 01 ਜੂਨ ਨੂੰ ਵੱਡੀ ਗਿਣਤੀ ਵਿੱਚ ਵੋਟ ਪਾ ਕੇ ਲੋਕਤੰਤਰ ਦੇ ਸਭ ਤੋਂ ਵੱਡੇ ਉਤਸਵ *ਚੋਣਾਂ ਦਾ ਪਰਵ, ਦੇਸ਼ ਦਾ ਗਰਵ* ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣ ਦੀ ਅਪੀਲ ਕੀਤੀ।

# ਸ਼ਹੀਦੀ ਦਿਵਸ ਮਨਾਉਣ ਨਾਲ ਦੇਸ਼ ਪ੍ਰੇਮ ਵੱਧਦਾ ਹੈ : ਵਿਸ਼ਾਲ ਕੌਸ਼ਲ




ਸੁਨਾਮ, 23 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗਣਪਤੀ ਸ਼ੋਸ਼ਲ ਵੈਲਫੇਅਰ ਸੁਸਾਇਟੀ ਰਜਿ ਸੁਨਾਮ ਵਲੋਂ ਜੇ, ਕੇ, ਮਾਰਕੀਟ ਸੁਨਾਮ ਵਿਖੇ ਸ਼ਹੀਦ ਭਗਤ ਸਿੰਘ , ਰਾਜਗੁਰੂ ਤੇ ਸੁਖਦੇਵ ਜੀ ਦਾ 93 ਵਾਂ ਸ਼ਹੀਦੀ ਦਿਵਸ ਪ੍ਰਧਾਨ ਵਿਸ਼ਾਲ ਕੌਸ਼ਲ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਓਹਨਾਂ ਹਾਜਰੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇ ਭਾਰਤ ਮਾਂ ਦੇ ਲਾਲਾਂ ਨੇ ਦੇਸ਼ ਨਾਲ ਵਫ਼ਾਦਾਰੀ ਦੀ ਮਿਸਾਲ ਬਣ ਕੇ ਖੂਨ ਨਾਂ ਡੋਲਿਆ ਹੁੰਦਾ, ਤਾਂ ਅੱਜ ਵੀ ਅਸੀਂ ਅੰਗਰੇਜ਼ਾਂ ਦੇ ਗੁਲਾਮ ਹੋਣਾ ਸੀ, ਅੱਜ ਵੀ ਕੋਹਲੂ ਤੇ ਬਲਦ, ਖੂਹ ਦੀਆਂ ਟਿੰਡਾਂ, ਤੇ ਅੰਗਰੇਜ਼ੀ ਪਟਿਆਂ ਦੀ ਮਾਰ ਹੋਣੀ ਸੀ, ਸਿੱਜਦਾ ਕਰਦੇ ਹਾਂ ਕੌਮਾਂ ਦੇ ਸ਼ਹੀਦਾਂ ਦਾ ਜਿੰਨਾਂ ਨੇ ਸਾਨੂੰ ਅਜਾਦ ਕਰਵਾ ਕੇ ਜਾਤੀਵਾਦ ਤੋਂ ਉੱਪਰ ਉੱਠ ਕੇ ਆਪਸੀ ਭਾਈਚਾਰਕ ਸਾਂਝ ਪਿਆਰ ਮੁਹੱਬਤਾਂ ਨਾਲ ਰਿਸਤਿਆਂ ਵਾਲਾ ਦੇਸ਼ ਦਿੱਤਾ। ਇਸੇ ਬਦੌਲਤ ਅੱਜ ਸਾਡੇ ਬੱਚੇ ਉੱਚ ਸਿੱਖਿਆ ਪ੍ਰਾਪਤ ਕਰਕੇ ਹਰ ਖੇਤਰ ਵਿੱਚ ਨਾਮ ਕਮਾ ਰਹੇ ਹਨ, ਸ਼ਹੀਦ ਸਾਡਾ ਸਰਮਾਇਆ ਹਨ ਤੇ ਇਹਨਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਇਸ ਮੌਕੇ ਰਾਜੇਸ਼ ਖੀਪਲਾ, ਡਾ. ਪ੍ਰਿੰਸ ਭਰਤ, ਸੀਨੀਅਰ ਆਪ ਆਗੂ ਭਾਨੂੰ ਪ੍ਰਤਾਪ, ਰਾਕੇਸ਼ ਕੁਮਾਰ, ਡਾ.ਵਿਕਾਸ ਭਰਤ, ਜਸਵੀਰ ਸਿੰਘ, ਅਮਿੱਤ ਫੁੱਲ, ਕ੍ਰਿਸ਼ਨ ਅਰੋੜਾ, ਜੈਮਨ ਪ੍ਰਭੂ,ਗਗਨਦੀਪ ਸਿੰਘ, ਬਿੱਲਾ ਮਾਸਟਰ, ਆਦਿ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ।

# ਭਾਜਪਾ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ

ਖਰੜ, 27 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਭਾਜਪਾ ਆਗੂਆਂ ਨੇ ਵਿਉਂਤਬੰਦੀ ਲਈ ਇੱਕ ਵਿਸ਼ੇਸ਼ ਮੀਟਿੰਗ ਕੀਤੀ, ਜਿਸ ਵਿਚ ਭਾਜਪਾ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਸਟੇਟ ਮੈਂਬਰ ਸ੍ਰੀ ਨਰਿੰਦਰ ਕੁਮਾਰ ਰਾਣਾ ਜੀ ਦੀ ਅਗਵਾਈ ਹੇਠ ਪਾਰਟੀ ਦੇ ਸਥਾਨਕ ਆਗੂਆਂ ਅਤੇ ਵਰਕਰਾਂ ਨੇ ਭਾਗ ਲਿਆ।

ਮੀਟਿੰਗ ਨੂੰ ਸੰਬੋਧਨ ਕਰਦੇ ਸਰਦਾਰ ਲਾਲਪੁਰਾ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਨੇ ਸਾਨੂੰ 400 ਪਾਰ ਦਾ ਸੰਕਲਪ ਦਿੱਤਾ ਹੈ ਜਿਸ ਨੂੰ ਪੂਰਾ ਕਰਨ ਲਈ ਸਾਨੂੰ ਸਾਰਿਆਂ ਨੂੰ ਅਣਥੱਕ ਮਿਹਨਤ ਕਰਨੀ ਪਵੇਗੀ।


ਉਨ੍ਹਾਂ ਕਿਹਾ ਕਿ ਅੱਜ ਕੇਂਦਰ ਸਰਕਾਰ ਦੀਆਂ ਸੈਂਕੜੇ ਕਲਿਆਣਕਾਰੀ ਸਕੀਮਾਂ ਨਾਲ ਗ਼ਰੀਬਾਂ, ਕਿਸਾਨਾਂ, ਨੌਜਵਾਨਾਂ, ਔਰਤਾਂ ਅਤੇ ਖਾਸ ਕਰਕੇ ਪੇਂਡੂ ਵਰਗ ਨੂੰ ਲਾਭ ਹੋਇਆ ਹੈ, ਜਿਸ ਲਈ ਮੈਂ ਵਿਸ਼ੇਸ਼ ਤੌਰ 'ਤੇ ਪ੍ਰਧਾਨ ਮੰਤਰੀ ਜੀ ਦੀ ਦੂਰ ਅੰਦੇਸ਼ੀ ਸੋਚ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ।

ਲਾਲਪੁਰਾ ਨੇ ਕਿਹਾ ਕਿ ਭਾਜਪਾ ਨੂੰ ਮਜ਼ਬੂਤ ਕਰਨ ਲਈ ਬੂਥ ਪੱਧਰ ਤੱਕ ਪਹੁੰਚ ਕੀਤੀ ਜਾਵੇ ਅਤੇ ਹਰੇਕ ਵਰਕਰ ਨੂੰ ਨਾਲ ਲੈ ਕੇ ਤੁਰਿਆ ਜਾਵੇ। ਉਨ੍ਹਾਂ ਕਿਹਾ ਕਿ ਸਥਾਨਕ ਆਗੂਆਂ ਤੋਂ ਖਰੜ ਹਲਕੇ ਦੀਆਂ ਸਮੱਸਿਆਵਾਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਸ੍ਰੀ ਨਰਿੰਦਰ ਰਾਣਾ ਨੇ ਸ. ਲਾਲਪੁਰਾ ਨੂੰ ਸਥਾਨਕ ਲੋਕ ਸਮੱਸਿਆਵਾਂ ਜਿਸ ਲਈ ਮੈਂ ਵਿਸ਼ੇਸ਼ ਤੌਰ 'ਤੇ ਪ੍ਰਧਾਨ ਮੰਤਰੀ ਜੀ ਦੀ ਦੂਰ ਅੰਦੇਸ਼ੀ ਸੋਚ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਲਾਲਪੁਰਾ ਨੇ ਕਿਹਾ ਕਿ ਭਾਜਪਾ ਨੂੰ ਮਜ਼ਬੂਤ ਕਰਨ ਲਈ ਬੂਥ ਪੱਧਰ ਤੱਕ ਪਹੁੰਚ ਕੀਤੀ ਜਾਵੇ ਅਤੇ ਹਰੇਕ ਵਰਕਰ ਨੂੰ ਨਾਲ ਲੈ ਕੇ ਤੁਰਿਆ ਜਾਵੇਅਤੇ ਹੋਰ ਗੰਭੀਰ ਮੁੱਦਿਆਂ ਸੰਬੰਧੀ ਜਾਣੂ ਕਰਵਾਇਆ।

ਸ੍ਰੀ ਰਾਣਾ ਨੇ ਕਿਹਾ ਕਿ ਸਮੁੱਚੀ ਟੀਮ ਅਗਾਮੀ ਲੋਕ ਸਭਾ ਚੋਣਾਂ ਵਿਚ ਭਾਜਪਾ ਦਾ ਝੰਡਾ ਬੁਲੰਦ ਕਰਨ ਲਈ ਤਿਆਰ ਬਰ ਤਿਆਰ ਹੈ। ਉਨ੍ਹਾਂ ਕਿਹਾ ਕਿ ਹਲਕੇ ਵਿਚੋਂ ਭਾਜਪਾ ਵੱਡੇ ਮਾਰਜਿਨ ਨਾਲ ਜਿੱਤ ਪ੍ਰਾਪਤ ਕਰੇਗੀ।

ਇਸ ਮੌਕੇ ਰਮਨ ਜਿੰਦਲ ਰੋਪੜ ਵਾਲੇ, ਨਰਿੰਦਰ ਸਿੰਘ ਰਾਣਾ ਪ੍ਰਭਾਰੀ ਹਲਕਾ ਸ੍ਰੀ ਚਮਕੌਰ ਸਾਹਿਬ, ਪਵਨ ਕੁਮਾਰ ਮਨੋਚਾ ਜਿਲ੍ਹਾ ਉਪ-ਪ੍ਰਧਾਨ, ਮੈਡਮ ਪ੍ਰਵੇਸ਼ ਸ਼ਰਮਾ ਜਿਲ੍ਹਾ ਸਕੱਤਰ, ਸੁਭਾਸ਼ ਅਗਰਵਾਲ ਮੰਡਲ ਪ੍ਰਧਾਨ ਖਰੜ 2, ਡਾਕਟਰ ਸੁਖਬੀਰ ਰਾਣਾ ਮੰਡਲ ਪ੍ਰਧਾਨ ਖਰੜ 3,ਮੰਡਲ ਜਨਰਲ ਸਕੱਤਰ ਐਡਵੋਕੇਟ ਦਵਿੰਦਰ ਗੁਪਤਾ, ਮੰਡਲ ਜਨਰਲ ਸਕੱਤਰ ਰਾਮ ਗੋਪਾਲ, ਮੰਡਲ ਜਨਰਲ ਸਕੱਤਰ ਕੁਸ਼ ਰਾਜਪੂਤ, ਉਪ ਪ੍ਰਧਾਨ ਸ੍ਰੀ ਨਿਵਾਸ, ਐਡਵੋਕੇਟ ਸੁਭਾਸ਼ ਭੋਲਾ, ਰਾਜੇਸ਼ ਨਾਗੀ, ਕ੍ਰਿਸ਼ਨ ਗੋਪਾਲ, ਸਾਹਿਲ ਡੱਬ, ਰਾਜੇਸ਼ ਰਾਣਾ, ਸ਼ੈਟੀ ਰਾਣਾ ਆਦਿ ਮੌਜੂਦ ਸਨ।

# ਲਾਇਸੰਸੀ ਹਥਿਆਰ ਥਾਣਾ ਸ਼੍ਰੀ ਹਰਗੋਬਿੰਦਪੁਰ ਸਾਹਿਬ ਵਿੱਚ ਜਮ੍ਹਾਂ ਕਰਵਾਏ ਜਾਣ,, ਐਸ ਐਚ ਓ ਮਨਤੇਜ ਸਿੰਘ



ਗੁਰਦਾਸਪੁਰ, 27 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

2024 ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਚੋਣ ਕਮਿਸ਼ਨਰ ਵੱਲੋਂ ਚੋਣ ਜਾਪਤਾ ਲਗਾ ਦਿੱਤਾ ਗਿਆ ਹੈ

ਜਿਸਦੇ ਚਲਦਿਆਂ ਥਾਣਾ ਸ਼੍ਰੀ ਹਰਗੋਬਿੰਦਪੁਰ ਸਾਹਿਬ ਜੀ ਦੇ ਐਸ ਐਚ ਓ ? ਮਨਤੇਜ ਸਿੰਘ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਲਾਇਸੰਸੀ ਹਥਿਆਰ ਥਾਣਾ ਸ਼੍ਰੀ ਹਰਗੋਬਿੰਦਪੁਰ ਸਾਹਿਬ ਵਿੱਚ ਜਮ੍ਹਾਂ ਕਰਵਾਏ ਜਾਣ

ਪ੍ਰੈਸ ਨਾਲ ਗੱਲਬਾਤ ਕਰਦਿਆਂ ਥਾਣਾ ਮੁੱਖੀ ਸ੍ਰ ਨਵਤੇਜ ਸਿੰਘ ਨੇ ਕਿਹਾ ਕਨੂੰਨ ਵਿਵਸਥਾ ਨੂੰ ਮੁੱਖ ਰੱਖਦਿਆਂ ਹਥਿਆਰ ਜਮ੍ਹਾਂ ਕਰਵਾਏ ਜਾ ਰਹੇ ਹਨ ਤਾਂ ਜੋ ਕਿ ਕੋਈ ਅਮਨ ਸ਼ਾਂਤੀ ਨਾਲ ਚੋਣਾਂ ਹੋ ਸਕਣ।

ਇਸ ਮੌਕੇ ਐਸ ਆਈ ਸਵੰਬਰਜੀਤ ਸਿੰਘ ਏ ਐਸ ਆਈ ਰਵਿੰਦਰ ਸਿੰਘ,ਐਚ ਸੀ ਪਰਮਜੀਤ ਸਿੰਘ ਐਚ ਸੀ ਦਲਜੀਤ ਸਿੰਘ, ਹਾਜ਼ਰ ਸਨ

# ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਭੂਮੀ ਪਾਣੀ ਹਵਾਵਾਂ ਬੱਚਿਆਂ ਨੂੰ ਬਚਾਓ: ਉਪਕਾਰ ਸਿੰਘ



**ਪਟਿਆਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹੀਦ ਭਗਤ ਸਿੰਘ ਜੀ ਰਾਜਗੁਰੂ ਅਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗਿਆਨ ਜਯੋਤੀ ਐਜੂਕੇਸ਼ਨਲ ਸੁਸਾਇਟੀ ਵੱਲੋਂ ਸੂਲਰ ਦੇ ਗੁਰੂਦੁਆਰਾ ਸਾਹਿਬ ਵਿਖੇ 21 ਫੁੱਲਦਾਰ ਛਾਂਦਾਰ ਅਤੇ ਫ਼ਲਦਾਰ ਬੂਟੇ ਲਗਾਏ ਭੂਮੀ ਪੀਣ ਵਾਲੇ ਪਾਣੀ ਅਤੇ ਹਵਾਵਾਂ ਨੂੰ ਬਚਾਉਣ ਲਈ ਪ੍ਰਸੰਸਾਯੋਗ ਉਪਰਾਲੇ ਕੀਤੇ। ਇੰਸਪੈਕਟਰ ਕਰਮਜੀਤ ਕੌਰ ਅਤੇ ਸਰਕਾਰੀ ਮਹਿੰਦਰਾ ਕਾਲਜ ਦੇ ਪ੍ਰੋਫੈਸਰ ਸ਼੍ਰੀਮਤੀ ਸਵਰਨ ਕੌਰ ਨੇ ਕਿਹਾ ਕਿ ਉਪਕਾਰ ਸਿੰਘ ਜੀ ਹਰ ਸਾਲ ਸੈਂਕੜੇ ਪੌਦੇ ਲਗਾਕੇ, ਉਨ੍ਹਾਂ ਦੀ ਦੇਖਭਾਲ ਕਰਦੇ ਹਨ ਤਾਂ ਜੋਂ ਪਟਿਆਲੇ ਦਾ ਵਾਤਾਵਰਨ ਸਿਹਤਮੰਦ ਖੁਸ਼ਹਾਲ ਰਹੇ। ਇਸ ਮੌਕੇ ਸ੍ਰੀ ਕਾਕਾ ਰਾਮ ਵਰਮਾ ਚੀਫ਼ ਟ੍ਰੇਨਰ ਫ਼ਸਟ ਏਡ ਸਿਹਤ ਸੇਫਟੀ ਜਾਗਰੂਕਤਾ ਮਿਸ਼ਨ ? ਨੇ ਦੱਸਿਆ ਕਿ ਹਰ ਸਾਲ ਗਰਮੀਆਂ ਧੁੱਪਾਂ ਅਤੇ ਗਰਮ ਹਵਾਵਾਂ ਵੱਧ ਤਾਪਮਾਨ ਕਾਰਨ ਬੱਚਿਆਂ ਨੌਜਵਾਨਾਂ ਅਤੇ ਬਜ਼ੁਰਗਾਂ ਦੀਆਂ ਦਿਲ ਦੇ ਦੌਰੇ, ਦਿਮਾਗ ਦੀਆਂ ਨਸ਼ਾਂ ਨਾੜੀਆਂ ਫੱਟਣ ਅਤੇ ਗਰਮੀ ਜਾਂ ਧੁੱਪ ਦੇ ਸਰਸਾਮ ਕਾਰਨ ਮੌਤਾਂ ਹੁੰਦੀਆਂ ਹਨ ਅਤੇ ਪ੍ਰਦੂਸ਼ਿਤ ਪਾਣੀ ਭੋਜਨ ਕਾਰਨ ਹੈਜ਼ਾ ਡੀਹਾਈਡ੍ਰੇਸ਼ਨ ਅਤੇ ਲੀਵਰ ਦੀਆਂ ਬਿਮਾਰੀਆਂ ਕਾਰਨ ਵੀ ਮੌਤਾਂ ਹੋ ਰਹੀਆਂ ਹਨ ਪਰ ਜਿਥੇ ਵੱਧ ਦਰਖ਼ਤ ਹਨ ਉਥੇ ਦੇ ਪਾਣੀ ਹਵਾਵਾਂ ਤਾਪਮਾਨ ਠੀਕ ਰਹਿੰਦੇ ਹਨ। ਸ਼੍ਰੀ ਉਪਕਾਰ ਸਿੰਘ ਨੇ ਕਿਹਾ ਕਿ ਸ਼ਹੀਦਾਂ ਨੂੰ ਮੋਮਬੱਤੀਆਂ ਜਾਂ ਫੁੱਲਾਂ ਨਾਲ ਨਹੀਂ ਸਗੋਂ ਆਪਣੇ ਦੇਸ਼ ਪੰਜਾਬ ਅਤੇ ਖ਼ੇਤਰ ਨੂੰ ਸੁੰਦਰ ਸੋਹਣੇ ਸਵੱਛ ਸੁਰੱਖਿਅਤ ਸਿਹਤਮੰਦ ਖੁਸ਼ਹਾਲ ਬਣਾਉਣ ਲਈ ਪੀਣ ਵਾਲੇ ਪਾਣੀ, ਪੌਦਿਆਂ ਦਰਖਤਾਂ ਨੂੰ ਬਚਾਓ। ਪੰਜਾਬ ਰੈਡ ਕਰਾਸ ਨਸ਼ਾ ਛੁਡਾਊ ਕੇਂਦਰ ਸਾਕੇਤ ਹਸਪਤਾਲ ਦੇ ਡਾਇਰੈਕਟਰ ਸ੍ਰੀਮਤੀ ਪਰਮਿੰਦਰ ਕੌਰ ਮਨਚੰਦਾ ਅਤੇ ਟਰੈਫਿਕ ਪੁਲਿਸ ਸਿਖਿਆ ਸੈਲ ਦੇ ਏ ਐਸ ਆਈ ਸ਼੍ਰੀ ਰਾਮ ਸ਼ਰਨ ਨੇ ਕਿਹਾ ਕਿ ਆਪਣੀਆਂ ਗੱਡੀਆਂ ਨੂੰ ਪ੍ਰਦੂਸ਼ਣ ਰਹਿਤ ਕਰਨ ਲਈ ਸਮੇਂ ਸਿਰ ਸਰਵਿਸ ਜ਼ਰੂਰ ਕਰਵਾਓ, ਗਡੀਆਂ ਦੀ ਘੱਟ ਤੋਂ ਘੱਟ ਵਰਤੋਂ ਕਰਨੀ ਚਾਹੀਦੀ ਹੈ। ਪਾਰਕਿੰਗ ਠੀਕ ਢੰਗ ਤਰੀਕੇ ਨਾਲ ਕੀਤੀ ਜਾਵੇ ਤਾਂ ਜੋ ਸੜਕਾਂ ਗਲੀਆਂ ਮੁਹੱਲਿਆਂ ਬਾਜ਼ਾਰਾਂ ਵਿੱਚ ਜਾਮ ਨਾ ਲਗਣ। ਹੈਲਮਟ ਦੀ ਵਰਤੋਂ ਕਰਕੇ ਸਿਰ ਗਰਦਨ ਮੂੰਹ ਨੂੰ ਤੇਜ਼ ਗਰਮੀ ਧੁੱਪਾਂ ਹਵਾਵਾਂ ਤੋਂ ਇਲਾਵਾ ਆਪਣੇ ਸਿਰ ਨੂੰ ਸੱਟਾਂ ਤੋਂ ਬਚਾਓ।

# ਪੁੰਨਿਆ ਮੌਕੇ ਅੱਖਾਂ ਦਾ ਮੁ਼ਫਤ ਲੈਂਜ ਕੈਂਪ 25 ਮਾਰਚ ਨੂੰ ਲੱਗੇਗਾ

**ਜੈਤੋਂ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲਵੇ ਦੀ ਸਮਾਜ ਸੇਵੀ ਸੰਸਥਾ ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਰਜਿ ਚੈਨਾਂ ਰੋੜ ਜੈਤੋ ਵਿਖੇ ਬਾਬਾ ਕਰਨੈਲ ਦਾਸ ਜੀ ਦੀ ਯਾਦ ਨੂੰ ਸਮਰਪਿਤ ਗਰੀਬ ਤੇ ਜ਼ਰੂਰਤਮੰਦ ਮਰੀਜ਼ਾਂ ਲਈ ਅੱਖਾਂ ਦਾ ਵਿਸ਼ਾਲ ਮੁਫਤ ਲੈਂਜ ਕੈਂਪ 25 ਮਾਰਚ ਦਿਨ ਸੋਮਵਾਰ ਨੂੰ ਜੈ ਸਾਈਂ ਫਾਉਂਡੇਸ਼ਨ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਇਸ ਕੈਂਪ ਦਾ ਰਸਮੀ ਉਦਘਾਟਨ ਵਿਵੇਕ ਮਿਸ਼ਨ ਚੈਰੀਟੇਬਲ ਟਰੱਸਟ ਦੇ ਚੀਫ ਪੈਟਰਨ ਸਵਾਮੀ ਬ੍ਰਹਮ ਮੁਨੀ ਜੀ ਤੇ ਐਮ ਡੀ ਪਰਮੋਦ ਲੂੰਬਾ ਆਪਣੇ ਕਰ ਕਮਲਾਂ ਨਾਲ ਰੀਬਨ ਕੱਟ ਕੇ ਕਰਨਗੇ। ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਸੰਤ ਰਿਸ਼ੀ ਰਾਮ ਜੀ ਨੇ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਆਪਰੇਸ਼ਨਾ ਦੇ ਮਾਹਿਰ ਡਾਕਟਰ ਦੀਪਕ ਗਰਗ, ਡਾ ਮੈਡਮ ਮੋਨਿਕਾ ਬਲਿਆਨ



ਤੇ ਡਾ ਮੈਡਮ ਭੁਪਿੰਦਰ ਪਾਲ ਕੌਰ ਸਵੇਰੇ 9 ਤੋਂ 2 ਵਜੇ ਤੱਕ ਮਰੀਜ਼ਾਂ ਦੀਆਂ ਅੱਖਾਂ ਚੈੱਕ ਕਰਨਗੇ ਤੇ ਜਰੂਰਤਮੰਦ ਮਰੀਜ਼ਾਂ ਦੇ ਮੁਫਤ ਆਪਰੇ ?ਨ ਕੀਤੇ ਜਾਣਗੇ। ਜਿੰਨਾਂ ਮਰੀਜ਼ਾਂ ਨੂੰ ਸ਼ੂਗਰ, ਬਲੱਡ ਪਰੈਸ਼ਰ ਜਾਂ ਦਿਲ ਦਾ ਰੋਗ ਹੋਵੇਗਾ ਉਹਨਾਂ ਨੂੰ ਸਿਰਫ ਦਵਾਈ ਦਿੱਤੀ ਜਾਵੇਗੀ, ਆਪਰੇ ?ਨ ਲਈ ਦਾਖਲ ਨਹੀਂ ਕੀਤਾ ਜਾਵੇਗਾ। ਕੈਂਪ ਦੌਰਾਨ ਮਰੀਜ਼ਾਂ ਲਈ ਰਹਿਣ- ਸਹਿਣ ਤੇ ਲੰਗਰ ਦਾ ਪ੍ਰਬੰਧ ਸੁਸਾਇਟੀ ਵੱਲੋਂ ਮੁਫਤ ਕੀਤਾ ਜਾ ਰਿਹਾ ਹੈ।

# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ’ਚ ਵੱਖ-ਵੱਖ ਦਫ਼ਤਰਾਂ ਤੇ ਬਰਾਂਚਾ ਦਾ ਦੌਰਾ

**ਜਲੰਧਰ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਦੇ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਵਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਦਫ਼ਤਰਾਂ ਅਤੇ ਬਰਾਂਚਾ ਦਾ ਦੌਰਾ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਵਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਸੇਵਾਵਾਂ ਲਈ ਆਏ ਲੋਕਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪ੍ਰਸ਼ਾਸਨ ਜ਼ਿਲ੍ਹਾ ਵਾਸੀਆਂ ਨੂੰ ਵੱਖ-ਵੱਖ ਨਾਗਰਿਕ ਸੇਵਾਵਾਂ ਬਿਨਾਂ ਕਿਸੇ ਦੇਰੀ ਅਤੇ ਸਮੇਂ ਸਿਰ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

ਇਸ ਮੌਕੇ ਉਨਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਦਫ਼ਤਰਾਂ ਵਿੱਚ ਆਪਣੇ ਵੱਖ-ਵੱਖ ਕੰਮ ਕਰਵਾਉਣ ਆਉਣ ਵਾਲੇ ਲੋਕਾਂ ਨਾਲ ਚੰਗਾ ਵਿਵਹਾਰ ਕਰਦਿਆਂ ਉਨਾਂ ਦੇ ਕੰਮਾਂ ਨੂੰ ਪਹਿਲ ਦੇ ਅਧਾਰ ’ਤੇ ਕੀਤਾ ਜਾਵੇ ਤਾਂ ਕਿ ਉਨਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਸ੍ਰੀ



ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਅਗਰਵਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ - ਵੱਖ ਬ੍ਰਾਂਚਾਂ ਦਾ ਦੌਰਾ ਕਰਦੇ ਹੋਏ।

ਅਗਰਵਾਲ ਨੇ ਵੱਖ-ਵੱਖ ਬਰਾਂਚਾਂ ਦਾ ਦੌਰਾ ਕਰਦਿਆਂ ਅਧਿਕਾਰੀਆਂ ਤੇ ਕਰਮਚਾਰੀਆਂ ਨਾਲ ਵੀ ਗੱਲਬਾਤ ਕੀਤੀ ਗਈ। ਉਨ੍ਹਾਂ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਆਪਣੀ ਡਿਊਟੀ ਹੋਰ ਵੀ ਮਿਹਨਤ ਤੇ ਲਗਨ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਦਫ਼ਤਰੀ ਰਿਕਾਰਡ ਦੀ ਸੁਚੱਜੀ ਸਾਂਭ-ਸੰਭਾਲ ਨੂੰ ਯਕੀਨੀ ਬਣਾਇਆ ਜਾਵੇ।

ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਾਫ਼-ਸਫ਼ਾਈ ਦਾ ਖਾਸ ਧਿਆਨ ਰੱਖਿਆ ਜਾਵੇ।

# ਆਬਕਾਰੀ ਵਿਭਾਗ ਨੇ 7075 ਕਿਲੋਗ੍ਰਾਮ ਲਾਹਣ ਬਰਾਮਦ ਕਰਕੇ ਮੌਕੇ ’ਤੇ ਕੀਤੀ ਨਸ਼ਟ: ਨਵਜੀਤ ਸਿੰਘ



ਆਬਕਾਰੀ ਵਿਭਾਗ ਦੀਆਂ ਟੀਮਾਂ ਦਰਿਆ ਸਤਲੁਜ ਦੇ ਨਾਲ ਲੱਗੇ ਪਿੰਡਾਂ ਰਾਮਪੁਰ ਤੇ ਚਾਚੋਵਾਲ ਵਿਖੇ ਛਾਪੇਮਾਰੀ ਦੌਰਾਨ ਗੈਰ-ਕਾਨੂੰਨੀ ਸ਼ਰਾਬ ਨੂੰ ਜਬਤ ਕਰਦੇ ਨਸ਼ਟ ਕਰਦੇ ਹੋਏ।

**ਜਲੰਧਰ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਾਇਕ ਕਮਿਸ਼ਨਰ (ਆਬਕਾਰੀ) ਰੇਂਜ ਜਲੰਧਰ ਪੱਛਮੀ ਨਵਜੀਤ ਸਿੰਘ ਨੇ ਦੱਸਿਆ ਕਿ ਚੋਂਦ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਗੈਰ ਕਾਨੂੰਨੀ ਸ਼ਰਾਬ ’ਤੇ ਸਿਕੰਜ਼ਾ ਕੱਸਦਿਆਂ ਆਬਕਾਰੀ ਵਿਭਾਗ ਦੀਆਂ ਟੀਮਾਂ ਵਲੋਂ ਦਰਿਆ ਸਤਲੁਜ ਦੇ ਨੇੜੇ ਪੈਂਦੇ ਪਿੰਡਾਂ ਰਾਮਪੁਰ ਅਤੇ ਚਾਚੋਵਾਲ ਵਿਖੇ ਛਾਪੇਮਾਰੀ ਕੀਤੀ ਗਈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਆਬਕਾਰੀ ਇੰਸਪੈਕਟਰ ਸਰਵਣ ਸਿੰਘ ਅਤੇ ਸਾਹਿਲ ਰੰਗਾ ਵਲੋਂ ਸਮੇਤ ਆਬਕਾਰੀ ਪੁਲਿਸ ਅਮਲੇ ਨਾਲ ਛਾਪੇਮਾਰੀ ਦੌਰਾਨ 14 ਤਿਰਪਾਲਾ (ਹਰੇਕ ਵਿੱਚ 500-500 ਕਿਲੋਗ੍ਰਾਮ) ਲਗਭਗ 7000 ਕਿਲੋਗ੍ਰਾਮ ਲਾਹਣ, 5 ਬਨਸਪਤੀ ਘਿਉ ਦੇ ਕੰਟੇਨਰ (ਹਰੇਕ ਵਿੱਚ 15 ਕਿਲੋਗ੍ਰਾਮ) 75 ਕਿਲੋਗ੍ਰਾਮ ਕੁੱਲ 7075 ਕਿਲੋਗ੍ਰਾਮ ਲਾਹਣ ਅਤੇ 4 ਪਲਾਸਟਿਕ ਦੀਆਂ ਬੋਤਲਾਂ ਵਿੱਚ ਜਿਸ ਵਿੱਚ ਲਗਭਗ 10 ਬੋਤਲਾਂ ਦੇ ਬਰਾਬਰ ਸ਼ਰਾਬ ਨੂੰ ਜਬਤ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਉਕਤ ਨਜ਼ਾਇਜ਼ ਸ਼ਰਾਬ ਨੂੰ ਮੌਕੇ ’ਤੇ ਹੀ ਨਸ਼ਟ ਕਰ ਦਿੱਤਾ ਗਿਆ।

ਉਨ੍ਹਾਂ ਅੱਗੇ ਦੱਸਿਆ ਕਿ ਲੋਕ ਸਭਾ ਚੋਣਾਂ-2024 ਦੌਰਾਨ ਚੋਣ ਕਮਿਸ਼ਨ ਦੀਆਂ ਹਦਾਇਤਾਂ ’ਤੇ ਭਵਿੱਖ ਵਿੱਚ ਵੀ ਗੈਰ ਕਾਨੂੰਨੀ ਸ਼ਰਾਬ ’ਤੇ ਨਕੇਲ ਪਾਉਣ ਲਈ ਛਾਪੇਮਾਰੀ ਨੂੰ ਤੇਜ਼ ਕੀਤਾ ਜਾਵੇਗਾ ਅਤੇ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਭਾਜਪਾ ਦਫਤਰ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਦਿੱਤੀ ਗਈ ਸ਼ਰਧਾਂਜਲੀ

**ਜ਼ੀਰਕਪੁਰ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੇ ਹਲਕਾ ਇੰਚਾਰਜ ਅਤੇ ਸੂਬਾ ਸਕੱਤਰ ਸੰਜੀਵ ਖੰਨਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਨੂੰ ਸ਼ਰਧਾ ਦੇ ਭੇਂਟ ਕੀਤੇ ਗਏ। ਜ਼ੀਰਕਪੁਰ ਵਿਖੇ ਭਾਰਤੀ ਜਨਤਾ ਪਾਰਟੀ ਦੇ ਦਫਤਰ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਕਰਵਾਏ ਗਏ ਸਮਾਗਮ ਦੌਰਾਨ ਸੰਜੀਵ ਖੰਨਾ ਨੇ ਕਿਹਾ ਕਿ ਸ਼ਹੀਦਾਂ ਦੀ ਬਲਿਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀ ਅੱਜ ਖੁੱਲੀ ਹਵਾ ਵਿੱਚ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਗੋਰਿਆਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਸ਼ਹੀਦ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਵਰਗੇ ਸ਼ਹੀਦਾਂ ਨੇ ਭਰੀ ਜਵਾਨੀ ਵਿੱਚ ਫਾਂਸੀ ਦੇ ਰੱਸੇ ਨੂੰ ਚੁੰਮ ਕੇ ਗਲ ਵਿੱਚ ਪਾਇਆ ਸੀ। ਸੰਜੀਵ ਖੰਨਾ ਨੇ ਕਿਹਾ ਕਿ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਤਾਂ ਹੀ ਹੋਵੇਗੀ ਜੇਕਰ ਅਸੀਂ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਉਨ੍ਹਾਂ ਦੀ ਸੋਚ ਤੇ ਪਹਿਰਾ ਦੇਵਾਂਗੇ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪਣੀਆਂ ਜਾਨਾਂ ਵਾਰਨ ਵਾਲੇ ਸ਼ਹੀਦ ਯੋਧਿਆਂ ਨੂੰ ਰਹਿੰਦੀ ਦੁਨੀਆ ਤੱਕ ਯਾਦ ਕੀਤਾ ਜਾਵੇਗਾ।

ਇਸ ਮੌਕੇ ਸਾਰਾ ਹਾਲ ਸ਼ਹੀਦ ਭਗਤ ਸਿੰਘ ਅਮਰ ਰਹੇ, ਸ਼ਹੀਦ ਰਾਜਗੁਰੂ ਅਮਰ ਰਹੇ, ਸ਼ਹੀਦ ਸੁਖਦੇਵ ਅਮਰ ਰਹੇ ਅਤੇ ਭਾਰਤ ਮਾਤਾ ਕੀ ਜੈ ਦੇ ਨਾਅਰਿਆਂ ਨਾਲ ਗੂੰਜ ਉਠਿਆ। ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਮੰਡਲ ਪ੍ਰਧਾਨ ਪ੍ਰਦੀਪ ਸ਼ਰਮਾ, ਭਾਜਪਾ ਆਗੂ ਸੁਧੀਰ ਕਾਂਤੀਵਾਲ, ਦਫਤਰ ਇੰਚਾਰਜ ਰਾਧੇਸ਼ਾਮ, ਗੋਲਡੀ ਫੌਜੀ ਭਾਗਸੀ, ਪਾਰਸ, ਮੁਕੇਸ਼ ਸ਼ਰਮਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਧਾਨ ਸਭਾ ਹਲਕਾ ਡੇਰਾਬੱਸੀ ਦੇ ਭਾਜਪਾ ਵਰਕਰ ਮੌਜੂਦ ਸਨ।

# ਜ਼ਿਲ੍ਹਾ ਸਵੀਪ ਟੀਮ ਨੇ ਨੁੱਕੜ ਨਾਟਕ ਰਾਹੀ ਵੋਟਰਾਂ ਨੂੰ ਕੀਤਾ ਜਾਗਰੂਕ



**ਪਟਿਆਲਾ, 27 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਚੋਣ ਅਫ਼ਸਰ ਪਟਿਆਲਾ ਸ਼ੌਕਤ ਅਹਿਮਦ ਪਰੇ ਦੇ ਦਿਸ਼ਾ ਨਿਰਦੇਸ਼ਾਂ ’ਤੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਸਵੀਪ ਮੁਹਿੰਮ ਵਿੱਚ ਤੇਜ਼ੀ ਲਿਆਉਂਦਿਆਂ ਜ਼ਿਲ੍ਹਾ ਸਵੀਪ ਟੀਮ ਵੱਲੋਂ ਸਰਕਾਰੀ ਸਟੇਟ ਕਾਲਜ ਪਟਿਆਲਾ ਵਿਖੇ ਚੱਲ ਰਹੇ ਮਿਸ਼ਨ ਸਮਰੱਥ ਬਲਾਕ ਪੱਧਰ ਦੇ ਸੈਮੀਨਾਰ ਅਤੇ ਟੀਚਰ ਟ੍ਰੇਨਿੰਗ ਪ੍ਰੋਗਰਾਮ ਦੌਰਾਨ ਅਧਿਆਪਕਾ ਲਈ ਵੋਟਰ ਜਾਗਰੂਕਤਾ ਸਬੰਧੀ ਨੁੱਕੜ ਨਾਟਕ ਕਰਵਾਇਆ ਗਿਆ।

ਜਿਸ ਦੌਰਾਨ ਜ਼ਿਲ੍ਹਾ ਨੋਡਲ ਅਫ਼ਸਰ ਸਵੀਪ ਡਾ ਸਵਿੰਦਰ ਰੇਖੀ ਵੱਲੋਂ ਅਧਿਆਪਕਾ ਨੂੰ ਮਾਪਿਆ ਨਾਲ ਕੀਤੀਆਂ ਜਾਂਦੀਆਂ ਮੀਟਿੰਗਾਂ ਵਿਚ ਮਾਪਿਆ ਨੂੰ ਆਪਣੀ ਸਮਝ ਨਾਲ ਬਿਨਾਂ ਕਿਸੇ ਦਬਾਅ ਅਤੇ ਲਾਲਚ ਦੇ ਵੋਟ ਪਾਉਣ ਲਈ ਜਾਗਰੂਕ ਕਰਨ ਦਾ ਸੁਨੇਹਾ ਦਿੱਤਾ। ਇਸ ਤੋਂ ਇਲਾਵਾ ਜ਼ਿਲ੍ਹੇ ਦੀ ਵੋਟ ਪ੍ਰਤੀਸ਼ਤ ਵਧਾਉਣ ਲਈ ਅਤੇ ਵੋਟਾਂ ਵਿੱਚ ਲੋਕਾਂ ਦੀ 100 ਫ਼ੀਸਦੀ ਭਾਗੀਦਾਰੀ ਲਈ ਵੀ ਅਪੀਲ ਕੀਤੀ ਗਈ। ਇਸ ਮੌਕੇ ਸਟੇਟ ਕਾਲਜ ਦੇ ਚੋਣ ਸਾਖਰਤਾ ਕਲੱਬ ਦੇ ਮੈਂਬਰਾਂ ਨੂੰ ਅਗਾਮੀ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਦੀ ਭੂਮਿਕਾ ਬਾਰੇ ਦੱਸਿਆ ਗਿਆ।

ਸਵੀਪ ਟੀਮ ਵੱਲੋਂ 96 ਸਾਲਾ ਦੇ ਸਮਾਜ ਸੇਵੀ ਸ੍ਰੀ ਓਮ ਪ੍ਰਕਾਸ਼ ਬੀਰ ਜੀ ਨੂੰ ਉਨ੍ਹਾਂ ਦੇ ਘਰ ਜਾ ਕੇ ਸਨਮਾਨਿਤ ਵੀ ਕੀਤਾ ਗਿਆ। ਬੀਰ ਜੀ ਨੇ ਵੀਡੀਉ ਸੁਨੇਹੇ ਰਾਹੀ ਵੋਟਰਾਂ ਨੂੰ ਵੋਟਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਇਸ ਸਮੇਂ ਕਾਲਜ ਦੇ ਪ੍ਰਿੰਸੀਪਲ ਡਾ. ਜਸਪ੍ਰੀਤ ਕੌਰ ਢਿੱਲੋਂ, ਪਟਿਆਲਾ-115 ਦੇ ਨੋਡਲ ਅਫ਼ਸਰ ਰੁਪਿੰਦਰ ਸਿੰਘ, ਸਹਾਇਕ ਜ਼ਿਲ੍ਹਾ ਨੋਡਲ ਅਫ਼ਸਰ ਸਵੀਪ ਮੋਹਿਤ ਕੌਸ਼ਲ, ਅਵਤਾਰ ਸਿੰਘ ਅਤੇ ਟ੍ਰੇਨਿੰਗ ਅਧਿਆਪਕ ਮੌਜੂਦ ਸਨ।

# ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਸਹਿਯੋਗ ਨਾਲ ਕਰਵਾਇਆ ਨਾਟਕ ‘ਛਿਪਣ ਤੋਂ ਪਹਿਲਾਂ’

**ਪਟਿਆਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਵਿਖੇ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੇ ਸ਼ਹੀਦੀ ਦਿਵਸ ਮੌਕੇ @ਛਿਪਣ ਤੋਂ ਪਹਿਲਾਂ@ ਨਾਟਕ ਦੀ ਪੇਸ਼ਕਾਰੀ ਹੋਈ। ਕਲਾ ਭਵਨ ਵਿਖੇ ਹੋਇਆ ਇਹ ਨਾਟਕ ਯੂਨੀਵਰਸਿਟੀ ਦੇ ਥੀਏਟਰ ਅਤੇ ਫ਼ਿਲਮ ਪ੍ਰੋਡਕਸ਼ਨ ਵਿਭਾਗ ਵੱਲੋਂ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਸਹਿਯੋਗ ਨਾਲ਼ ਕਰਵਾਇਆ ਗਿਆ। ਪ੍ਰਸਿੱਧ ਨਾਟਕਕਾਰ ਦਵਿੰਦਰ ਦਮਨ ਵੱਲੋਂ ਲਿਖਿਤ ਇਹ ਨਾਟਕ ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਉੱਤੇ ਆਧਾਰਿਤ ਹੈ ਜਿਸ ਨੂੰ ਪ੍ਰੋ. ਕਪਿਲ ਦੇਵ ਸ਼ਰਮਾ ਅਤੇ ਗੁਰਬਿੰਦਰ ਸਿੰਘ ਦੇ ਨਿਰਦੇਸ਼ਨ ਹੇਠ ਪੇਸ਼ ਕੀਤਾ ਗਿਆ। ਕਿਰਤੀ ਦੇ ਹੱਥਾਂ ਦੀ ਮਹਿਮਾ ਨੂੰ ਦਰਸਾਉਂਦਾ ਇਹ



ਨਾਟਕ ਸਰਦਾਰ ਭਗਤ ਸਿੰਘ ਦੇ ਸੁਪਨਿਆਂ ਦੇ ਭਾਰਤ ਦੀ ਗੱਲ ਕਰਦਾ ਹੈ। ਨਾਟਕ ਰਾਹੀਂ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਸੋਚ ਸਪਸ਼ਟ ਰੂਪ ਵਿੱਚ ਉਭਰ ਕੇ ਸਾਹਮਣੇ ਆਉਂਦੀ ਹੈ। ਮੋਦੀ ਕਾਲਜ ਦੇ ਸਮੂਹ ਵਿਦਿਆਰਥੀ ਅਦਾਕਾਰਾਂ ਨੇ ਇਸ ਨਾਟਕ ਨੂੰ ਬੜੇ ਭਾਵਪੂਰਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਨਾਟਕ ਟੀਮ ਦੇ ਕਲਾਕਾਰਾਂ ਵਿੱਚ ਪ੍ਰਭਜੋਤ ਸਿੰਘ, ਕਮਲਦੀਪ ਸਿੰਘ, ਸਤਵੀਰ ਸਿੰਘ, ਕਸ਼ਿਸ਼ ,ਲਕਸ਼ ਸ਼ਰਮਾ, ਕ੍ਰਿਸ਼ਨਮ ਯਾਦੁਵੰਸ਼ੀ, ਗੁਰਵਿੰਦਰ ਸਿੰਘ, ਮੁਹੰਮਦ ਅਕਬਰ, ਧਰੁਵ ਗਰਗ ਅਤੇ ਰਾਹੁਲ ਚੌਧਰੀ ਸ਼ਾਮਿਲ ਸਨ। ਪੇਸ਼ਕਾਰੀ ਤੋਂ ਪਹਿਲਾਂ ਕੁੱਝ ਵਿਦਿਆਰਥੀਆਂ ਵੱਲੋਂ ਸਰਦਾਰ ਭਗਤ ਸਿੰਘ ਦੇ ਜੀਵਨ ਅਤੇ ਜਜ਼ਬੇ ਬਾਰੇ ਕਵਿਤਾਵਾਂ ਅਤੇ ਗੀਤ ਵੀ ਪੇਸ਼ ਕੀਤੇ।

ਇਸ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਉਪ ਕੁਲਪਤੀ ਪ੍ਰੋ. ਅਰਵਿੰਦ ਨੇ ਜਿੱਥੇ ਵਿਦਿਆਰਥੀਆਂ ਅਤੇ ਮੋਦੀ ਕਾਲਜ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਉਥੇ ਹੀ ਉਨ੍ਹਾਂ ਕਿਹਾ ਕਿ ਸ਼ਹੀਦਾਂ ਦੇ ਜੀਵਨ ਅਤੇ ਵਿਚਾਰਾਂ ਨੂੰ ਪੇਸ਼ ਕਰਨ ਲਈ ਰੰਗਮੰਚ ਸਭ ਤੋਂ ਸ਼ਕਤੀਸ਼ਾਲੀ ਕਲਾ ਮਾਧਿਅਮ ਹੈ। ਪ੍ਰੋ. ਅਰਵਿੰਦ ਵੱਲੋਂ ਵਿਦਿਆਰਥੀਆਂ ਨੂੰ ਕਿਤਾਬਾਂ ਭੇਂਟ ਕੀਤੀਆਂ ਗਈਆਂ।

ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਪ੍ਰੋ. ਜਸਪਾਲ ਦਿਉਲ ਨੇ ਕੀਤਾ।

ਇਸ ਮੌਕੇ ਮੋਦੀ ਕਾਲਜ ਦੇ ਪ੍ਰਿੰਸੀਪਲ ਡਾ. ਨੀਰਜ ਗੋਇਲ, ਪ੍ਰੋ. ਨੀਨਾ ਸਰੀਨ, ਪ੍ਰੋ. ਬੀਰਪਾਲ ਕੌਰ, ਪ੍ਰੋ. ਰੁਪਿੰਦਰ ਸਿੰਘ ਢਿੱਲੋਂ, ਡਾ. ਰਾਜੀਵ ਕੁਮਾਰ, ਪ੍ਰੋ. ਦਵਿੰਦਰ ਸਿੰਘ, ਪ੍ਰੋ. ਪਰਮਿੰਦਰ ਸਿੰਘ, ਪ੍ਰੋ. ਰੋਹਿਤ ਸਚਦੇਵਾ, ਪ੍ਰੋ. ਗਗਨਦੀਪ ਕੌਰ ਦੇ ਨਾਲ ਥੀਏਟਰ ਵਿਭਾਗ ਦਾ ਸਮੂਹ ਸਟਾਫ ਸ਼ਾਮਿਲ ਹੋਇਆ।

# ਚੌਥਾ ਦਰਜਾ ਮੁਲਾਜਮਾਂ ਨੇ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ



**ਪਟਿਆਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਨੇ ਯੂਨੀਅਨ ਦਫਤਰ ਰਾਜਪੁਰਾ ਕਾਲੋਨੀ ਵਿਖੇ ਸ਼ਹੀਦ—ਏ—ਆਜਮ ਸ੍ਰ. ਭਗਤ ਸਿੰਘ, ਸ਼ਹੀਦ ਸੁਖਦੇਵ ਅਤੇ ਰਾਜਗੁਰੂ ਦੇ ਸ਼ਹੀਦੀ ਦਿਵਸ ਤੇ ਇੱਕ ਸੰਖੇਪਕ ਇਕਤਰਤਾ ਕਰਕੇ ਇਨ੍ਹਾਂ ਦੀਆਂ ਦੇਸ਼ ਪ੍ਰਤੀ ਕੁਰਬਾਨੀਆਂ ਤੇ ਵਿਚਾਰ ਚਰਚਾ ਕੀਤੀ ਗਈ ਤੇ ਇਹਨਾਂ ਨੂੰ ਕੋਟਿ— ਕੋਟਿ ਪ੍ਰਣਾਮ ਕੀਤਾ ਗਿਆ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਆਪ ਸਰਕਾਰ ਸ਼ਹੀਦਾਂ ਦੇ ਨਾਉ ਤੇ ਫੋਕੀ ਸੋਹਰਤ ਖੱਟ ਰਹੀ ਹੈ। ਜਦੋਂ ਕਿ ਸ੍ਰ. ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਮਜਦੂਰਾਂ—ਕਿਰਤੀਆਂ, ਦਲਿਤ ਸਮਾਜ ਤੇ ਮੁਲਾਜਮਾਂ ਦੀ ਲੁੱਟ ਹੋ ਰਹੀ ਹੈ, ਦੋ ਸਾਲਾਂ ਵਿੱਚ ਘੱਟੋ—ਘੱਟ ਉਜਰਤਾ ਵਿੱਚ ਵਾਧਾ ਨਹੀਂ ਕੀਤਾ ਗਿਆ, ਸਮੁੱਚੇ ਕੱਚੇ ਕਰਮੀਆਂ ਸਮੇਤ ਸਕੀਮ ਵਰਕਰਾਂ ਦੀ ਲੁੱਟ ਠੇਕੇਦਾਰੀ ਪ੍ਰਥਾ ਰਾਹੀਂ ਅੱਜ ਵੀ ਜਾਰੀ ਹੈ, ਘਰ—ਘਰ ਰਾਸ਼ਨ ਵੰਡਣਾ ਵੀ ਇੱਕ ਚੋਣ ਡਰਾਮਾ ਹੈ, ਸਿਹਤ ਸਹੂਲਤਾਂ ਦਾ ਘਾਣ ਹੋ ਰਿਹਾ ਹੈ ਤੇ ਪੈਰਾ ਮੈਡੀਕਲ ਦੀ ਭਰਤੀ ਪਿਛਲੇ ਲੰਮੇ ਸਮੇਂ ਤੋਂ ਹਸਪਤਾਲਾਂ ਵਿੱਚ ਨਹੀਂ ਕੀਤੀ ਗਈ, ਸਕੂਲ ਸਿੱਖਿਆ ਵਿੱਚ 3000 ਹਜਾਰ ਤੇ ਸਫਾਈ ਸੇਵਕ, 5000 ਹਜਾਰ ਤੇ ਚੌਕੀਦਾਰ ਰੱਖਕੇ ਕਿਰਤੀਆਂ ਦਾ ਆਰਥਿਕ ਸ਼ੋਸ਼ਣ ਹੋ ਰਿਹਾ ਹੈ। ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਵਿਚਲੇ ਠੇਕੇਦਾਰ ਪੂਰੀਆਂ ਉਜਰਤਾ ਤੇ ਸਹੂਲਤਾਂ ਨਾ ਦੇ ਕੇ ਕੰਟਰੈਕਟ / ਆਊਟ ਸੋਰਸ ਕਾਮਿਆਂ ਦੀ ਲੁੱਟ ਖਸੁੱਟ ਕਰ ਰਹੇ ਹਨ। ਚੋਥਾ ਦਰਜਾ ਮੁਲਾਜਮਾਂ ਦੀਆਂ ਵਿਭਾਗਾਂ ਦੇ ਪੁਨਰਗਠਨ ਦੌਰਾਨ ਖਤਮ ਕੀਤੀਆਂ ਅਸਾਮੀਆਂ ਬਹਾਲ ਨਾ ਕਰਕੇ ਨਵੀਂ ਰੈਗੂਲਰ ਭਰਤੀ ਨਹੀਂ ਕੀਤੀ ਜਾ ਰਹੀ, ਸਿੰਚਾਈ ਵਿਭਾਗ ਵਿਚਲੇ ਚੋਥਾ ਦਰਜਾ ਕਰਮੀਆਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਜੰਗਲਾਤ ਵਿਭਾਗ ਵਿੱਚ ਲੰਮੇ ਸਮੇਂ ਤੋਂ ਕੰਮ ਕਰ ਰਹੇ ਵਰਕਰਾਂ ਪੱਕਾ ਨਾ ਕਰਕੇ ਖਾਲੀ ਹੱਥ ਘਰਾਂ ਨੂੰ ਤੋਰਿਆ ਜਾ ਰਿਹਾ ਹੈ। ਇਹ ਆਪ ਸਰਕਾਰ ਦਾ ਬਦਲਾਉ ਹੈ ਜੋ ਸ਼ਹੀਦਾਂ ਦੀ ਸੋਚ ਤੋਂ ਬਿਲਕੁਲ ਉਲਟ ਹੈ। ਕੇਂਦਰ ਦੀ ਮੋਦੀ ਸਰਕਾਰ ਵੀ ਕਿਰਤੀਆਂ ਦਾ ਸ਼ੋਸ਼ਣ ਕਰ ਰਹੀ ਹੈ।

ਇਕੱਤਰਤਾ ਵਿੱਚ ਜੋ ਆਗੂ ਹਾਜਰ ਸਨ ਉਹਨਾਂ ਵਿੱਚ ਦਰਸ਼ਨ ਸਿੰਘ ਲੁਬਾਣਾ, ਬਲਜਿੰਦਰ ਸਿੰਘ, ਗੁਰਦਰਸ਼ਨ ਸਿੰਘ, ਜਗਮੋਹਨ ਨੋਲੱਖਾ, ਮਾਧੋ ਰਾਹੀਂ, ਰਾਮ ਲਾਲ ਰਾਮਾ, ਰਾਮ ਪ੍ਰਸਾਦ ਸਹੋਤਾ, ਮੱਖਣ ਸਿੰਘ, ਮੇਘ ਰਾਜ, ਪ੍ਰਦੀਪ ਕੁਮਾਰ, ਬਲਬੀਰ ਸਿੰਘ, ਸ਼ਿਵ ਚਰਨ, ਇੰਦਰਪਾਲ ਵਾਲਿਆ, ਹਰੀ ਰਾਮ ਨਿੱਕਾ, ਨਿਸ਼ਾ ਰਾਣੀ, ਮੀਨੂੰ, ਰਾਮ ਕੈਲਾਸ਼, ਰਾਜੇਸ਼ ਕੁਮਾਰ, ਸਤਿ ਨਰਾਇਣ ਗੋਨੀ, ਬਲਜੀਤ ਬੱਲੀ, ਧਰਮਿੰਦਰ, ਸੋਨੂੰ ਪਾਲ, ਆਦਿ।

# ਮਹਾਰਾਣੀ ਪ੍ਰਨੀਤ ਕੌਰ ਨੇ ਨਾਭਾ ਵਿੱਚ ਬਰਿੰਦਰ ਬਿੱਟੂ ਦੀ ਅਗਵਾਈ ਵਿਚ ਵਿਰੋਧੀ ਪਾਰਟੀਆਂ ਨੂੰ ਦਿੱਤਾ ਝਟਕਾ

**ਨਾਭਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਨਾਭਾ ਵਿੱਚ ਲਾਈਨ ਕਲੱਬ ਵਿਚ ਭਰਵੇਂ ਸਮਾਗਮ ਦੌਰਾਨ ਸਾਬਕਾ ਮੈਂਬਰ ਪਾਰਲੀਮੈਂਟ ਮਹਾਰਾਣੀ ਪ੍ਰਨੀਤ ਕੌਰ ਨੇ ਬਰਿੰਦਰ ਬਿੱਟੂ ਦੀ ਅਗਵਾਈ ਵਿੱਚ ਅਕਾਲੀ ਦਲ ਪਾਰਟੀ ਨੂੰ ਵੱਡਾ ਝਟਕਾ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਨਾਭਾ ਦੀ ਬਲਾਕ ਪ੍ਰਧਾਨ ਰੀਨਾ ਬਾਂਸਲ ਆਰ।

ਉਨਾਂ ਦੇ ਪਤੀ ਹੇਮੰਤ ਬਾਂਸਲ ਨੂੰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਕੀਤਾ ਨਾਲ ਹੀ ਮੌਜੂਦਾ ਸੱਤਾਧਾਰੀ ਪਾਰਟੀ ਨੂੰ ਵੀ ਇਕ ਵੱਡਾ ਝਟਕਾ ਦਿੱਤਾ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਦੇ ਨਾਲ ਕਾਂਗਰਸ ਪਾਰਟੀਆਂ ਦੇ ਅੱਗੁ ਅਤੇ ਵਰਕਰ ਪਿੰਡ ਬਾਬਰਪੁਰ ਤੋ ਮਨਦੀਪ ਕੁਮਾਰ ਮਨੀ ਕੋਆਪਰੇਟਿਵ ਸੁਸਾਇਟੀ ਪ੍ਰਧਾਨ, ਜਸਪਾਲ ਸਿੰਘ ਸਾਬਕਾ ਸਰਪੰਚ ਬਾਬਰਪੁਰ ਤੇ ਮੈਂਬਰ ਪੰਚਾਇਤ, ਗੁਰਮੋਹਨ ਸਿੰਘ ਸਰਪੰਚ ਝੰਬਾਲੀ ਸਾਹਨੀ, ਕੁਲਦੀਪ ਸਿੰਘ ਡਕੌਂਦਾ 50 ਦੇ ਕਰੀਬ ਸਾਥੀਆਂ ਸਮੇਤ, ਹਰਜਿੰਦਰ ਸਿੰਘ ਸਾਬਕਾ ਸਰਪੰਚ ਘਨੂੜਕੀ , ਸੁਰਜੀਤ ਸਿੰਘ ਸਾਬਕਾ ਸਰਪੰਚ ਘਨੂੜਕੀ ਬਲਜਿੰਦਰ ਸਿੰਘ ਘਨੂੜਕੀ , ਬਲਵੀਰ ਸਿੰਘ ਚੈਅਰਮੈਨ ਸਪੋਰਟਸ ਕਲੱਬ , ਜਾਗਰ ਸਿੰਘ, ਪਿੰਡ ਮਲਕੋ ਤੋ ਅਵਤਾਰ ਸਿੰਘ, ਬਲਵੀਰ ਸਿੰਘ, ਗੁਰਮੇਲ ਸਿੰਘ, ਗੁਰਸੇਵਕ ਸਿੰਘ, ਪਿੰਡ ਮੱਲੇਵਾਲ ਤੋ ਹਰਦੇਵ ਸਿੰਘ ਮੈਂਬਰ ਪੰਚਾਇਤ, ਕਰਨੈਲ ਸਿੰਘ ਮੈਂਬਰ ਪੰਚਾਇਤ, ਪਿੰਡ ਕੁਲਾਰਾ ਤੋ ਸੰਤੋਖ ਸਿੰਘ ਸੋਕੀ



ਸਾਥੀਆਂ ਸਮੇਤ, ਤਰੁਣ ਗੁਪਤਾ ਨਾਭਾ , ਹਰੀਸ਼ ਗੁਪਤਾ ਨਾਭਾ, ਯੋਗੇਸ਼ ਸ਼ਰਮਾ, ਮਨਜੀਤ ਸਿੰਘ, ਸਤੀਸ਼ ਕੁਮਾਰ, ਰਿੰਕੂ, ਕਾਲੂ, ਹਰਜੀਤ ਸਿੰਘ, ਅਜੀਤ ਕਪੂਰ ਨਾਭਾ ਸ਼ਹਿਰ ਅਤੇ ਨਾਭਾ ਦਿਹਾਤੀ ਤੋ 300 ਦੇ ਕਰੀਬ ਪਰਿਵਾਰਾਂ ਨੇ ਮਹਾਰਾਣੀ ਪ੍ਰਨੀਤ ਕੌਰ ਜੀ ਦੀ ਅਗਵਾਈ ਵਿੱਚ ਭਾਰਤੀ ਜਨਤਾ ਦਾ ਪੱਲਾ ਫੜਿਆ।

ਇਸ ਮੌਕੇ ਜਿਲ੍ਹਾ ਪ੍ਰਧਾਨ ਸ਼੍ਰੀ ਹਰਮੇਸ਼ ਗੋਇਲ ਜੀ, ਡਾਕਟਰ ਸ਼ੈਲੀ ਜਰਨਲ ਸਕੱਤਰ, ਸ਼੍ਰੀ ਰਾਜੇਸ਼ ਬੱਬੂ ਜੀ ਨਾਭਾ, ਸ਼੍ਰੀ ਪਰਮਿੰਦਰ ਗੁਪਤਾ, ਜਗਦੀਪ ਜੱਗਾ, ਗਜਿੰਦਰ ਗੱਗੂ, ਚਮਕੌਰ ਖਹਿਰਾ, ਅਮਿਤ ਜਿੰਦਲ, ਵਿਨੋਦ ਕਾਲੜਾ, ਅਸ਼ੋਕ ਕੁਮਾਰ, ਪਰਵਿੰਦਰ ਵਿਰਕ, ਹਰਚਰਨ ਅਗੇਤੀ, ਵਰਿਆਮ ਥੂਹੀ, ਅਵਤਾਰ ਬਨੇਰਾ, ਵਿਜੈ ਨਾਭਾ, ਸੋਨੂੰ ਗੁਪਤਾ ਨਾਭਾ, ਤੋਂ ਇਲਾਵਾਂ ਸਾਰੀ ਸ਼ਹਿਰੀ ਟੀਮ ਹਾਜ਼ਰ ਰਹੀ।

# ਪੰਜਾਬੀ ਯੂਨੀਵਰਸਿਟੀ ਦੇ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਵਿਖੇ ‘ਜੈਤੋ ਦੇ ਮੋਰਚੇ’ ਬਾਰੇ ਕਰਵਾਇਆ ਭਾਸ਼ਣ

**ਪਟਿਆਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਵਿਖੇ ਬੀਬੀ ਮਹਿੰਦਰ ਕੌਰ ਦੀ 13ਵੀਂ ਸਾਲਾਨਾ-ਬਰਸੀ ਮੌਕੇ ‘ਜੈਤੋ ਦੇ ਮੋਰਚੇ’ ਬਾਰੇ ਭਾਸ਼ਣ ਕਰਵਾਇਆ ਗਿਆ। ਇਹ ਭਾਸ਼ਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਰਿਸਰਚ ਸਕਾਲਰ ਡਾ. ਸਿਮਰਨਜੀਤ ਕੌਰ ਨੇ ਦਿੱਤਾ। ਪ੍ਰੋਗਰਾਮ ਦੀ ਅਰੰਭਤਾ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਈ, ਉਪਰੰਤ ਭਾਈ ਕੰਵਰਪਾਲ ਸਿੰਘ ਦੁਆਰਾ ਰਸ-ਭਿੰਨਾ ਕੀਰਤਨ ਕੀਤਾ ਗਿਆ। ਡਾ. ਸਿਮਰਨਜੀਤ ਕੌਰ ਨੇ ਯਾਦਗਾਰੀ-ਭਾਸ਼ਣ



ਦੌਰਾਨ ‘ਜੈਤੋ ਦਾ ਮੋਰਚਾ’ ਬਾਰੇ ਜਾਣਕਾਰੀ ਦਿੰਦਿਆਂ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਉਤਾਰਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਇਸ ਸੰਬੰਧ ਵਿਚ ਕੀਤੀਆਂ ਗਈਆਂ ਪੰਥਕ ਕਾਰਵਾਈਆਂ, ਸ਼ਹੀਦੀ ਜਥਿਆਂ ਦੇ ਗੰਗਸਰ ਜੈਤੋ ਵਿਖੇ ਜਾਣ, ਸਿੱਖਾਂ ਦੀ ਧਾਰਮਿਕ ਆਜ਼ਾਦੀ ਨੂੰ ਬਹਾਲ ਰੱਖਣ ਲਈ ਅਨੇਕਾਂ ਕੁਰਬਾਨੀਆਂ ਉਪਰੰਤ ਮੋਰਚੇ ਦੀ ਸਫਲਤਾ ਬਾਰੇ ਖੋਜ-ਭਰਪੂਰ ਤੱਥ ਪੇਸ਼ ਕੀਤੇ। ਉਨ੍ਹਾਂ ‘ਜੈਤੋ ਦੇ ਮੋਰਚੇ’ ਦੀਆਂ ਦਰਦਨਾਕ ਘਟਨਾਵਾਂ ਦਾ ਭਾਵ-ਪੂਰਤ ਜ਼ਿਕਰ ਕੀਤਾ। ਡਾ. ਪਰਮਵੀਰ ਸਿੰਘ, ਮੁੱਖ ਸੰਪਾਦਕ ਸਿੱਖ ਵਿਸ਼ਵਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਮਹਾਰਾਜਾ ਰਿਪੁਦਮਨ ਸਿੰਘ ਦੀ ਸ਼ਖ਼ਸੀਅਤ, ਆਜ਼ਾਦ ਸੋਚ ਅਤੇ ਸਿੱਖ ਰਾਜੇ ਵਜੋਂ ਕੀਤੇ ਗਏ ਮਹੱਤਵਪੂਰਨ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਸਰਕਾਰ ਅੰਗਰੇਜ਼ੀ ਦੁਆਰਾ ਉਹਨਾਂ ਵਿਰੁੱਧ ਕੀਤੀ ਕਾਰਵਾਈ ਦੀਆਂ ਘਟਨਾਵਾਂ ਉਪਰ ਚਾਨਣਾ ਪਾਇਆ ਗਿਆ। ਇਸ ਮੌਕੇ ਕੇਂਦਰ ਵੱਲੋਂ ਪ੍ਰਕਾਸ਼ਿਤ ‘ਪੰਚਬਟੀ ਸੰਦੇਸ਼’ ਜਰਨਲ ਦਾ ‘ਭਾਈ ਵੀਰ ਸਿੰਘ ਵਿਸ਼ੇਸ਼ ਅੰਕ’ ਰਿਲੀਜ਼ ਕੀਤਾ ਗਿਆ, ਜਿਸ ਵਿਚ ਭਾਈ ਵੀਰ ਸਿੰਘ ਜੀ ਬਾਰੇ ਖੋਜ-ਭਰਪੂਰ ਪੇਪਰ ਸ਼ਾਮਲ ਕੀਤੇ ਗਏ ਹਨ।

ਇਸ ਸਮੇਂ ਬੀਬੀ ਮਹਿੰਦਰ ਕੌਰ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਡੀ. ਐਸ. ਮਾਨ, ਸ. ਦਰਸ਼ਨ ਸਿੰਘ ਮੈਨੇਜ਼ਰ ਗੁਰਦੁਆਰਾ ਹੇਮਕੁੰਟ ਟਰਸਟ, ਰਿਸ਼ੀਕੇਸ਼, ਡਾ. ਗੋਵਿਲ, ਬ੍ਰਿਗੇਡੀਅਰ ਬਹਿਲ, ਸ. ਬਰਜਿੰਦਰਪਾਲ ਸਿੰਘ, ਅਮਰਜੀਤ ਸਿੰਘ ਭਾਟੀਆ, ਪ੍ਰੋ. ਪਰਸ਼ੋਤਮ ਸਿੰਘ, ਪਰਮਜੀਤ ਕੌਰ ਬੇਦੀ, ਮਨਜੀਤ ਕੌਰ ਤੋਂ ਇਲਾਵਾ ਦੇਹਰਾਦੂਨ ਦੀ ਸੰਗਤ ਨੇ ਹਾਜ਼ਰੀ ਭਰੀ। ਇਸ ਸਮੇਂ ਪ੍ਰੋ. ਪੂਰਨ ਸਿੰਘ ਦੇ ਨਾਂ ’ਤੇ ਉਤਰਾਖੰਡ ਸਰਕਾਰ ਵਲੋਂ ਜਾਰੀ ਕੀਤੇ ਗਏ ‘ਉਤਰਾਖੰਡ ਸਾਹਿਤ ਗੌਰਵ ਅਵਾਰਡ’ ਨਾਲ ਸਨਮਾਨਿਤ ਪੰਜਾਬੀ ਕਵੀ ਗੁਰਦੀਪ ਸਿੰਘ ਅਤੇ ਪ੍ਰੇਮ ਸਾਹਿਲ ਵੀ ਪਹੁੰਚੇ ਸਨ, ਜਿਨ੍ਹਾਂ ਨੂੰ ਕੇਂਦਰ ਵਲੋਂ ਸਿਰੋਪਾ ਅਤੇ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਦਾ ਸੰਚਾਲਨ ਡਾ. ਕਸ਼ਮੀਰ ਸਿੰਘ ਦੁਆਰਾ ਬਹੁਤ ਹੀ ਸੁੰਦਰ ਢੰਗ ਨਾਲ ਸੰਚਾਲਿਤ ਕੀਤਾ ਗਿਆ।

# ਹੈਲਥ ਅਵੇਅਰਨੈਸ ਸੁਸਾਇਟੀ ਵਲੋਂ ਵਿਸ਼ਵ ਤਪਦਿਕ ਰੋਕਥਾਮ ਜਾਗਰੂਕ ਸੈਮੀਨਾਰ ਕਰਵਾਇਆ

**ਪਟਿਆਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹੈਲਥ ਅਵੇਅਰਨੈਸ ਸੁਸਾਇਟੀ ਬਾਰਾਦਰੀ ਗਾਰਡਨਜ਼ ਰਜਿ: ਪਟਿਆਲਾ ਵਲੋਂ ਵਿਸ਼ਵ ਤਪਦਿਕ ਰੋਕਥਾਮ ਜਾਗਰੂਕ ਸੈਮੀਨਾਰ ਭਾਈ ਗੁਰਦਾਸ ਨਰਸਿੰਗ ਕਾਲਜ ਪਟਿਆਲਾ ਵਿਖੇ ਕਰਵਾਇਆ ਗਿਆ। ਇਹ ਸੈਮੀਨਾਰ ਡਾਇਰੈਕਟਰ ਸਰਦਾਰਨੀ ਅਮਰਜੀਤ ਕੌਰ ਬਲੂਆਣਾ ਦੇ ਯੋਗ ਅਗਵਾਈ ਵਿੱਚ ਕਰਾਇਆ ਗਿਆ। ਇਸ ਸੈਮੀਨਰ ਵਿੱਚ ਮੁੱਖ ਬੁਲਾਰਾ ਡਾ. ਕਰਾਂਤੀ ਗਰਗ ਐਸੋਸੀਏਟ ਪ੍ਰੋਫੈਸਰ ਪਦਮ ਸ੍ਰੀ ਡਾ. ਖੁਸ਼ਦੇਵਾ ਛਾਤੀ ਰੋਗਾਂ ਮਾਹਿਰ ਹਸਪਤਾਲ ਪਟਿਆਲਾ ਵਲੋਂ ਸਨ। ਉਹਨਾਂ ਨੇ ਤਪਦਿਕ ਬਿਮਾਰੀ ਹੋਣ ਦੇ ਲਛਣ ਅਤੇ ਇਸਦੇ ਰੋਕਥਾਮ ਬਾਰੇ ਸਾਰਿਆਂ ਨੂੰ ਜਾਣੂ ਕਰਵਾਇਆ ਗਿਆ। ਵਿਸ਼ੇਸ਼ ਮਹਿਮਾਨ ਐਸ.ਐਮ.ਓ. ਡਾ. ਗੁਰਪ੍ਰੀਤ ਸਿੰਘ ਨਾਗਰਾ ਨੇ ਤਪਦਿਕ ਹੋਣ ਦੀਆਂ ਕਿਸਮਾਂ ਬਾਰੇ ਜਾਣੂ ਕਰਵਾਇਆ।ਇਸ ਸਮਾਗਮਾਂ ਦੀ ਮੁੱਖ ਮਹਿਮਾਨ ਸਰਦਾਰਨੀ ਰਮਿੰਦਰ ਕੌਰ ਸਿਵਲ ਸਰਜਨ ਪਟਿਆਲਾ ਨੇ ਆਪਣੇ ਵੱਡਮੁੱਲੇ ਵਿਚਾਰਾਂ ਰਾਹੀਂ ਤਪਦਿਕ ਹੋਣ ਤੋਂ ਬਚਣ ਲਈ ਸਾਵਧਾਨੀਆਂ ਦੱਸੀਆ। ਸਿਵਲ ਸਰਜਨ ਜੀ ਨੇ ਸੁਸਾਇਟੀ ਵਲੋਂ ਕਰਵਾਏ ਗਏ



ਜਾਗਰੂਕ ਸੈਮੀਨਾਰ ਕਰਵਾਉਣ ਦੀ ਸ਼ਲਾਘਾ ਕੀਤੀ ਅਤੇ ਹੌਂਸਲਾ ਅਫਜਾਈ ਕੀਤੀ। ਸਾਰਿਆਂ ਨੇ ਖੜੇ ਹੋ ਕੇ ਪ੍ਰਣ ਕੀਤਾ ਕਿ ਤਪਦਿਕ ਹੋਣ ਦੇ ਲਛਣ ਅਤੇ ਰੋਕਥਾਮਾਂ ਬਾਰੇ ਆਮ ਲੋਕਾਂ ਨੂੰ ਜਾਣੂ ਕਰਾਇਆ ਜਾਵੇਗਾ। ਸਾਲ 2025 ਤੱਕ ਇਸਨੂੰ ਖਤਮ ਕਰਨ ਦਾ ਉਪਰਾਲਾ ਕੀਤਾ ਜਾਵੇਗਾ। ਕਾਲਜ ਦੀਆਂ ਵਿਦਿਆਰਥਣਾ ਨੂੰ ਤਪਦਿਕ ਹੋਣ ਅਤੇ ਲਛਣਾਂ ਬਾਰੇ ਪੋਸਟਰ ਮੁਕਾਬਲਾ ਕਰਵਾਉਣ ਲਈ ਕਿਹਾ ਗਿਆ ਤਾਂ ਤਿੰਨ ਵਿਜੇਤਾ ਪਹਿਲਾ, ਦੂਜਾ, ਤੀਜਾ ਚੁਣੇ ਗਏ ਨੂੰ ਯਾਦਗਾਰੀ ਚਿੰਨ ਤੇ ਸਰਟੀਫਿਕੇਟ ਡਾ. ਕ੍ਰਾਂਤੀ ਗਰਗ ਵੱਲੋਂ ਦਿੱਤੇ ਗਏ ਅਤੇ ਇਸਦੇ ਨਾਲ ਦੋ ਕੰਸੋਲੀਏਸ਼ਨ ਇਨਾਮ ਵੀ ਦਿੱਤੇ ਗਏ। ਮੌਕੇ ਤੇ ਪੁਜੇ ਗੁਲਜ਼ਾਰ ਪਟਿਆਲਵੀ ਨੇ ਵੀ ਸੁਸਾਇਟੀ ਵੱਲੋਂ ਕਰਵਾਏ ਸੈਮੀਨਾਰ ਦੀ ਸਰਾਹਨਾ ਕੀਤੀ ਅਤੇ ਇਸਨੂੰ ਜਾਗਰੂਕ ਕਰਨ ਲਈ ਉਤਸ਼ਾਹਿਤ ਕੀਤਾ।

ਸੁਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ ਕੌਲੀ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਵਿਦਿਆਰਥੀਆਂ ਨੂੰ ਜਾਗਰੂਕਤਾ ਚੇਨ ਬਣਾਉਣ ਲਈ ਪ੍ਰੇਰਿਤ ਕੀਤਾ। ਜਸਵੰਤ ਸਿੰਘ ਕੌਲੀ ਪ੍ਰਧਾਨ, ਸੁਰੇਂਦਰ ਆਹਲੂਵਾਲੀਆ ਮੀਤ ਪ੍ਰਧਾਨ, ਪੂਰਨ ਸੁਆਮੀ ਕਾਰਜਕਾਰੀ ਮੈਂਬਰ ਨੇ ਮੁੱਖ ਮਹਿਮਾਨ ਰਮਿੰਦਰ ਕੌਰ, ਵਿਸ਼ੇਸ਼ ਮਹਿਮਾਨ ਡਾ. ਗੁਰਪ੍ਰੀਤ ਸਿੰਘ ਨਾਗਰਾ, ਮੁੱਖ ਬੁਲਾਰਾ ਡਾ. ਕ੍ਰਾਂਤੀ ਗਰਗ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ।

ਇਸ ਸੈਮੀਨਾਰ ਦੀ ਸਫ਼ਲਤਾ ਲਈ ਸਰਦਾਰਨੀ ਅਮਰਜੀਤ ਕੌਰ ਬਲੂਆਣਾ ਡਾਇਰੈਕਟਰ, ਇੰਜ: ਦਮਨਪ੍ਰੀਤ ਸਿੰਘ ਅਤੇ ਸਰਦਾਰਨੀ ਕੁਲਦੀਪ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ ਅੰਤ ਵਿੱਚ ਸੁਸਇਟੀ ਦੇ ਆਹੁਦੇਦਾਰਾਂ ਵਲੋਂ ਸਾਰੇ ਆਇਆ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਸੁਰੇਂਦਰ ਆਹਲੂਵਾਲੀਆ ਵਲੋਂ ਬਾਖੂਬੀ ਰਹੀ।

# ਵਿਧਾਇਕ ਦੇਵ ਮਾਨ ਨੇ ਨਰਿੰਦਰ ਜੋਸ਼ੀ ਦਾ ਕੀਤਾ ਸਨਮਾਨ

**ਭਾਦਸੋਂ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਆਮ ਆਦਮੀ ਪਾਰਟੀ ਵੱਲੋਂ ਆਪਣੇ ਵਲੰਟੀਅਰਾਂ ਨੂੰ ਅਹੁਦਿਆਂ ਦੇ ਕੇ ਨਿਵਾਜਿਆ ਜਾ ਰਿਹਾ ਹੈ ਜਿਸ



ਤਹਿਤ ਹਲਕਾ ਨਾਭਾ ਦੇ ਬਲਾਕ ਭਾਦਸੋ ਵਿਖੇ ਪੁਰਾਣੇ ਟਕਸਾਲੀ ਵਰਕਰ ਸਮਾਜ ਸੇਵਕ ਨਰਿੰਦਰ ਜੋਸ਼ੀ ਨੂੰ ਬਲਾਕ ਪ੍ਰਧਾਨ ਭਾਦਸੋਂ ਨਿਯੁਕਤ ਕੀਤਾ ਗਿਆ ਹੈ ਇਸ ਨਿਯੁਕਤੀ ਤੇ ਗੁਰਦੇਵ ਸਿੰਘ ਦੇ ਮਾਨ ਐਮਐਲਏ ਨਾਭਾ ਵੱਲੋਂ ਨਰਿੰਦਰ ਜੋਸ਼ੀ ਨੂੰ ਸਿਰੋਪਾ ਪਾ ਕੇ ਸਨਮਾਨ ਕੀਤਾ ਗਿਆ ਅਤੇ ਪਾਰਟੀ ਵਿੱਚ ਵੱਧ ਚੜ ਕੇ ਆਪਣਾ ਯੋਗਦਾਨ ਪਾਉਣ ਲਈ ਕਿਹਾ ਇਸ ਮੌਕੇ ਨਰਿੰਦਰ ਜੋਸ਼ੀ ਵੱਲੋਂ ਵਿਧਾਇਕ ਦੇਵ ਮਾਨ ਦਾ ਅਤੇ ਸਮੁੱਚੀ ਲੀਡਰਸ਼ਿਪ ਦਾ ਇਸ ਨਿਯੁਕਤੀ ਲਈ ਧੰਨਵਾਦ ਕੀਤਾ ਉਨਾ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਬਲਾਕ ਭਾਦਸੋ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਵੱਡੀ ਲੀਡ ਪ੍ਰਾਪਤ ਕਰੇਗਾ ਇਸ ਮੌਕੇ ਉਨ੍ਹਾਂ ਦੇ ਨਾਲ ਤੇ ਤੇਜਿੰਦਰ ਸਿੰਘ ਖਹਿਰਾ ਸੀਨੀਅਰ ਆਪ ਆਗੂ , ਸੋਹਨ ਲਾਲ , ਭੁਪਿੰਦਰ ਸਿੰਘ ਕੱਲਰ ਮਾਜਰੀ ਅਤੇ ਹੋਰ ਆਹੁਦੇਦਾਰਾਂ ਮੌਜੂਦ ਸਨ।

ਕੌਮੀ ਪੱਤ੍ਰਿਕਾ

# ਨਾਰਾਜ਼ ਵਿੱਜ ਨੂੰ ਮਨਾਉਣ ਲਈ ਪਹੁੰਚੇ ਸੈਣੀ



**ਅੰਬਾਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅੱਜ ਪਾਰਟੀ ਤੋਂ ਨਾਰਾਜ਼ ਚੱਲ ਰਹੇ ਸਾਬਕਾ ਗ੍ਰਹਿ ਮੰਤਰੀ ਅਨਿਲ ਵਿੱਜ ਨੂੰ ਮਿਲਣ ਤੇ ਮਨਾਉਣ ਲਈ ਅੱਜ ਉਨ੍ਹਾਂ ਦੀ ਅੰਬਾਲਾ ਕੈਂਟ ਸਥਿਤ ਰਿਹਾਇਸ਼ ਵਿਖੇ ਪਹੁੰਚੇ। ਇਸ ਦੌਰਾਨ ਸ੍ਰੀ ਵਿੱਜ ਨੇ ਫੁੱਲਾਂ ਦਾ ਗੁਲਦਸਤਾ ਭੇਟ ਕਰ ਕੇ ਮੁੱਖ ਮੰਤਰੀ ਦਾ ਸਵਾਗਤ ਕੀਤਾ ਅਤੇ ਸਨਮਾਨ ਵਜੋਂ ਇਕ ਸ਼ਾਲ ਵੀ ਸ੍ਰੀ ਸੈਣੀ ਨੂੰ ਪਹਿਨਾਇਆ। ਉਸ ਤੋਂ ਬਾਅਦ ਮੁੱਖ ਮੰਤਰੀ ਸੈਣੀ ਨੇ ਸੀਨੀਅਰ ਭਾਜਪਾ ਆਗੂ ਦੇ ਪੈਰ ਛੂਹੇ।

ਜ਼ਿਕਰਯੋਗ ਹੈ ਕਿ ਕੱਲ੍ਹ ਹੀ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਸੀ ਕਿ ਉਹ ਅਨਿਲ ਵਿੱਜ ਦੇ ਘਰ ਜਾਣਗੇ ਅਤੇ ਚਾਹ ਪੀਣ ਦੇ ਨਾਲ-ਨਾਲ ਉਨ੍ਹਾਂ ਦਾ ਆਸ਼ੀਰਵਾਦ ਵੀ ਪ੍ਰਾਪਤ ਕਰਨਗੇ। ਇਸ ਦੌਰਾਨ ਦੋਹਾਂ ਆਗੂਆਂ ਵਿਚਾਲੇ ਕਰੀਬ 40 ਮਿੰਟ ਗੱਲਬਾਤ ਹੋਈ। ਮੁੱਖ ਮੰਤਰੀ ਨੇ ਕਿਹਾ, "ਅਨਿਲ ਵਿੱਜ ਸਾਡੇ ਸੀਨੀਅਰ ਮੰਤਰੀ ਰਹੇ ਹਨ। ਜਦੋਂ ਮੈਂ ਭਾਜਪਾ ਦਾ ਜ਼ਿਲ੍ਹਾ ਪ੍ਰਧਾਨ ਸੀ ਉਦੋਂ ਤੋਂ ਵਿੱਜ ਸਾਹਿਬ ਦੀ ਅਗਵਾਈ ਲੈਂਦਾ ਆ ਰਿਹਾ ਹਾਂ।ਫਿਰ ਪਾਰਟੀ ਦਾ ਪ੍ਰਦੇਸ਼ ਪ੍ਰਧਾਨ ਬਣਿਆ ਤਾਂ ਵੀ ਆਸ਼ੀਰਵਾਦ ਮਿਲਿਆ। ਹੁਣ ਪਾਰਟੀ ਨੇ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਸੌਂਪੀ ਹੈ ਤਾਂ ਵੀ ਅੱਜ ਆਸ਼ੀਰਵਾਦ ਲੈਣ ਆਇਆ ਹਾਂ। ਹੁਣ ਵਿੱਜ ਸਾਹਿਬ ਦੀ ਅਗਵਾਈ ਵਿੱਚ ਹਰਿਆਣਾ ਦੀਆਂ 10 ਦੀਆਂ 10 ਸੀਟਾਂ ਜਿੱਤਣੀਆਂ ਹਨ।'ਮੁਲਾਕਾਤ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਾਬਕਾ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਹੱਸਦੇ ਹੋਏ ਕਿਹਾ, "ਮੁਲਾਕਾਤ ਹੋਈ, ਕੁਛ ਬਾਤ ਹੋਈ।" ਨਾਰਾਜ਼ਗੀ ਦੀ ਗੱਲ ਉਨ੍ਹਾਂ ਨੇ ਫਿਰ ਨਕਾਰ ਦਿੱਤੀ ਅਤੇ ਕਿਹਾ, "ਮੈਂ ਭਾਜਪਾ ਦਾ ਪੱਕਾ ਭਗਤ ਹਾਂ ਅਤੇ ਕਦੇ ਨਾਰਾਜ਼ ਨਹੀਂ ਹੁੰਦਾ।ਅਜਿਹੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਹਨ, ਮੈਂ ਦਿਲ 'ਤੇ ਨਹੀਂ ਲਾਉਂਦਾ" ਦੱਸਣਾ ਬਣਦਾ ਹੈ ਕਿ 12 ਮਾਰਚ ਨੂੰ ਭਾਜਪਾ-ਜਜਪਾ ਗੱਠਜੋੜ ਟੁੱਟਣ ਤੋਂ ਬਾਅਦ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਉਸੇ ਦਿਨ ਮੰਤਰੀ ਮੰਡਲ ਸਮੇਤ ਅਸਤੀਫ਼ਾ ਦੇ ਦਿੱਤਾ ਸੀ। ਇਸ ਤੋਂ ਬਾਅਦ ਨਵੇਂ ਮੁੱਖ ਮੰਤਰੀ ਚੁਣਨ ਲਈ ਵਿਧਾਇਕ ਦਲ ਦੀ ਮੀਟਿੰਗ ਹੋਈ ਸੀ ਜਿਸ ਵਿੱਚ ਦਿੱਲੀ ਤੋਂ ਕੇਂਦਰੀ ਮੰਤਰੀ ਅਰਜੁਨ ਮੁੰਡਾ ਅਤੇ ਤਰੁਨ ਚੁੱਘ ਵੀ ਮੌਜੂਦ ਸਨ। ਇਸ ਦੌਰਾਨ ਅਨਿਲ ਵਿੱਜ ਅਚਾਨਕ ਇਸ ਮੀਟਿੰਗ ਵਿੱਚੋਂ ਉੱਠ ਕੇ ਆ ਗਏ ਸਨ।

# ਵਿਦੇਸ਼ੀ ਔਰਤ ਨਾਲ ਜਬਰ-ਜਨਾਹ ਦੇ ਦੋਸ਼ ਹੇਠ ਹੋਟਲ ਮੈਨੇਜਰ ਨੂੰ 10 ਸਾਲ ਕੈਦ

**ਜੀਂਦ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਥੈਲੇਸੀਮੀਆ ਦੀ ਬੀਮਾਰੀ ਤੋਂ ਪੀੜਤ ਮਰੀਜ਼ਾਂ ਨੇ ਸਿਵਲ ਹਸਪਤਾਲ ਵਿੱਚ ਹੀ ਇਲਾਜ ਮੁਹੱਈਆ ਕਰਵਾਉਣ ਲਈ ਸਥਾਨਕ ਸਿਵਲ ਸਰਜਨ ਨੂੰ ਮੰਗ ਪੱਤਰ ਸੌਂਪਿਆ। ਥੈਲੇਸੀਮੀਆ ਸੁਸਾਇਟੀ ਦੇ ਮੈਂਬਰ ਵਿਸ਼ਾਂਤ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਲਗਪਗ 25 ਤੋਂ 30 ਅਜਿਹੇ ਬਾਲਕ ਹਨ ਜਿਹੜੇ ਥੈਲੇਸੀਮੀਆ ਰੋਗ ਤੋਂ ਪੀੜਤ ਹਨ।

ਉਨ੍ਹਾਂ ਨੂੰ ਆਪਣੇ ਜੀਵਨ ਦੀ ਰੱਖਿਆ ਲਈ ਹਰ 15ਵੇਂ ਦਿਨ ਪੀਆਰਬੀਸੀ-ਪੈਕਡ ਰੈਡਬਲੱਡ ਸੈੱਲ ਅਤੇ ਖ਼ੂਨ ਚੜ੍ਹਵਾਉਣਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਖ਼ੂਨ ਲਈ ਰੋਹਤਕ, ਖਾਨਪੁਰ ਜਾਣਾ ਪੈਂਦਾ ਹੈ। ਇਸ ਤਰ੍ਹਾਂ ਦੇ ਮਰੀਜ਼ਾਂ ਨੂੰ ਜੀਂਦ ਦੇ ਨਾਗਰਿਕ ਹਸਪਤਾਲ ਵਿੱਚ ਹੀ ਸਹੂਲਤ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ। ਇਸ ਦੌਰਾਨ ਸਿਵਲ ਸਰਜਨ ਡਾ. ਗੋਪਾਲ ਗੋਇਲ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਅਗਲੇ ਇੱਕ ਮਹੀਨੇ ਤੱਕ ਇੱਥੇ ਹਸਪਤਾਲ ਵਿੱਚ ਪੀਆਰਬੀਸੀ ਖ਼ੂਨ ਦੀ ਸੁਵਿਧਾ ਮੁਹੱਈਆ ਕਰਵਾ ਦਿੱਤੀ ਜਾਵੇਗੀ।

ਇੱਥੇ ਇੱਕ ਔਰਤ ਨੇ ਨਜ਼ਦੀਕੀ ਪਿੰਡ ਦੇ ਇਕ ਨੌਜਵਾਨ 'ਤੇ ਜਬਰ-ਜਨਾਹ ਕਰ ਕੇ ਵੀਡੀਓ ਬਣਾਉਣ ਦੇ ਦੋਸ਼ ਲਾਏ ਹਨ। ਉਸ ਨੇ ਦੱਸਿਆ ਕਿ ਇਸ ਵਿੱਚ ਨੌਜਵਾਨ ਦੀ ਮਾਤਾ ਤੇ ਉਸ ਦੀ ਪਤਨੀ ਵੀ ਸ਼ਾਮਲ ਸੀ। ਇਸ ਮਗਰੋਂ ਉਨ੍ਹਾਂ ਉਸ ਦੇ ਲੱਖਾਂ ਰੁਪਏ ਦੇ ਗਹਿਣੇ ਅਤੇ ਨਗਦੀ ਵੀ ਲੁੱਟ ਲਈ। ਪੁਲੀਸ ਨੇ ਕੇਸ ਦਰਜ ਕਰ ਕੇ ਇਸ ਸਬੰਧੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਔਰਤ ਨੇ ਬੀਤੀ ਦੇਰ ਸ਼ਾਮ ਪੁਲੀਸ ਨੂੰ ਦੱਸਿਆ ਕਿ ਨੇੜਲੇ ਪਿੰਡ ਦੇ ਨੌਜਵਾਨ, ਉਸ ਦੀ ਮਾਂ ਅਤੇ ਉਸ ਦੀ ਪਤਨੀ ਦਾ ਕਰੀਬ 7 ਸਾਲ ਤੋਂ ਉਸ ਦੇ ਘਰ ਆਉਣਾ-ਜਾਣਾ ਸੀ। ਇਸ ਦੌਰਾਨ ਉਕਤ ਨੌਜਵਾਨ ਨੇ ਜਾਣ-ਪਛਾਣ ਦਾ ਫਾਇਦਾ ਉਠਾ ਕੇ ਉਸ ਨਾਲ ਜਬਰ-ਜਨਾਹ ਕੀਤਾ ਅਤੇ ਉਸ ਦੀ ਵੀਡੀਓ ਬਣਾ ਲਈ। ਇਸ ਮਗਰੋਂ ਨੌਜਵਾਨ ਆਪਣੀ ਮਾਤਾ ਤੇ ਪਤਨੀ ਨਾਲ ਮਿਲ ਕੇ 4 ਤੋਲੇ ਸੋਨਾ ਅਤੇ 4.50 ਲੱਖ ਰੁਪਏ ਵੀ ਲੈ ਗਏ।

# ਮੁੱਖ ਮੰਤਰੀ ਦੀ ਰਿਹਾਇਸ਼ ਘੇਰਨ ਜਾ ਰਹੇ 'ਆਪ' ਵਰਕਰਾਂ 'ਤੇ ਲਾਠੀਚਾਰਜ



**ਕੁਰੂਕਸ਼ੇਤਰ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਖ਼ਿਲਾਫ਼ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਰਿਹਾਇਸ਼ ਦਾ ਘਿਰਾਓ ਕਰਨ ਜਾ ਰਹੇ 'ਆਪ' ਕਾਰਕੁਨਾਂ 'ਤੇ ਪੁਲੀਸ ਨੇ ਲਾਠੀਚਾਰਜ ਕੀਤਾ।

ਇਸ ਦੌਰਾਨ ਉਨ੍ਹਾਂ ਪਾਣੀ ਦੀਆਂ ਬੁਛਾੜਾਂ ਵੀ ਮਾਰੀਆਂ। ਇਸ ਲਾਠੀਚਾਰਜ ਵਿੱਚ ਆਮ ਆਦਮੀ ਪਾਰਟੀ ਦੇ ਸੂਬਾਈ ਪ੍ਰਧਾਨ ਡਾਕਟਰ ਸੁਸ਼ੀਲ ਗੁਪਤਾ ਅਤੇ ਸੀਨੀਅਰ ਸੂਬਾਈ ਮੀਤ ਪ੍ਰਧਾਨ ਅਨੁਰਾਗ ਢਾਂਡਾ ਸਮੇਤ ਹੋਰ ਕਈ ਆਗੂ ਤੇ ਵਰਕਰ ਜ਼ਖ਼ਮੀ ਹੋ ਗਏ।

ਡਾ. ਸੁਸ਼ੀਲ ਗੁਪਤਾ ਨੇ ਕਿਹਾ ਕਿ ਪੁਲੀਸ ਦੇ ਲਾਠੀਚਾਰਜ ਕਾਰਨ ਸੈਂਕੜੇ ਵਰਕਰ ਜ਼ਖ਼ਮੀ ਹੋ ਗਏ। ਉਨ੍ਹਾਂ ਕਿਹਾ ਕਿ ਭਾਜਪਾ ਅਰਵਿੰਦ ਕੇਜਰੀਵਾਲ ਤੋਂ ਡਰੀ ਹੋਈ ਹੈ। ਉਨ੍ਹਾਂ ਨੂੰ ਝੂਠੇ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। 'ਆਪ' ਦੇ ਸੀਨੀਅਰ ਸੂਬਾਈ ਮੀਤ ਪ੍ਰਧਾਨ ਅਨੁਰਾਗ ਢਾਂਡਾ ਨੇ ਕਿਹਾ ਕਿ ਧਾਰਮਿਕ ਨਗਰੀ ਕੁਰੂਕਸ਼ੇਤਰ ਅੱਜ ਬੇਇਨਸਾਫ਼ੀ ਅਤੇ ਅੱਤਿਆਚਾਰ ਦਾ ਗਵਾਹ ਬਣ ਚੁੱਕੀ ਹੈ। ਉਨ੍ਹਾਂ ਨੂੰ ਲੋਕਤੰਤਰੀ ਢੰਗ ਨਾਲ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਨ੍ਹਾਂ ਦੇ ਸਿਰਾਂ 'ਤੇ ਡੰਡੇ ਮਾਰੇ ਗਏ ਹਨ। ਇਸ ਤਰ੍ਹਾਂ ਦਾ ਜ਼ੁਲਮ ਅਤੇ ਬੇਇਨਸਾਫ਼ੀ ਭਾਜਪਾ ਦੇ ਰਾਜ ਵਿੱਚ ਹੀ ਹੋ ਸਕਦੀ ਹੈ।

ਉਨ੍ਹਾਂ ਕਿਹਾ ਕਿ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਸਰਕਾਰੀ ਅਦਾਰਿਆਂ ਤੋਂ ਸਰਕਾਰ ਦੀ ਪਕੜ ਖ਼ਤਮ ਹੋ ਜਾਂਦੀ ਹੈ। ਇਸ ਤੋਂ ਬਾਅਦ ਵੀ ਈਡੀ ਵਰਗੀ ਏਜੰਸੀ ਸਿਆਸੀ ਨਿਰਦੇਸ਼ਾਂ 'ਤੇ ਕੰਮ ਕਰ ਰਹੀ ਹੈ। ਦੇਸ਼ ਤਾਨਾਸ਼ਾਹੀ ਵੱਲ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ। ਜੇ ਉਹ ਸੋਚ ਰਹੇ ਹਨ ਕਿ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ ਵਿੱਚ ਰੱਖ ਕੇ ਉਹ ਚੋਣਾਂ ਜਿੱਤਣਗੇ ਤਾਂ ਇਹ ਭਾਜਪਾ ਦੀ ਗਲਤਫਹਿਮੀ ਹੈ। ਅਰਵਿੰਦ ਕੇਜਰੀਵਾਲ ਇੱਕ ਸੋਚ ਹੈ, ਜੋ ਦੇਸ਼ ਦੇ ਕਰੋੜਾਂ ਲੋਕਾਂ ਵਿੱਚ ਵੱਸਦੀ ਹੈ। ਲੋਕ ਵਿਰੋਧ ਵੀ ਕਰਨਗੇ ਅਤੇ ਭਾਜਪਾ ਦਾ ਸਫਾਇਆ ਵੀ ਕਰ ਦੇਣਗੇ।

ਕੁਰੂਕਸ਼ੇਤਰ ਦੇ ਐੱਸਪੀ ਸੁਰਿੰਦਰ ਸਿੰਘ ਭੌਰੀਆ ਨੇ ਮੌਕੇ 'ਤੇ ਪਹੁੰਚ ਕੇ ਕਿਹਾ ਕਿ ਵੀਡੀਓ ਦੇਖ ਕੇ ਪੂਰੇ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਐੱਸਪੀ ਨੇ ਦੋਸ਼ ਲਾਇਆ ਕਿ ਪ੍ਰਦਰਸ਼ਨਕਾਰੀਆਂ ਵੱਲੋਂ ਕੀਤੇ ਪਥਰਾਅ ਕਾਰਨ ਕਈ ਪੁਲੀਸ ਮੁਲਾਜ਼ਮ ਵੀ ਜ਼ਖ਼ਮੀ ਹੋਏ ਹਨ। ਉਨ੍ਹਾਂ ਕਿਹਾ ਕਿ ਚੋਣ ਜ਼ਾਬਤੇ ਦੌਰਾਨ ਇਸ ਤਰ੍ਹਾਂ ਦਾ ਪ੍ਰਦਰਸ਼ਨ ਜਾਇਜ਼ ਨਹੀਂ ਹੈ।

# ਅਸ਼ਲੀਲ ਵੀਡੀਓ ਮਾਮਲੇ 'ਚ ਘਿਰੇ ਅਧਿਆਪਕ ਨੂੰ ਮਿਲੀ ਜ਼ਮਾਨਤ

**ਗੂਹਲਾ ਚੀਕਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਵਿਦਿਆਰਥਣਾਂ ਦੇ ਵਟਸਐਪ ਗਰੁੱਪ ਵਿੱਚ ਅਸ਼ਲੀਲ ਵੀਡੀਓ ਲਿੰਕ ਭੇਜਣ ਦੇ ਮੁਲਜ਼ਮ ਐਕਸਟੈਂਸ਼ਨ ਲੈਕਚਰਾਰ ਜਿਤੇਂਦਰ ਕੁਮਾਰ ਨੂੰ ਅੱਜ ਗੂਹਲਾ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ। ਮੁਲਜ਼ਮ ਦੇ ਵਕੀਲ ਨੇ ਅਦਾਲਤ ਦੇ ਸਾਹਮਣੇ ਉਸ ਦੀਆਂ ਸਿਹਤ ਸਬੰਧੀ ਪ੍ਰੇਸ਼ਾਨੀਆਂ ਦਾ ਹਵਾਲਾ ਦੇ ਕੇ ਜ਼ਮਾਨਤ ਦੀ ਦਰਖਾਸਤ ਦਿੱਤੀ ਸੀ। ਬਾਵਜੂਦ ਇਸ ਦੇ ਅਦਾਲਤ ਨੇ ਅੱਜ ਸ਼ਿਕਾਇਤਕਰਤਾ ਵਿਦਿਆਰਥਣਾਂ ਨੂੰ ਸੱਦ ਕੇ ਸੀਆਰਪੀਸੀ ਦੀ ਧਾਰਾ 164 ਤਹਿਤ ਬੰਦ ਕਮਰੇ ਵਿੱਚ ਉਨ੍ਹਾਂ ਦੇ ਬਿਆਨ ਦਰਜ ਕੀਤੇ। ਸੂਬਾ ਮਹਿਲਾ ਕਮਿਸ਼ਨ ਮੁਲਜ਼ਮ ਖ਼ਿਲਾਫ਼ ਆਪਣਾ ਵਕੀਲ ਖੜ੍ਹਾ ਕਰੇਗਾ।

ਇਸ ਮਾਮਲੇ ਵਿੱਚ ਪ੍ਰਿੰਸੀਪਲ ਜਾਂ ਸਿੱਖਿਆ ਵਿਭਾਗ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਸਬੰਧੀ ਅਧਿਕਾਰੀਆਂ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਕਾਲਜ ਪ੍ਰਿੰਸੀਪਲ ਰਾਮਨਿਵਾਸ ਯਾਦਵ ਨੇ ਕਿਹਾ ਕਿ ਦੋਸ਼ ਸਾਬਤ ਹੋਣ ਤੱਕ ਅਧਿਆਪਕ ਨੂੰ ਬਾਹਰ ਨਹੀਂ ਕੱਢਿਆ ਜ ਸਕਦਾ। ਜਾਣਕਾਰੀ ਅਨੁਸਾਰ ਕਾਲਜ ਦੀ ਆਂਤਰਿਕ ਸ਼ਿਕਾਇਤ ਕਮੇਟੀ ਦੀ ਜਾਂਚ ਵਿੱਚ ਦੋਸ਼ ਸਾਬਤ ਹੋ ਚੁੱਕੇ ਹਨ। ਪ੍ਰਿੰਸੀਪਲ ਨੇ ਕਿਹਾ ਕਿ ਜੋ ਕਾਰਵਾਈ ਹੋ ਸਕਦੀ ਸੀ, ਉਹ ਉਨ੍ਹਾਂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕਾਨੂੰਨੀ ਪ੍ਰਕਿਰਿਆ ਤਹਿਤ ਦੋਸ਼ ਸਾਬਤ ਨਹੀਂ ਹੋ ਜਾਂਦਾ, ਉਦੋਂ ਤੱਕ ਉਹ ਕੁੱਝ ਨਹੀਂ ਕਰ ਸਕਦੇ। ਉਨ੍ਹਾਂ ਮੁਤਾਬਕ ਹਾਲੇ ਤੱਕ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਇਸ ਦੀ ਜਾਣਕਾਰੀ ਦਿੱਤੀ ਗਈ ਹੈ। ਸਿੱਖਿਆ ਵਿਭਾਗ ਦੇ ਨਿਰਦੇਸ਼ਕ ਰਾਜੀਵ ਰਤਨ ਨੇ ਇਸ ਬਾਰੇ ਕਿਹਾ ਕਿ ਪ੍ਰਿੰਸੀਪਲ ਕਿਸੇ ਵੀ ਕੱਚੇ ਕਰਮਚਾਰੀ ਜਾਂ ਐਕਸਟੈਂਸ਼ਨ ਲੇਕਚਰਾਰ ਨੂੰ ਨੌਕਰੀ ਤੋਂ ਬਰਖਾਸਤ ਕਰ ਸਕਦਾ ਹੈ।

# ਲੋਕਾਂ ਨੂੰ ਅਸਲਾ ਜਮ੍ਹਾਂ ਕਰਵਾਉਣ ਦੀ ਅਪੀਲ

**ਲੁਧਿਆਣਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਮਾਛੀਵਾੜਾ ਪੁਲੀਸ ਨੇ ਅਸਲਾ ਧਾਰਕਾਂ ਨੂੰ ਆਪਣੇ ਹਥਿਆਰ ਜਮ੍ਹਾਂ ਕਰਵਾਉਣ ਦੇ ਨਿਰਦੇਸ਼ ਦਿੰਦਿਆਂ ਚਿਤਾਵਨੀ ਦਿੱਤੀ ਕਿ ਜੇਕਰ 27 ਮਾਰਚ ਸ਼ਾਮ ਤੱਕ ਅਸਲਾ ਜਮ੍ਹਾਂ ਨਾ ਕਰਵਾਇਆ ਤਾਂ ਲਾਇਸੈਂਸ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਵੇਗੀ। ਇਸ ਸਬੰਧੀ ਮਾਛੀਵਾੜਾ ਥਾਣਾ ਮੁਖੀ ਇੰਸਪੈਕਟਰ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਚੋਣ ਕਮਿਸ਼ਨ ਅਤੇ ਪੁਲੀਸ ਜ਼ਿਲ੍ਹਾ ਖੰਨਾ ਦੇ ਐੱਸਐੱਸਪੀ ਦੀਆਂ ਹਦਾਇਤਾਂ ਹਨ ਕਿ ਚੋਣਾਂ ਦੌਰਾਨ ਕੋਈ ਹਿੰਸਕ ਘਟਨਾ ਨਾ ਵਾਪਰੇ ਇਸ ਲਈ ਸਾਰੇ ਅਸਲਾਧਾਰਕਾਂ ਦੇ ਹਥਿਆਰ ਜਮ੍ਹਾਂ ਕਰਵਾ ਲਏ ਜਾਣ। ਉਨ੍ਹਾਂ ਕਿਹਾ ਕਿ ਕਈ ਸੂਝਵਾਨ ਵਿਅਕਤੀਆਂ ਨੇ ਤਾਂ ਆਪਣੇ ਹਥਿਆਰ ਜਮ੍ਹਾਂ ਕਰਵਾ ਦਿੱਤੇ ।


# ਸ਼ਾਹਬਾਦ ਵਿੱਚ 1.69 ਲੱਖ ਵੋਟਰ ਪਾਉਣਗੇ ਵੋਟ



**ਸ਼ਾਹਬਾਦ ਮਾਰਕੰਡਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਉਪ ਮੰਡਲ ਅਧਿਕਾਰੀ ਪੁਲਕਿਤ ਮਲਹੋਤਰਾ ਨੇ ਆਪਣੇ ਦਫ਼ਤਰ ਵਿਚ ਪ੍ਰੈਸ ਕਾਨਫਰੰਸ ਦੌਰਾਨ ਲੋਕ ਸਭਾ ਚੋਣਾਂ ਨੂੰ ਲੈ ਕੇ ਚੋਣ ਲੜਨ ਵਾਲੇ ਉਮੀਦਵਾਰਾਂ ਲਈ ਜ਼ਰੂਰੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਅਤੇ ਲੋਕਾਂ ਨੂੰ ਇਸ ਲੋਕਤੰਤਰ ਦੇ ਤਿਉਹਾਰ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ।

ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸ਼ਾਹਬਾਦ ਵਿਧਾਨ ਸਭਾ ਖੇਤਰ ਵਿਚ ਕੁੱਲ ਇਕ ਲੱਖ 69 ਹਜ਼ਾਰ 982 ਵੋਟਰ ਹਨ , ਜਿਨ੍ਹਾਂ 'ਚ 80 ਹਜ਼ਾਰ 841 ਮਹਿਲਾ ਵੋਟਰ ਹਨ। ਚੋਣਾਂ ਲਈ ਹਲਕੇ ਵਿਚ 185 ਬੂਥ ਬਣਾਏ ਗਏ ਹਨ। ਜ਼ਿਲ੍ਹੇ 'ਚ 13 ਬੂਥ ਅਤਿ ਸੰਵੇਦਨਸ਼ੀਲ ਐਲਾਨੇ ਗਏ ਹਨ। ਇਸ ਵਾਰ ਲੋਕ ਸਭਾ ਚੋਣਾਂ ਵਿਚ ਅਹਿਮ ਪਹਿਲੂ ਇਹ ਹੈ ਕਿ 85 ਸਾਲਾਂ ਤੋਂ ਜ਼ਿਆਦਾ ਉਮਰ ਦੇ ਵੋਟਰ ਹੁਣ ਘਰ ਬੈਠ ਕੇ ਹੀ ਵੋਟ ਪਾ ਸਕਣਗੇ।

# ਸ਼ਹੀਦ ਸ਼ੁਭਕਰਨ ਸਿੰਘ ਦੀਆਂ ਅਸਥੀਆਂ ਰਾਜਸਥਾਨ ਕਨਾਲ 'ਚ ਜਲ ਪ੍ਰਵਾਹ



**ਡੱਬਵਾਲੀ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਕਿਸਾਨ ਅੰਦੋਲਨ ਵਿੱਚ ਖਨੌਰੀ ਹੱਦ 'ਤੇ ਗੋਲੀ ਵੱਜਣ ਕਾਰਨ ਸ਼ਹੀਦ ਹੋਏ ਸ਼ੁਭਕਰਨ ਸਿੰਘ ਬੱਲੋ੍ ਦੀਆਂ ਅਸਥੀਆਂ ਅੱਜ ਡੱਬਵਾਲੀ ਖੇਤਰ ਵਿੱਚ ਅਬੁੱਬਸ਼ਹਿਰ ਨੇੜੇ ਰਾਜਸਥਾਨ ਕੈਨਾਲ ਵਿੱਚ ਜਲ ਪ੍ਰਵਾਹ ਕੀਤੀਆਂ ਗਈਆਂ। ਪਿਛਲੇ ਪੰਜ ਦਿਨਾਂ ਤੋਂ ਸ਼ੁਭਕਰਨ ਸਿੰਘ ਦੀਆਂ ਅਸਥੀਆਂ ਨੂੰ ਡੱਬਵਾਲੀ ਹਲਕੇ ਸਣੇ ਜ਼ਿਲ੍ਹਾ ਸਿਰਸਾ ਦੇ ਵੱਖ-ਵੱਖ ਪਿੰਡਾਂ ਅਤੇ ਕਸਬਿਆਂ ਵਿੱਚ ਲੋਕ-ਦਰਸ਼ਨਾਂ ਲਈ ਲਿਜਾਇਆ ਗਿਆ। ਆਮ ਲੋਕਾਂ ਨੇ ਸ਼ੁਭਕਰਨ ਸਿੰਘ ਦੀ ਮੌਤ ਨੂੰ ਲੋਕਤੰਤਰ ਦੀ ਹੱਤਿਆ ਅਤੇ ਜਮਹੂਰੀ ਹੱਕਾਂ ਦਾ ਘਾਣ ਦੱਸਿਆ। ਇਸ ਮੌਕੇ ਗ੍ਰੰਥੀ ਸਿੰਘਾਂ ਵੱਲੋਂ ਉਸਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਅੱਜ ਅਸਥੀ ਵਿਸਰਜਨ ਮੌਕੇ ਕਾਫ਼ੀ ਗਿਣਤੀ ਕਿਸਾਨ ਗੁਰਦਾਸ ਸਿੰਘ ਲੱਕੜਵਾਲੀ ਤੇ ਹਾਕਮ ਸਿੰਘ ਦੀ ਅਗਵਾਈ ਵਿੱਚ ਕੁਲਦੀਪ ਸਿੰਘ ਜੰਮੂ, ਜਜਪਾ ਆਗੂ ਰਣਦੀਪ ਸਿੰਘ ਮਟਦਾਦੂ, ਹਰਿਆਣਾ ਕਿਸਾਨ ਸਮਸਤ ਸੰਗਠਨ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਭਾਟੀ, ਮੌਜੂਦ ਸਨ। ਜ਼ਿਕਰਯੋਗ ਹੈ ਕਿ ਸ਼ੁਭਕਰਨ ਦੀਆਂ ਅਸਥੀਆਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਲਿਜਾ ਕੇ ਵਿਸਰਜਿਤ ਕੀਤੀਆਂ ਜਾ ਰਹੀਆਂ ਹਨ।

# ਨਕਾਬਪੋਸ਼ ਏਟੀਐੱਮ ਤੋੜ ਕੇ ਪੈਸੇ ਲੈ ਕੇ ਫ਼ਰਾਰ



**ਡੱਬਵਾਲੀ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਇਸ ਸ਼ਹਿਰ ਦੀ ਚੌਟਾਲਾ ਰੋਡ 'ਤੇ ਆਈਡੀਐੱਫਸੀ ਬੈਂਕ ਦੇ ਏਟੀਐੱਮ ਮਸ਼ੀਨ 'ਚੋਂ ਅੱਜ ਨਕਾਬਪੋਸ਼ ਚੋਰੀ ਕਰਕੇ ਲੈ ਗਏ। ਉਨ੍ਹਾਂ ਨੇ ਪੈਸੇ ਕੱਢਣ ਲਈ ਮਸ਼ੀਨ ਤੋੜ ਦਿੱਤੀ। ਚੋਰੀ ਰਕਮ ਦਾ ਖੁਲਾਸਾ ਨਹੀਂ ਹੋਇਆ। ਏਟੀਐੱਮ ਨੂੰ ਐੱਨਸੀਆਰ ਖੇਤਰ ਦੀ ਨਿੱਜੀ ਸੁਰੱਖਿਆ ਕੰਪਨੀ ਵੱਲੋਂ ਚਲਾਇਆ ਜਾਂਦਾ ਹੈ। ਘਟਨਾ ਦਾ ਪਤਾ ਉਸ ਸਮੇਂ ਲੱਗਾ ਜਦੋਂ ਸਵੇਰੇ ਬੈਂਕ ਦਾ ਸਫਾਈ ਕਰਮਚਾਰੀ ਉੱਥੇ ਪਹੁੰਚਿਆ। ਕੱਲ੍ਹ ਦੁਪਹਿਰ 8 ਲੱਖ ਰੁਪਏ ਮਸ਼ੀਨ ਵਿੱਚ ਪਾਏ ਗਏ ਸਨ। ਘਟਨਾ ਅਨੁਸਾਰ ਦੋ ਨਕਾਬਪੋਸ਼ ਨੌਜਵਾਨ ਏਟੀਐੱਮ ਕੈਬਿਨ ਵਿੱਚ ਦਾਖ਼ਲ ਹੋਏ। ਬੈਂਕ ਮੈਨੇਜਰ ਰੇਣੂ ਬਾਲਾ ਅਨੁਸਾਰ ਬੀਤੀ ਰਾਤ 2 ਵਜੇ ਤੱਕ ਬੈਂਕ ਦੇ ਅੰਕੜਿਆਂ ਅਨੁਸਾਰ ਏਟੀਐੱਮ ਵਿੱਚ ਕਰੀਬ 7.5 ਲੱਖ ਰੁਪਏ ਸਨ। ਸੂਚਨਾ ਮਿਲਣ 'ਤੇ ਥਾਣਾ ਸਿਟੀ ਦੇ ਇੰਚਾਰਜ ਸ਼ੈਲੇਂਦਰ ਕੁਮਾਰ ਨੇ ਸਥਿਤੀ ਦਾ ਜਾਇਜ਼ਾ ਲਿਆ।

# ਆੜ੍ਹਤੀਆਂ ਨੇ ਤਹਿਸੀਲਦਾਰ ਨੂੰ ਮੰਗ ਪੱਤਰ ਸੌਂਪਿਆ

**ਕਾਲਾਂਵਾਲੀ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਮੰਡੀ ਕਾਲਾਂਵਾਲੀ ਦੇ ਆੜ੍ਹਤੀਆਂ ਨੇ ਅੱਜ ਐੱਸਡੀਐੱਮ ਦੀ ਗੈਰਹਾਜ਼ਰੀ ਵਿੱਚ ਤਹਿਸੀਲਦਾਰ ਨਵਨੀਤ ਨੂੰ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਸੌਂਪ ਕੇ ਕਣਕ ਅਤੇ ਸਰ੍ਹੋਂ ਦੀ ਖਰੀਦ 'ਤੇ 2.5 ਫੀਸਦੀ ਕਮਿਸ਼ਨ ਦੇਣ ਦੀ ਮੰਗ ਕੀਤੀ।


ਮੰਗ ਪੱਤਰ ਵਿੱਚ ਕਿਹਾ ਗਿਆ ਕਿ ਕਮਿਸ਼ਨ ਏਜੰਟਾਂ ਨੇ ਹਮੇਸ਼ਾ ਹੀ ਸਰਕਾਰ ਨਾਲ ਮਿਲ ਕੇ ਮਾਲੀਆ ਮੁਹੱਈਆ ਕਰਵਾ ਕੇ ਸੂਬੇ ਦੀ ਤਰੱਕੀ ਵਿੱਚ ਯੋਗਦਾਨ ਪਾਇਆ ਹੈ। ਜਦੋਂ ਵੀ ਸੂਬੇ ਵਿੱਚ ਕੋਈ ਕੁਦਰਤੀ ਆਫ਼ਤ ਆਈ ਹੈ ਤਾਂ ਕਮਿਸ਼ਨ ਏਜੰਟਾਂ ਨੇ ਵੱਧ ਤੋਂ ਵੱਧ ਯੋਗਦਾਨ ਪਾ ਕੇ ਸਰਕਾਰ ਦੀ ਮਦਦ ਕੀਤੀ ਹੈ ਪਰ ਲੰਬੇ ਸਮੇਂ ਤੋਂ ਕਣਕ ਅਤੇ ਸਰ੍ਹੋਂ 'ਤੇ ਪੂਰੀ ਦਾਮੀ ਨਾ ਮਿਲਣ ਕਾਰਨ ਕਮਿਸ਼ਨ ਏਜੰਟਾਂ ਨੂੰ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਨਾਇਬ ਸੈਣੀ ਜੱਦੀ ਪਿੰਡ ਪੁੱਜੇ



**ਨਰਾਇਣਗੜ੍ਹ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਮੁੱਖ ਮੰਤਰੀ ਨਾਇਬ ਸੈਣੀ ਅੱਜ ਆਪਣੇ ਪਿੰਡ ਮਿਰਜ਼ਾਪੁਰ ਪਹੁੰਚੇ, ਜਿਥੇ ਉਨ੍ਹਾਂ ਨੇ ਸ੍ਰੀ ਨਗਰ ਖੇੜਾ ਮੰਦਰ ਵਿੱਚ ਪੂਜਾ ਅਰਚਨਾ ਕੀਤੀ। ਇਸ ਤੋਂ ਬਾਅਦ ਵਰਕਰ ਢੋਲ ਵਜਾਉਂਦੇ ਅਤੇ ਫੁੱਲਾਂ ਦੀ ਵਰਖਾ ਕਰਦੇ ਹੋਏ ਮੁੱਖ ਮੰਤਰੀ ਨੂੰ ਉਨ੍ਹਾਂ ਦੇ ਘਰ ਤੱਕ ਲੈ ਗਏ। ਮੁੱਖ ਮੰਤਰੀ ਦੇ ਨਾਲ ਅੰਬਾਲਾ ਦੇ ਮੰਤਰੀ ਅਸੀਮ ਗੋਇਲ, ਮੰਤਰੀ ਸੁਭਾਸ਼ ਸੁਧਾ, ਅੰਬਾਲਾ ਤੋਂ ਲੋਕ ਸਭਾ ਉਮੀਦਵਾਰ ਬੰਤੋ ਕਟਾਰੀਆ ਅਤੇ ਭਾਜਪਾ ਨੇਤਾ ਸੁਮਨ ਸੈਣੀ ਵੀ ਮੌਜੂਦ ਸਨ।

# ਕਿਸਾਨਾਂ ਦੀ ਕਲਸ਼ ਯਾਤਰਾ ਬਾਬੈਨ ਪੁੱਜੀ



**ਸ਼ਾਹਬਾਦ ਮਾਰਕੰਡਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਕਿਸਾਨ ਅੰਦੋਲਨ ਦੌਰਾਨ ਹਰਿਆਣਾ ਪੰਜਾਬ ਦੀ ਖਨੌਰੀ ਸਰਹੱਦ 'ਤੇ ਪੁਲੀਸ ਦੀ ਗੋਲੀਬਾਰੀ 'ਚ ਸ਼ਹੀਦ ਹੋਏ ਕਿਸਾਨ ਸ਼ੁਭਕਰਨ ਸਿੰਘ ਦੀਆਂ ਅਸਥੀਆਂ ਲੈ ਕੇ ਕਿਸਾਨ ਆਗੂ ਅੱਜ ਬਾਬੈਨ ਪੁੱਜੇ। ਇਥੇ ਲਾਡਵਾ ਦੇ ਵਿਧਾਇਕ ਮੇਵਾ ਸਿੰਘ ਤੇ 'ਆਪ' ਆਗੂ ਗੁਰਦੇਵ ਸੁਰਾ, ਨਾਇਬ ਸਿੰਘ ਪਟਾਕ ਮਾਜਰਾ, ਹਰਪ੍ਰੀਤ ਚੀਮਾ, ਜੈ ਪਾਲ ਪੰਚਾਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਕਿਸਾਨਾਂ ਨੇ ਸ਼ਹੀਦ ਕਿਸਾਨ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਵਿਧਾਇਕ ਮੇਵਾ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਕਿਸਾਨਾਂ 'ਤੇ ਤਸ਼ੱਦਦ ਕਰਨ ਦੀ ਬਜਾਏ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ 'ਤੇ ਐੱਮਐੱਸਪੀ ਲਾਗੂ ਕਰੇ, ਕਰਜ਼ੇ ਮੁਆਫ਼ ਕਰਨ ਜਿਹੇ ਵਾਅਦੇ ਪੂਰੇ ਕਰੇ। ਵਿਧਾਇਕ ਨੇ ਕਿਹਾ ਕਿ ਅੱਜ ਦੇਸ਼ ਅੰਦਰ ਜਦ ਵੀ ਕੋਈ ਆਪਣੇ ਹੱਕਾਂ ਦੀ ਪੂਰਤੀ ਲਈ ਮੰਗ ਕਰਦਾ ਹੈ ਤਾਂ ਸਰਕਾਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਨ ਦੀ ਬਜਾਏ ਉਨ੍ਹਾਂ 'ਤੇ ਲਾਠੀਚਾਰਜ ਤੇ ਗੋਲੀਆਂ ਚਲਾ ਕੇ ਤਾਨਾਸ਼ਾਹੀ ਰਵੱਈਆ ਅਪਨਾ ਕੇ ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਕੋਈ ਸੰਜੀਦਗੀ ਨਹੀਂ ਦਿਖਾਈ। ਕਿਸਾਨ ਆਗੂ ਹਰਪ੍ਰੀਤ ਚੀਮਾ ਨੇ ਕਿਹਾ ਹੈ ਕਿ ਕਿਸਾਨ ਸਖਤ ਮਿਹਨਤ ਕਰ ਕੇ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਲਈ ਅਨਾਜ ਪੈਦਾ ਕਰਦਾ ਹੈ ਪਰ ਉਸ ਦੇ ਬਦਲੇ ਵਿਚ ਸਰਕਾਰ ਉਨ੍ਹਾਂ ਦੀ ਆਵਾਜ਼ ਦਬਾ ਕੇ ਉਨ੍ਹਾਂ ਦੇ ਹੱਕਾਂ ਦਾ ਘਾਣ ਕਰ ਰਹੀ ਹੈ।

# ਅਜੈ ਗੁਪਤਾ ਡਾਕਟਰ ਸੈੱਲ ਦੇ ਜ਼ਿਲ੍ਹਾ ਕਨਵੀਨਰ ਨਿਯੁਕਤ



**ਰਤੀਆ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਰਤੀਆ ਨਗਰ ਕੌਂਸਲਰ ਡਾ. ਅਜੈ ਗੁਪਤਾ ਨੂੰ ਭਾਜਪਾ ਮੈਡੀਕਲ ਸੈੱਲ ਦਾ ਜ਼ਿਲ੍ਹਾ ਕਨਵੀਨਰ ਨਿਯੁਕਤ ਕੀਤਾ ਗਿਆ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਬਲਦੇਵ ਗਰੋਹਾ ਨੇ ਕਿਹਾ ਕਿ ਇਸ ਤੋਂ ਇਲਾਵਾ ਵਾਰਡ ਨੰਬਰ 5 ਦੇ ਸੁਖਦੇਵ ਸਿੰਘ ਨੂੰ ਭਾਜਪਾ ਅਨੁਸੂਚਿਤ ਜਾਤੀ ਮੋਰਚਾ ਦਾ ਜ਼ਿਲ੍ਹਾ ਸਕੱਤਰ ਅਤੇ ਜਸਬੀਰ ਸਿੰਘ ਠੇਕੇਦਾਰ ਨੂੰ ਰਤੀਆ ਸ਼ਹਿਰੀ ਜਨਰਲ ਸਕੱਤਰ ਦੇ ਅਹੁਦੇ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਆਪਣੀ ਨਿਯੁਕਤੀ 'ਤੇ ਤਿੰਨ ਨਵ-ਨਿਯੁਕਤ ਅਹੁਦੇਦਾਰਾਂ ਨੇ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਗਰੋਹਾ ਦਾ ਮੂੰਹ ਮਿੱਠਾ ਕਰਵਾ ਕੇ ਧੰਨਵਾਦ ਪ੍ਰਗਟ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਸੌਂਪੀ ਗਈ

ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਵਿੱਚ ਹਰ ਵਰਕਰ ਨੂੰ ਉਸ ਦੀ ਵਫ਼ਾਦਾਰੀ, ਮਿਹਨਤ ਅਤੇ ਲਗਨ ਨੂੰ ਦੇਖਦੇ ਹੋਏ ਬਰਾਬਰ ਸਤਿਕਾਰ ਦਿੱਤਾ ਜਾਂਦਾ ਹੈ। ਇਸ ਮੌਕੇ ਬਲਦੇਵ ਗਰੋਹਾ ਨੇ ਵੀ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਅਸ਼ੋਕ ਜਾਖੜ, ਰਤੀਆ ਸ਼ਹਿਰੀ ਮੰਡਲ ਦੇ ਪ੍ਰਧਾਨ ਅਤੇ ਨਗਰਪਾਲਿਕਾ ਦੇ ਵਾਈਸ ਚੇਅਰਮੈਨ ਜੋਗਿੰਦਰ ਨੰਦਾ, ਕੌਂਸਲਰ ਗੁਰਪ੍ਰੀਤ ਸਿੰਘ ਹੈਪੀ, ਜ਼ਿਲ੍ਹਾ ਸਕੱਤਰ ਕੁਲਵੰਤ ਸੈਣੀ, ਅਦੀਸ਼ ਗੋਇਲ, ਗੁਰਜੰਟ ਸਿੰਘ, ਵੇਦ ਬਾਂਸਲ ਅਤੇ ਹੋਰ ਬਹੁਤ ਸਾਰੇ ਵਰਕਰ ਹਾਜ਼ਰ ਸਨ।

# ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ: ਵਿੱਜ



**ਅੰਬਾਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਹਰਿਆਣਾ ਦੇ ਸਾਬਕਾ ਕੈਬਨਿਟ ਮੰਤਰੀ ਅਨਿਲ ਵਿੱਜ ਨੇ ਐਕਸ 'ਤੇ ਇਕ ਸ਼ੇਅਰ ਲਿਖਿਆ ਹੈ, 'ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ, ਸਦੀਉਂ ਰਹਾ ਹੈ ਦੁਸ਼ਮਨ ਦੌਰ-ਏ-ਜਮਾਂ ਹਮਾਰਾ।'

ਪੱਤਰਕਾਰਾਂ ਵੱਲੋਂ ਪੁੱਛੇ ਜਾਣ 'ਤੇ ਵਿੱਜ ਨੂੰ ਕਿਹਾ, "ਇਹ ਲਾਈਨਾਂ ਦੇਸ਼ ਭਗਤੀ ਦੀਆਂ ਹਨ ਅਤੇ ਉਸ ਸਮੇਂ ਦੀਆਂ ਲਾਈਨਾਂ ਹਨ ਜਦੋਂ ਸਾਡਾ ਆਜ਼ਾਦੀ ਸੰਗਰਾਮ ਚੱਲ ਰਿਹਾ ਸੀ।"

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਅਨਿਲ ਵਿੱਜ ਨੂੰ ਮਿਲਣ ਤੇ ਚਾਹ-ਪੀਣ ਲਈ ਸਮਾਂ ਕੱਢਣ ਬਾਰੇ ਬਿਆਨ 'ਤੇ ਸ੍ਰੀ ਵਿੱਜ ਨੇ ਕਿਹਾ ਕਿ ਉਹ ਕਈ ਵਾਰ ਕਹਿ ਚੁੱਕੇ ਹਨ ਕਿ ਮੁੱਖ ਮੰਤਰੀ ਜਦੋਂ ਮਰਜ਼ੀ ਆਉਣ ਉਨ੍ਹਾਂ ਲਈ ਚਾਹ ਤਿਆਰ ਹੈ।

# ਜਸਟਿਸ ਨਮਿਤ ਕੁਮਾਰ ਵੱਲੋਂ ਜੁਡੀਸ਼ੀਅਲ ਕੰਪਲੈਕਸ ਦਾ ਦੌਰਾ



**ਰਤੀਆ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਨਮਿਤ ਕੁਮਾਰ ਨੇ ਰਤੀਆ ਜੁਡੀਸ਼ੀਅਲ ਕੰਪਲੈਕਸ ਦਾ ਦੌਰਾ ਕੀਤਾ।

ਇਸ ਦੌਰਾਨ ਬਾਰ ਐਸੋਸੀਏਸ਼ਨ ਦੇ ਅਧਿਕਾਰੀਆਂ ਨੇ ਜਸਟਿਸ ਨਮਿਤ ਕੁਮਾਰ ਨੂੰ ਗੁਲਦਸਤਾ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਜਸਟਿਸ ਨੇ ਜੁਡੀਸ਼ੀਅਲ ਕੰਪਲੈਕਸ ਵਿੱਚ ਬੂਟੇ ਵੀ ਲਗਾਏ। ਵਕੀਲਾਂ ਵੱਲੋਂ ਦਿੱਤੇ ਮੰਗ ਪੱਤਰ ਵਿੱਚ ਵਕੀਲਾਂ ਦੇ ਚੈਂਬਰ ਦੀ ਉਸਾਰੀ ਲਈ ਵਾਧੂ ਜ਼ਮੀਨ, ਏਡੀਜੇ ਲਈ ਅਦਾਲਤ, ਅਪਾਹਜ ਬਜ਼ੁਰਗਾਂ ਲਈ ਰੈਂਪ ਅਤੇ ਲਿਫਟ ਦੀ ਲੋੜ, ਭੂਨਾ ਅਤੇ ਫਤਿਹਾਬਾਦ ਦੇ 8 ਪਿੰਡਾਂ ਜਿਨ੍ਹਾਂ ਦੇ ਲੈਣ-ਦੇਣ ਜ਼ਿਆਦਾਤਰ ਰਤੀਆ ਹੋਣ ਕਾਰਨ ਥਾਣੇ ਦਾ ਤਬਦੀਲ ਕਰਨ ਦੀ ਮੰਗ ਕੀਤੀ ਗਈ ਹੈ। ਜਸਟਿਸ ਨਮਿਤ ਕੁਮਾਰ ਨੇ ਵਕੀਲਾਂ ਦੀਆਂ ਸਮੱਸਿਆਵਾਂ ਅਤੇ ਹੋਰ ਮੁੱਦਿਆਂ 'ਤੇ ਚਰਚਾ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਪੇਸ਼ ਕੀਤੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਿਆ ਜਾਵੇਗਾ ਅਤੇ ਪੂਰਾ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਡੀ.ਆਰ.ਚਾਲੀਆ, ਐੱਸਡੀਜੇਐੱਮ ਸ੍ਰੀਮਤੀ ਸੰਤੋਸ਼ ਭਗੋਟੀਆ, ਰਤੀਆ ਐੱਸਡੀਐੱਮ ਜਗਦੀਸ਼ ਚੰਦਰ, ਜੇਐੱਮਆਈਸੀ ਸ਼ਿਵਾਨੀ ਗਰਗ, ਬਾਰ ਐਸੋਸੀਏਸ਼ਨ ਦੇ ਪ੍ਰਧਾਨ ਦੇਵੇਂਦਰ ਗਰੋਵਰ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਪੰਜਾਬ ਖ਼ੁਰਾਕ ਵਿਭਾਗ ਦੇ ਚੇਅਰਮੈਨ ਅਤੇ ਕਮੇਡੀ ਕਲਾਕਾਰ ਬਾਲ ਮੁਕੰਦ ਸ਼ਰਮਾ ਗੁਰੂ ਨਗਰੀ ਅੰਮ੍ਰਿਤਸਰ ਪੁੱਜੇ



**ਅੰਮ੍ਰਿਤਸਰ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਖ਼ੁਰਾਕ ਵਿਭਾਗ ਦੇ ਚੇਅਰਮੈਨ ਅਤੇ ਕਮੇਡੀ ਕਲਾਕਾਰ ਬਾਲ ਮੁਕੰਦ ਸ਼ਰਮਾ ਆਪਣੇ ਪਰਿਵਾਰ ਦੇ ਨਾਲ ਅੱਜ ਗੁਰੂ ਨਗਰੀ ਸ਼੍ਰੀ ਅੰਮ੍ਰਿਤਸਰ ਪਹੁੰਚੇ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮੈਨੂੰ ਬਹੁਤ ਵੱਡੀ ਜ਼ਿੰਮੇਵਾਰੀ ਸੌਂਪੀ ਗਈ।ਜਿਸ ਦੇ ਚਲਦੇ ਮੈਂ ਅੱਜ ਗੁਰੂ ਘਰ ਵਿੱਚ ਅਸ਼ੀਰਵਾਦ ਲੈਣ ਲਈ ਪੁੱਜਾ ਹਾਂ। ਮੈਂ ਪੰਜਾਬ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਜੀ ਤੇ ਵਿਸ਼ਵਾਸ ਤੇ ਖਰਾ ਉਤਰਾਂ ਅਤੇ ਤਨਦੇਹੀ ਨਾਲ ਇਹ ਜਿੰਮੇਵਾਰੀ ਨਿਭਾਵਾਂ। ਮੈਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਰਾਜ ਖੁਰਾਕ ਵਿਭਾਗ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ ਤੇ 15 ਮਾਰਚ ਨੂੰ ਮੈਂ ਇਸ ਅਹੁਦੇ ਤੇ ਨਿਵਾਜਿਆ ਗਿਆ ਸੀ। ਤੇ ਮੈਂ ਅੱਜ ਸਭ ਤੋਂ ਪਹਿਲਾਂ ਗੁਰੂ ਮਹਾਰਾਜ ਦਾ ਅਸ਼ੀਰਵਾਦ ਲੈਣ ਲਈ ਆਇਆ ਹਾਂ ਤਾਂ ਜੋ ਮੁੱਖ ਮੰਤਰੀ ਭਗਵੰਤ ਮਾਨ ਜੀ ਨੇ ਮੇਰੇ ਤੇ ਵਿਸ਼ਵਾਸ ਜਤਾਇਆ ਹੈ ਉਸ ਤੇ ਮੈਂ ਖਰਾ ਉਤਰ ਸਕਾਂ ਤੇ ਤਨਦੇਹੀ ਦੇ ਨਾਲ ਜੋ ਜਿੰਮੇਵਾਰੀ ਮੈਨੂੰ ਸੌਂਪੀ ਗਈ ਹੈ ਉਸ ਨੂੰ ਨਿਭਾ ਸਕਾਂ। ਪੰਜਾਬ ਦੇ ਵਿੱਚ ਸਾਡਾ ਇੱਕ ਛੋਟਾ ਬੱਚਾ ਜੋ ਸਹੀ ਖੁਰਾਕ ਮਿਲੇ। ਜਿਹੜੀਆਂ ਪੇਂਡੂ ਔਰਤਾਂ ਬੱਚੇ ਨੂੰ ਜਨਮ ਦਿੰਦੀਆਂ ਹਨ ਉਹਨਾਂ ਨੂੰ ਪੌਸ਼ਟਿਕ ਅਹਾਰ ਮਿਲੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਕਰੋੜਾਂ ਰੁਪਏ ਇਸ ਤੇ ਖਰਚ ਕਰਦੀ ਹੈ। ਸਾਡੀ ਕਮਿਸ਼ਨ ਦਾ ਕੀ ਫਰਜ਼ ਬਣਦਾ ਹੈ ਆਂਗਣਵਾੜੀ ਮਿਡ ਡੇ ਮੀਲ ਡੀਪੂਆਂ ਤੇ ਰਾਸ਼ਨ ਦੇ ਲਈ ਆਟਾ ਸਾਡੇ ਖਪਤਕਾਰ ਨੂੰ ਸਹੀ ਕੁਆਲਿਟੀ ਤੇ ਸਹੀ ਮਾਤਰਾ ਵਿੱਚ ਜਾਵੇ ਤੇ ਫਿਰ ਉਸ ਪੈਸੇ ਦਾ ਮੁੱਲ ਮੁੜਦਾ ਹੈ ਜਿਹੜੀਆਂ ਵੀ ਇਹਨਾਂ ਵਿੱਚ ਖਾਮੀਆਂ ਹਨ ਉਹਨਾਂ ਨੂੰ ਦੂਰ ਕੀਤਾ ਜਾਵੇ ਤੇ ਪੰਜਾਬ ਦੇ ਲੋਕਾਂ ਨੂੰ ਸਹੀ ਖੁਰਾਕ ਮਿਲ ਸਕੇ ਇਹ ਸਾਡੀ ਮੁੱਖ ਜਿੰਮੇਵਾਰੀ ਹੈ। ਉਹਨਾਂ ਕਿਹਾ ਕਿ ਮੈਂ ਮਹਿਸੂਸ ਕਰਦਾ ਹਾਂ ਕਿ ਜਿਹੜਾ ਵੀ ਫੰਡ ਕੇਂਦਰ ਸਰਕਾਰ ਪੰਜਾਬ ਸਰਕਾਰ ਸਮਾਜ ਭਲਾਈ ਮਹਿਕਮੇ ਰਾਹੀਂ ਜਾਂ ਖੁਰਾਕ ਵਿਭਾਗ ਰਾਹੀਂ ਜਾਂ ਐਜੂਕੇਸ਼ਨ ਮਹਿਕਮੇ ਰਾਹੀ ਭੇਜਦੀ ਹੈ ਜੋ ਉਸਦਾ ਹੱਕ ਹੈ ਖਪਤਕਾਰ ਨੂੰ ਉਸਦਾ ਹੱਕ ਮਿਲਣਾ ਚਾਹੀਦਾ ਹੈ। ਜੇ ਖਪਤਕਾਰ ਨੂੰ ਉਸ ਨੂੰ ਸਹੀ ਕੁਆਲਿਟੀ ਜਾਂ ਮਾਤਰਾ ਘੱਟ ਮਿਲਦੀ ਹੈ ਉਸ ਲਈ ਕਮਿਸ਼ਨ ਪੂਰੀ ਤਰ੍ਹਾਂ ਤਿਆਰ ਹੈ। ਉਹਨਾਂ ਕਿਹਾ ਕਿ 2013 ਵਿੱਚ ਭਾਰਤ ਸਰਕਾਰ ਨੇ ਫੂਡ ਸੇਫਟੀ ਐਕਟ ਬਣਾਇਆ ਸੀ ਉਸ ਤੋਂ ਬਾਅਦ ਸਾਰੇ ਰਾਜਿਆਂ ਵੱਲੋਂ ਇਹ ਮਹਿਕਮੇ ਤਿਆਰ ਕੀਤੇ ਗਏ ਤੇ ਚੇਅਰਮੈਨ ਨਿਯੁਕਤ ਕੀਤੇ ਗਏ, ਕਿ ਜਿਹੜਾ ਇਸ ਵਿਭਾਗ ਦੇ ਵਿੱਚ ਮਿਡਲ ਕਲਾਸ ਦੇ ਲੋਕ ਸਹੀ ਕੰਮ ਕਰ ਰਿਹਾ ਹੈ । ਅੰਮ੍ਰਿਤਸਰ ਵਿੱਚ 1700 ਦੇ ਕਰੀਬ ਡੀਪੂ ਹਨ ਅਸੀਂ ਜਾਂਚ ਕਰਾਂਗੇ ਘਰ ਘਰ ਵਿੱਚ ਜਾ ਕੇ ਕੀ ਇਹ ਲੋਕ ਸਹੀ ਰਾਸ਼ਨ ਘਰਾਂ ਵਿੱਚ ਪਹੁੰਚਾ ਰਹੇ ਹਨ ਜਾਂ ਨਹੀਂ ਉਹਨਾਂ ਕਿਹਾ ਕਿ ਦੋ ਤਿੰਨ ਡੀਪੋ ਦੀ ਸ਼ਿਕਾਇਤ ਆਈ ਸੀ ਅਸੀਂ ਉੱਚ ਅਧਿਕਾਰੀਆਂ ਦੇ ਨੋਟਿਸ ਵਿੱਚ ਇਹ ਸ਼ਿਕਾਇਤ ਲਿਆਂਦੀ ਹੈ। ਕਿ ਇਸ ਦੀ ਜਾਂਚ ਕੀਤੀ ਜਾਵੇ। ਬਾਲ ਮੁਕੰਦ ਸ਼ਰਮਾ ਨੇ ਕਿਹਾ ਕਿ ਕਮੇਡੀ ਨੇ ਸਾਬਿਤ ਕੀਤਾ ਕਿ ਕਮੇਟੀ ਇੱਕ ਵਧੀਆ ਬਿਜਨਸ ਹੈ ਮੁੱਖ ਮੰਤਰੀ ਵੀ ਕਮੇਡੀ ਕਲਾਕਾਰ ਰਹਿ ਚੁੱਕੇ ਹਨ, ਕਿਹਾ ਕੀ ਕਮੇਡੀ ਕਲਾਕਾਰ ਨੂੰ ਪਤਾ ਹੁੰਦਾ ਕਿ ਕਿਸ ਨੂੰ ਕੀ ਚੀਜ਼ ਚਾਹੀਦੀ ਹੈ। ਜਿਸ ਦੇ ਚਲਦੇ ਹੁਣ ਸਾਨੂੰ ਪਤਾ ਕਿ ਕਿਸ ਦੀਆਂ ਮੁਸ਼ਕਿਲਾਂ ਕੀ ਹਨ। ਅਤੇ ਉਸਨੂੰ ਦੂਰ ਕੀਤੀਆਂ ਜਾ ਰਹੀਆਂ ਹਨ, ਭਗਵੰਤ ਮਾਨ ਵੱਲੋਂ ਜਿਹੜੀ ਮੈਂ ਮਾਰਕਫੈਡ ਵਿੱਚ 32 ਸਾਲ ਸੇਵਾ ਕੀਤੀ ਹੈ। ਉਸਦੇ ਕਾਬਲ ਸਮਝ ਕੇ ਮੈਨੂੰ ਇਹ ਜਿੰਮੇਵਾਰੀ ਸੌਂਪੀ ਹੈ ਤੇ ਮੈਂ ਤਨ ਦੇਹੀ ਦੇ ਨਾਲ ਉਸ ਉੱਤੇ ਕੰਮ ਕਰਕੇ ਦਿਖਾਵਾਂਗਾ।

# ਪਾਵਰ ਕਾਮ ਤੇ ਟਰਾਸਕੋ ਪੈਨਸ਼ਨਰ ਯੂਨੀਅਨ ਗੁਰਦਾਸਪੁਰ ਮੰਡਲ ਵਿਚ ਨਿਰਮਲ ਸਿੰਘ ਬਸਰਾ ਪ੍ਰਧਾਨ ਅਤੇ ਪ੍ਰੇਮ ਸਾਗਰ ਸਕੱਤਰ ਚੁਣਿਆ ਗਿਆ



**ਗੁਰਦਾਸਪੁਰ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਪਾਵਰ ਕਾਮ ਤੇ ਟਰਾਸਕੋ ਪੈਨਸ਼ਨਰ ਯੂਨੀਅਨ ਦੀ ਚੋਣ ਮੀਟਿੰਗ ਵਿਚ ਹਜਾਰਾ ਸਿੰਘ ਗਿੱਲ ਤੇ ਦਵਿੰਦਰ ਸਿੰਘ ਸ਼ੈਲੀ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਸਰਵਸੰਮਤੀ ਨਾਲ ਗੁਰਦਾਸਪੁਰ ਮੰਡਲ ਦੀ ਚੋਣ ਕੀਤੀ ਗਈ ਜਿਸ ਵਿੱਚ ਨਿਰਮਲ ਸਿੰਘ ਪ੍ਰਧਾਨ ਪ੍ਰੇਮ ਸਾਗਰ ਸਕੱਤਰ, ਰੂਪ ਕੈਸ਼ੀਅਰ ਬਲਕਾਰ ਸਿੰਘ, ਅਨੂਪ ਸਿਘਬੁਟਰ ਨਿਰਮਲ ਸਿੰਘ ਸੋਹਲ ਬਸੰਤ ਕੁਮਾਰ ਕੌਂਡ,,ਕੁਲਵਿੰਦਰ ਸਿੰਘ, ਕੇਵਲ ਸਿੰਘ ਚੌਹਾਨ, ਸੁਖਜੀਤ ਸਿੰਘ ਚਾਵਾ ਗੁਲਜਾਰ ਮਸ਼ੀਨ,ਮੰਡਲ ਕਮੇਟੀ ਵਿਚ ਆਹੁਦੇਦਾਰ ਚੁਣੇ ਗਏ

ਇਸ ਮੌਕੇ ਫੈਡਰੇਸ਼ਨ ਏਟਕ ਪੰਜਾਬ ਦੇ ਮੀਤ ਪ੍ਰਧਾਨ ਬਲਵਿੰਦਰ ਸਿੰਘ ਉਧੀਪੁਰ ਨੇ ਦੱਸਿਆ ਕੀ ਪਜਾਬ ਸਰਕਾਰ ਦਾ ਵਤੀਰਾ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਹੈ ਇਸ ਦਾ ਗੁਸਾ ਦਾ ਪ੍ਰਗਟਾਵਾ ਲੋਕ ਸਭਾ ਚੋਣ ਵਿਚ ਕਰਨਗੇ ਇਸ ਮੋਕੇ ਸਰਕਲ ਆਗੂ ਸੁਰਜੀਤ ਸਿੰਘ ਰਿਆੜ ਹਰਕਿਰਪਾਲ ਸਿੰਘ ਸੋਹਲ, ਆਗਿਆ ਸਿੰਘ ਸ਼ੈਣੀ ਮੋਹਨ ਸਿੰਘ ਰਕੇਸ਼ ਕੁਮਾਰ, ਅਮਰੀਕ ਸਿੰਘ, ਗੁਰਨਾਮ ਸਿੰਘ ਤੇ ਮੰਡਲ ਪ੍ਰਧਾਨ ਗੁਰਦਾਸਪੁਰ ਸਾਹਿਬ ਸਿੰਘ ਧਾਲੀਵਾਲ ਹਾਜ਼ਰ ਸਨ

# ਵੰਨ-ਸੁਵੰਨ

## ਗਾਇਬ ਹੋਇਆ ਗੋਦੀ ਦਾ ਨਿੱਘ



✤ ਪ੍ਰੋ.ਹਮਦਰਦਵੀਰ ਨੌਸ਼ਹਿਰਵੀ

ਗੋਦੀ ਦਾ ਨਿੱਘ ਮਨੁੱਖੀ ਸਰੀਰ ਦੇ ਸੈਲਾਂ ਵਿੱਚ ਝਰਨਾਹਟ ਛੇੜ ਦਿੰਦਾ ਹੈ। ਇਸ ਨੂੰ ਸੰਸਾਰ ਦੀ ਕਿਸੇ ਵੀ ਭਾਸ਼ਾ ਵਿੱਚ ਪਰਿਭਾਸ਼ਤ ਨਹੀਂ ਕੀਤਾ ਜਾ ਸਕਦਾ। ਔਰਤ ਦੀ ਗੋਦੀ ਦਾ ਨਿੱਘ ਤੇ ਮਰਦ ਦੀ ਗੋਦੀ ਦਾ ਨਿੱਘ ਇੱਕ ਸਮਾਨ ਹੁੰਦਾ ਹੈ। ਗੋਦੀ ਵਿੱਚ ਬੈਠੇ ਬੱਚੇ ਦੀਆਂ ਹੌਲੀ ਹੌਲੀ ਅੱਖਾਂ ਵਿੱਚ ਵਿਸਮਾਦੀ ਨੂਰ ਭਰ ਜਾਂਦਾ ਹੈ। ਔਰਤ ਜਾਂ ਮਰਦ ਜਿਸ ਗੋਦੀ ਵਿੱਚ ਬੱਚਾ ਬੈਠਾ ਹੁੰਦਾ ਹੈ- ਅਬੋਲ, ਮੂਕ ਸ਼ਬਦਾਂ ਦੀ ਪੂਰੀ ਵਰਣਮਾਲਾ ਹੁੰਦੀ ਹੈ।

ਬਚਪਨ ਵਿੱਚ ਜਿਹੜੇ ਬੱਚਿਆਂ ਨੂੰ ਮਾਂ, ਪਿਓ ਦੀ ਗੋਦੀ ਦਾ ਨਿੱਘ ਨਸੀਬ ਨਹੀਂ ਹੁੰਦਾ, ਵੱਡੇ ਹੋ ਕੇ ਉਹ ਇਸ ਪਿਆਰ ਦੀ ਅਨੁਭੂਤੀ ਤੋਂ ਵਾਂਝੇ ਰਹਿ ਜਾਂਦੇ ਹਨ। ਬਚਪਨ ਵਿੱਚ ਬੱਚੇ ਨੂੰ ਪਿਓ, ਮਾਂ, ਦਾਦੀ, ਨਾਨੀ ਦੀ ਗੋਦੀ ਦਾ ਨਿੱਘ ਨਸੀਬ ਨਾ ਹੋਵੇ ਤਾਂ ਬੱਚਾ ਅਗੰਮੀ ਸਕੂਨ ਤੋਂ ਵਾਂਝਾ ਰਹਿ ਜਾਂਦਾ ਹੈ। ਬੱਚੇ ਦੇ ਦਿਲ ਦੇ ਝਰੋਖੇ ਵਿੱਚ ਇੱਕ ਕੋਨਾ ਖਾਲੀ ਰਹਿ ਜਾਂਦਾ ਹੈ ਜੋ ਕਦੀ ਨਹੀਂ ਭਰਦਾ।

ਗੋਦੀ ਵਿੱਚ ਬੈਠੇ ਨਿੱਕੇ ਬੱਚੇ ਨੂੰ ਬੱਚੇ ਦੀ ਮਾਂ ਲੋਰੀਆਂ ਦਿੰਦੀ ਹੈ-

ਲਾਲ ਨੂੰ ਮੈਂ ਦੇਵਾਂ ਲੋਰੀ,
ਸੌਂ ਜਾ ਮੇਰੇ ਲਾਲ।
ਨਾਨਕਿਆਂ ਦੇ ਜਾਵਾਂਗੇ,
ਝੱਗਾ ਚੁੰਨੀ ਲਿਆਵਾਂਗੇ।
ਨਾਨੀ ਦਿੱਤਾ ਘਿਓ,
ਜੀਵੇ ਲਾਲ ਦਾ ਪਿਓ।
ਲਾਲ ਨੂੰ ਲੋਰੀ ਮੈਂ ਦੇਵਾਂੜ

ਬੱਚੇ ਨੂੰ ਗੋਦੀ ਵਿੱਚ ਲਈ ਬੈਠੀ ਮਾਂ ਦੀਆਂ ਲੋਰੀਆਂ ਨਾਲ ਕੰਧਾਂ ਵੀ ਬੋਲ ਪੈਂਦੀਆਂ ਹਨ। ਕਮਰੇ ਦੀਆਂ ਬੋਲੀਆਂ ਫਰਸ਼ਾਂ ਵੀ ਹੁੰਗਾਰੇ ਭਰਦੀਆਂ ਹਨ। ਗੋਦੀ ਵਿੱਚ ਬੈਠਾ ਬੱਚਾ ਬੋਲ ਨਹੀਂ ਸਕਦਾ, ਗੋਦੀ ਦੇ ਸਵਰਗੀ ਝੂਟੇ ਮਹਿਸੂਸ ਕਰਦਾ ਹੈ। ਉਤੇਜਿਤ ਹੋਏ ਬੱਚੇ ਦੇ ਮੂੰਹੋਂ ਪਹਿਲਾਂ ਸ਼ਬਦ ਫੁੱਟ ਨਿਕਲਦਾ ਹੈ-ਮਾਂ। ਫੁੱਲ ਦੀ ਡੋਡੀ ਖੁੱਲ੍ਹਦੀ ਹੈ-ਖੁਸ਼ਬੂ ਵੰਡਦੀ ਹੈ। ਸਾਲ ਬੀਤੇ, ਯੁੱਗ ਬਦਲੇ। ਝੱਖੜ ਚੜ੍ਹੇ। ਸਾਂਝੇ ਪਰਿਵਾਰ ਖੰਡਿਤ ਹੋ ਗਏ। ਵੱਡੇ ਘਰਾਂ ਵਿੱਚ ਇੱਕ-ਇੱਕ, ਦੋ-ਦੋ ਬੱਚੇ ਹੀ ਪੈਦਾ ਹੋਣ ਲੱਗੇ। ਜੰਮਦੇ ਬੱਚੇ ਲਈ ਖਿਡਾਉਣਾ ਹੁੰਦਾ ਹੈ-ਮੋਬਾਈਲ। ਬੱਚੇ ਪਾਸੋਂ ਮਾਂ ਦਾ ਦੁੱਧ ਵੀ ਖੁੱਸ ਗਿਆ, ਗੋਦੀ ਵੀ ਜਾਂਦੀ ਰਹੀ, ਲੋਰੀਆਂ ਜਿਨ੍ਹਾਂ ਦੀ ਹੇਕ ਨਾਲ ਬੋਲੀਆਂ ਕੰਧਾਂ ਵੀ ਸੁਰ ਮਿਲਾਉਂਦੀਆਂ ਸਨ-ਮੌਨ ਹੋ ਗਈਆਂ।

ਇੱਕ ਸੀ ਰਾਜਾ, ਇੱਕ ਸੀ ਰਾਣੀ, ਮੁੱਕ ਗਈ ਕਹਾਣੀ- ਮਾਂ, ਦਾਦੀ, ਨਾਨੀ ਦੀਆਂ ਬਾਤਾਂ ਸੁਣਨ ਵਾਲਾ ਕੋਈ ਨਹੀਂ ਹੁੰਦਾ। ਦੋ ਆਰ ਦੀਆਂ, ਦੋ ਪਾਰ ਦੀਆਂ, ਦੋ ਧੀਆਂ ਸ਼ਾਹੂਕਾਰ ਦੀਆਂ- ਬੱਚਾ ਤਾਂ ਗੋਦੀ ਵਿੱਚ ਹੈ ਨਹੀਂ-ਨਾਨੀ ਮਾਂ ਬੈਠੀ ਗੋਡੇ ਹਿਲਾ ਰਹੀ ਹੈ। ਬਾਤਾਂ ਪਾ ਰਹੀ ਹੈ।

ਸਕੂਲ ਵੈਨ ਦਰਾਂ ‘ਤੇ ਖੜ੍ਹੀ ਹੈ। ਬੱਚੇ ਦੀ ਮੰਮੀ ਅੱਖਾਂ ਮਲਦੇ ਬੱਚੇ ਦੇ ਗਲ ਵਿੱਚ ਪਾਣੀ ਵਾਲੀ ਬੋਤਲ ਲਟਕਾ ਕੇ ਵੈਨ ਵਿੱਚ ਬੈਠਾ ਦਿੰਦੀ ਹੈ। ਦੁਪਹਿਰੇ ਸਕੂਲੋਂ ਆਇਆ, ਰੋਟੀ ਖਾਂਦਾ ਹੈ। ਖਾਂਦਿਆਂ ਖਾਂਦਿਆਂ ਸੌਂ ਜਾਂਦਾ ਹੈ। ਮੰਮੀ ਬੱਚੇ ਨੂੰ ਉਠਾਉਂਦੀ ਹੈ ਤੇ ਟਿਊਸ਼ਨ ਵਾਲੀ ਮੈਡਮ ਪਾਸ ਛੱਡ ਆਉਂਦੀ ਹੈ। ਘੰਟੇ ਬਾਅਦ ਬੱਚਾ ਘਰ ਆਉਂਦਾ ਹੈ। ਹੋਮ ਵਰਕ ਤਿਆਰ ਹੁੰਦਾ ਹੈ। ਰਾਤ ਨੂੰ ਟੀਵੀ ਉੱਤੇ ਕਾਰਟੂਨ ਵੇਖਦਿਆਂ ਵੇਖਦਿਆਂ ਬੱਚੇ ਕੋਲ ਦਾਦੀ ਮਾਂ ਦੀ ਗੋਦੀ ਵਿੱਚ ਬੈਠਣ ਦਾ ਸਮਾਂ ਹੀ ਕਿੱਥੇ ਹੈ। ਦਾਦੀ ਮਾਂ, ਨਾਨੀ ਮਾਂ ਰਾਜੇ ਰਾਣੀਆਂ ਦੀਆਂ ਬਾਤਾਂ ਪਾਉਣੀਆਂ ਭੁੱਲ ਗਈਆਂ ਹਨ। ਹਨੇਰੇ ਕੋਨੇ ਵਿੱਚ ਦਾਦੀ ਮਾਂ ਦੋ ਟੁੱਕ ਦੀ ਬੁਰਕੀ ਦੀ ਉਡੀਕ ਲਈ ਬੈਠੀ ਹੈ। ਰਾਜੇ ਰਾਣੀਆਂ ਦੀਆਂ ਬਾਤਾਂ ਪਾਉਣ ਵਾਲੀ ਦਾਦੀ ਮਾਂ ਹਨੇਰੇ ਵਿੱਚ ਆਪਣੀ ਖੂੰਡੀ ਢੂੰਡਦੀ ਹੈ।

ਪੱਥਰਾਂ ਦੇ ਢੇਰ ਉੱਤੇ ਧੁੱਪੇ ਬੈਠੀ ਮਜ਼ਦੂਰ ਔਰਤ ਪੱਥਰ ਤੋੜ ਰਹੀ ਹੈ। ਮਾਂ ਦੀ ਚੁੰਨੀ ਦੀ ਛਾਂ ਵਿੱਚ ਗੋਦੀ ਵਿੱਚ ਬੈਠੀ ਬੱਚੀ ਸ਼ਾਇਦ ਸੌਂ ਰਹੀ ਹੈ। ਸੁੱਕੀ ਕਿੱਕਰ ਦੀ ਮੋਟੀ ਟਾਹਣੀ ਨਾਲ ਬੱਧੀ ਚੁੰਨੀ ਦੀ ਝੋਲੀ ਵਿੱਚ ਬੱਚੀ ਬਿਨਾਂ ਹੂਟੇ ਮਾਟੇ ਤੋਂ ਪਈ ਹੈ। ਮਾਂ ਕਣਕ ਵੱਢ ਰਹੀ ਹੈ। ਨਿੱਕੇ ਬੱਚੇ ਨੂੰ ਮੰਜੇ ਦੇ ਪਾਵੇ ਨਾਲ ਰੱਸੀ ਨਾਲ ਬੰਨ੍ਹ ਕੇ ਮਾਂ ਡੰਗਰਾਂ ਦਾ ਗੋਹਾਂ ਚੁੱਕ ਰਹੀ ਹੈ।

ਲੱਖਾਂ ਕਮਜ਼ੋਰ ਤੇ ਦੁਖੀ ਮਾਵਾਂ ਦੇ ਬੱਚੇ ਜੰਮਦਿਆਂ ਹੀ ਕਮਜ਼ੋਰ ਹੁੰਦੇ ਹਨ। ਬਹੁਤ ਘੱਟ ਤੋਲ ਹੁੰਦਾ ਹੈ। ਲੱਖਾਂ ਬੱਚੇ ਜੰਮਦਿਆਂ ਹੀ ਮਰ ਜਾਂਦੇ ਹਨ। ਲੱਖਾਂ ਬੱਚੇ ਪੰਜ ਸਾਲ ਦੀ ਉਮਰ ਤੋਂ ਪਹਿਲਾਂ ਹੀ ਸਦਾ ਲਈ ਤੁਰ ਜਾਂਦੇ ਹਨ।

ਸੁੱਕੀਆਂ ਛਾਤੀਆਂ ਵਿੱਚ ਦੁੱਧ ਕਿੱਥੇ। ਖਾਲੀ ਝੋਲੀ ਦੀਆਂ ਲੋਰੀਆਂ ਜਲਦੀ ਹੀ ਵੈਣਾਂ ਵਿੱਚ ਵੱਟ ਜਾਂਦੀਆਂ ਹਨ। ਮੈਂ ਆਪਣੇ ਇੱਕ ਸਾਥੀ ਨਾਲ ਪ੍ਰਭ ਆਸਰਾ ਆਸ਼ਰਮ ਦੇ ਦਰਸ਼ਨਾਂ ਲਈ ਗਿਆ। ਮੁੱਖ ਪ੍ਰਬੰਧਕ ਸਾਨੂੰ ਬੱਚਿਆਂ ਦੀ ਵਾਰਡ ਵਿੱਚ ਲੈ ਗਿਆ। ਇੱਕ ਨਿੱਕੀ ਬੱਚੀ ਮੇਰੀ ਲੱਤ ਨੂੰ ਚਿੰਬੜ ਗਈ। ਮੈਂ ਉਸ ਨੂੰ ਚੁੱਕ ਲਿਆ। ਬੱਚੀ ਮੇਰੀ ਛਾਤੀ ਨਾਲ ਲੱਗ ਗਈ। ਪ੍ਰਬੰਧਕ ਨੇ ਦੱਸਿਆ ਪੁਲੀਸ ਇਸ ਲਾਵਾਰਸ ਬੱਚੀ ਨੂੰ ਪ੍ਰਭ ਆਸਰਾ ਆਸ਼ਰਮ ਵਿੱਚ ਛੱਡ ਗਈ ਸੀ। ਨਿੱਕੇ ਵੱਡੇ ਇਹ ਸਾਰੇ ਬੱਚੇ ਬੱਚੀਆਂ ਵੱਖ ਵੱਖ ਹਸਪਤਾਲਾਂ, ਸੰਸਥਾਵਾਂ, ਰਹਿਮ ਦਿਲ ਲੋਕਾਂ ਵੱਲੋਂ ਸਾਡੇ ਪਾਸ ਆਏ ਹਨ।

ਮੇਰੀ ਛਾਤੀ ਨਾਲ ਲੱਗਾ ਬੱਚਾ ਮਾਂ ਦੀ ਗੋਦੀ ਦੀ ਨਿੱਘ ਮਾਣ ਰਿਹਾ ਸੀ ਜਾਂ ਪਿਓ ਦਾ ਸਪਰਸ਼ ਹੰਢਾ ਰਿਹਾ ਸੀ। ਲੱਖਾਂ ਬੇਸਹਾਰਾ ਬੱਚਿਆਂ ਨੂੰ ਮਾਂ ਦੀ ਗੋਦੀ ਦਾ ਸਵਰਗ ਕਦੀ ਨਸੀਬ ਨਹੀਂ ਹੁੰਦਾ। ਇਨ੍ਹਾਂ ਲੱਖਾਂ ਅਭਾਗੇ ਅਨਾਥ ਬੱਚੇ ਬੱਚੀਆਂ ਦੇ ਰਾਹ ਵਿੱਚ ਕਦਮ ਕਦਮ ਉੱਤੇ ਟੋਏ ਟਿੱਬੇ ਹੁੰਦੇ ਹਨ। ਸਾਰੀ ਉਮਰ ਪਿਆਸੀਆਂ ਅੱਖਾਂ ਸਹਿਜ, ਸਕੂਨ, ਸੰਤੁਲਨ ਲੱਭਦੀਆਂ ਥੱਕ ਜਾਂਦੀਆਂ ਹਨ। ਇਨ੍ਹਾਂ ਲਈ ਸੰਸਾਰ ਵਿੱਚ ਆਕਾਸ਼ੀ ਪਰਵਾਜ਼, ਗਗਨੀ ਹੁਲਾਰਾ, ਪਹਾੜਾਂ ਉੱਤੇ ਪਈ ਸਤਰੰਗੀ ਪੀਂਘ ਦਾ ਝੂਟਾ, ਮਾਂ, ਬਾਪ, ਦਾਦੀ, ਨਾਨੀ ਦੀ ਗੋਦ ਹੁੰਦੀ ਹੈ।

ਸੰਪਰਕ: 94638-08697



# ਬਚਤ ਕਰੋਗੇ ਤਾਂ ਰਹੋਗੇ ਫਾਇਦੇ ’ਚ

ਨਿਵੇਸ਼ ਦੇ ਸਾਧਨਾਂ ਜਾਣਨ ਤੋਂ ਪਹਿਲਾਂ ਇਹ ਸਮਝ ਲਓ ਕਿ ਅਸੀਂ ਨਿਵੇਸ਼ ਕਿਉਂ ਕਰ ਰਹੇ ਹਾਂ। ਨਿਵੇਸ਼ ਕਈ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਕੀਤਾ ਜਾਂਦਾ ਹੈ। ਤੁਸੀਂ ਮੈਡੀਕਲ ਐਮਰਜੈਂਸੀ ਫੰਡ ਲਈ ਬੱਚਤ ਕਰ ਸਕਦੇ ਹਾਂ ਜਾਂ ਤੁਸੀਂ ਆਪਣੇ ਰਿਟਾਇਰਮੈਂਟ ਲਈ ਬਚਾ ਰਹੇ ਹੋ।

### ਨਿਵੇਸ਼ ਦੀ ਜ਼ਰੂਰਤ ਕਿਉਂ

ਚਾਰ ਸ਼੍ਰੇਣੀਆਂ ’ਚ ਨਿਵੇਸ਼ ਦੀਆਂ ਜ਼ਰੂਰਤਾਂ ਨੂੰ ਵੰਡਿਆ ਹੈ। ਪਿਛਲੀ ਸ਼੍ਰੇਣੀ ਤੋਂ ਸੰਤੁਸ਼ਟ ਹੋਣ ਤੋਂ ਬਾਅਦ ਹੀ ਅਗਲੀ ਸ਼੍ਰੇਣੀ ’ਚ ਜਾਓ। ਇਹ ਮਨੋਵਿਗਿਆਨ ਇਬਰਾਹੀਮ ਮੈਸਲਿਆਂ ਦੇ ਸਿਧਾਂਤ ਹਾਆਰਕੀ ਆਫ ਨੀਡ ਤੋਂ ਆਇਆ ਹੈ। ਮੇਸਲੋ ਦੀ ਹਿਆਰਕੀ ਲੋਕਾਂ ਦੀਆਂ ਮੁੱਢਲੀਆਂ ਜ਼ਰੂਰਤਾਂ ’ਤੇ ਜਿਵੇਂ ਕਿ ਕੱਪੜਾ ਅਤੇ ਮਕਾਨ ’ਤੇ ਕੰਮ ਕਰਦਾ ਹੈ। ਲੋਕ ਆਪਣੀਆਂ ਛੋਟੀਆਂ ਜ਼ਰੂਰਤਾਂ ਪੂਰੀਆਂ ਹੋਣ ’ਤੇ ਹੀ ਵੱਡੀ ਜ਼ਰੂਰਤ ਨੂੰ ਪੂਰਾ ਕਰਦੇ ਹਨ।

### ਇੰਜ ਕਰੋ ਨਿਵੇਸ਼

### ਐਮਰਜੈਂਸੀ ਫੰਡ

ਕਈ ਵਾਰ ਐਮਰਜੈਂਸੀ ’ਚ ਤੁਹਾਡੇ ਕੋਲ ਪੈਸੇ ਨਹੀਂ ਹੁੰਦੇ। ਜੇ ਤੁਸੀਂ ਇਹ ਫੰਡ ਬਣਾਇਆ ਹੈ ਤਾਂ ਮੁਸੀਬਤ ਦੇ ਸਮੇਂ ਕੰਮ ਆਵੇਗਾ। ਇਹ ਪੈਸਾ ਅਜਿਹੀਆਂ ਜਗ੍ਹਾ ਰੱਖੋ ਤਾਂ ਕਿ ਤੁਹਾਨੂੰ ਜ਼ਰੂਰਤ ਪਵੇ ਤਾਂ ਜਲਦ ਉਸ ਪੈਸੇ ਦੀ ਵਿਵਸਥਾ ਹੋ ਜਾਵੇ। ਇੰਸ਼ੋਰੈਂਸ ਜਾਂ ਸ਼ੇਅਰ ’ਚ ਪੈਸਾ ਲਗਾ ਕੇ ਐਮਰਜੈਂਸੀ ਫੰਡ ਨਾ ਬਣਾਓ। ਆਪਣੇ ਕੋਲ ਕੁਝ ਨਕਦੀ ਰੱਖੋ ਜਾਂ ਬੈਂਕ ਤੋਂ ਵੀ ਜਲਦ ਪੈਸਾ ਨਿਕਲ ਜਾਏ ਅਜਿਹੀ ਵਿਵਸਥਾ ਕਰੋ। ਜੇ ਫਿਕਸਡ ਡਿਪਾਜ਼ਿਟ ਹੈ ਤਾਂ ਵੀ ਤੁਹਾਨੂੰ ਪੈਨਲਟੀ ਦੇ ਕੇ ਤੁੜਵਾਉਣੀ ਹੋਵੇਗੀ।

### ਇੰਸ਼ੋਰੈਂਸ

> ਚਾਰ ਸ਼੍ਰੇਣੀਆਂ ’ਚ ਨਿਵੇਸ਼ ਦੀਆਂ ਜ਼ਰੂਰਤਾਂ ਨੂੰ ਵੰਡਿਆ ਹੈ। ਪਿਛਲੀ ਸ਼੍ਰੇਣੀ ਤੋਂ ਸੰਤੁਸ਼ਟ ਹੋਣ ਤੋਂ ਬਾਅਦ ਹੀ ਅਗਲੀ ਸ਼੍ਰੇਣੀ ’ਚ ਜਾਓ। ਇਹ ਮਨੋਵਿਗਿਆਨ ਇਬਰਾਹੀਮ ਮੈਸਲਿਆਂ ਦੇ ਸਿਧਾਂਤ ਹਾਆਰਕੀ ਆਫ ਨੀਡ ਤੋਂ ਆਇਆ ਹੈ। ਮੇਸਲੋ ਦੀ ਹਿਆਰਕੀ ਲੋਕਾਂ ਦੀਆਂ ਮੁੱਢਲੀਆਂ ਜ਼ਰੂਰਤਾਂ ’ਤੇ ਜਿਵੇਂ ਕਿ ਕੱਪੜਾ ਅਤੇ ਮਕਾਨ ’ਤੇ ਕੰਮ ਕਰਦਾ ਹੈ। ਲੋਕ ਆਪਣੀਆਂ ਛੋਟੀਆਂ ਜ਼ਰੂਰਤਾਂ ਪੂਰੀਆਂ ਹੋਣ ’ਤੇ ਹੀ ਵੱਡੀ ਜ਼ਰੂਰਤ ਨੂੰ ਪੂਰਾ ਕਰਦੇ ਹਨ।

ਇਹ ਤੁਹਾਡੇ ਜੀਵਨ ਦਾ ਮਹੱਤਵਪੂਰਨ ਹਿੱਸਾ ਹੋਣਾ ਚਾਹੀਦਾ ਹੈ। ਜੇ ਤੁਸੀਂ ਇਹ ਹਿੱਸਾ ਨਹੀਂ ਰੱਖਦੇ ਤਾਂ ਤੁਹਾਡੇ ਪਰਿਵਾਰ ਦੇ ਲਾਲਨ-ਪਾਲਨ ਲਈ ਅਗਲੇ 10-15 ਸਾਲ ’ਚ ਕਿੰਨਾ ਪੈਸਾ ਖਰਚ ਹੋਵੇਗਾ ਉਸ ਦੀ ਗਣਨਾ ਕਰੋ। ਇਸ ਰਕਮ ਦੇ ਬਰਾਬਰ ਟਰਮ ਇੰਸ਼ੋਰੈਂਸ ਕਰਵਾਓ। ਕਿਸੇ ਵੀ ਨਿਵੇਸ਼ ਦੀ ਸ਼ੁਰੂਆਤ ਤੋਂ ਪਹਿਲਾਂ ਤੁਹਾਡੇ ਕੋਲ ਟਰਮ ਇੰਸ਼ੋਰੈਂਸ ਹੋਣਾ ਚਾਹੀਦਾ ਹੈ। ਆਨਲਾਈਨ ਕਈ ਤਰ੍ਹਾਂ ਦੇ ਟਰਮ ਇੰਸ਼ੋਰੈਂਸ ਉਪਲਬਧ ਹਨ।

### ਲੰਮੇ ਸਮੇਂ ਲਈ ਬਚਤ

ਇਸ ਤਰ੍ਹਾਂ ਦੇ ਖਰਚ ਜੋ ਕਿ 3 ਤੋਂ 5 ਸਾਲ ਬਾਅਦ ਆਉਣ ਵਾਲੇ ਹਨ ਉਨ੍ਹਾਂ ਲਈ ਵੀ ਹੁਣ ਤੋਂ ਬਚਤ ਕਰਨੀ ਜ਼ਰੂਰੀ ਹੈ। ਇਸ ਸ਼੍ਰੇਣੀ ਲਈ ਪੈਸੇ ਨੂੰ ਇਕਵਟੀ ਆਧਾਰਤ ਅਸਟੇਟ ’ਚ ਨਿਵੇਸ਼ ਕੀਤਾ ਜਾ ਸਕਦਾ ਹੈ। ਤੁਸੀਂ ਇਕਵਟੀ ਮਿਊਚਲ ਫੰਡ ’ਚ ਨਿਵੇਸ਼ ਕਰ ਸਕਦੇ ਹੋ। ਇਸ ਤੋਂ ਬਾਅਦ ਕਈ ਸ੍ਰੇਣੀਆਂ ਬਣਾ ਸਕਦੇ ਹਾਂ। ਹਰ ਕਿਸੇ ਦੀ ਸਥਿਤੀ ਦੇ ਆਧਾਰ ’ਤੇ ਇਨ੍ਹਾਂ ਸ੍ਰੇਣੀਆਂ ਨੂੰ ਬਦਲਿਆ ਜਾ ਸਕਦਾ ਹੈ। ਜਿਵੇਂ ਕਿ ਤੁਹਾਡੇ ਕੋਲ ਆਮਦਨ ਦੇ ਜੇ ਦੂਜੇ ਹੋਰ ਸਾਧਨ ਹਨ ਤਾਂ ਇੰਸ਼ੋਰੈਂਸ ਕੰਪੋਨੇਂਟ ਘੱਟ ਹੋ ਸਕਦਾ ਹੈ। ਜੇ ਤੁਹਾਡੇ ਕੋਲ ਸੇਵਿੰਗ ਅਕਾਊਂਟ ’ਚ ਐਮਰਜੈਂਸੀ ਲਈ ਪੈਸਾ ਨਹੀਂ ਹੈ ਤਾਂ ਇੰਸ਼ੋਰੈਂਸ ਨਾ ਖਰੀਦੋ। ਇਸ ਤਰ੍ਹਾ ਸਿਸਟਮ ਫਾਲੋ ਕਰੋ। ਇਸ ਲਈ ਕੋਈ ਸੀਮਾ ਨਿਰਧਾਰਤ ਨਹੀਂ ਹੈ। ਜੇ ਤੁਹਾਡੇ ਕੋਲ ਥੋੜੇ ਬਹੁਤ ਪੈਸੇ ਹਨ ਤਾਂ ਇਹ ਸ੍ਰੇਣੀਆਂ ਤੁਸੀਂ ਸ਼ੁਰੂ ਕਰਵਾ ਸਕਦੇ ਹੋ। ਨਿਵੇਸ਼ ਕਰਨ ਤੋਂ ਪਹਿਲਾਂ ਇਹ ਧਿਆਨ ਜ਼ਰੂਰ ਰੱਖੋ ਕਿ ਇਹ ਸਹੀ ਤਰੀਕੇ ਵਾਲਾ ਹੋਵੇ।

# ਕਰਜ਼ਾ ਚੁਕਾਉਂਦੇ ਸਮੇਂ ਕਿਵੇਂ ਬਦਲੀਏ ਬੈਂਕ



ਜਦੋਂ ਬੈਂਕ ਨਿੱਜੀ ਕਰਜ਼ੇ ਦੀ ਵਿਆਜ਼ ਦਰ ’ਚ ਕਮੀ ਕਰਦੇ ਹਨ ਤਾਂ ਇਸ ਦਾ ਫਾਇਦਾ ਸਿਰਫ਼ ਨਵੇਂ ਕਰਜ਼ਦਾਰ ਹੀ ਉਠਾ ਸਕਦੇ ਹਨ। ਪੁਰਾਣੇ ਉਪਭੋਗਤਾ ਇਸ ਦਾ ਫਾਇਦਾ ਤਾਂ ਹੀ ਉਠਾ ਸਕਦੇ ਹਨ ਜਦੋਂ ਉਹ ਕਰਜ਼ੇ ਦੀ ਅਦਾਇਗੀ ਦੇ ਕੁਝ ਸਾਲਾਂ ਅੰਦਰ ਆਪਣਾ ਨਿੱਜੀ ਕਰਜ਼ਾ ਦੂਜੇ ਬੈਂਕ ਨੂੰ ਦਿੰਦਾ ਹੈ। ਜੇ ਤੁਸੀਂ ਬੈਂਕ ਤੋਂ ਕਰਜ਼ਾ ਲਿਆ ਹੈ ਤਾਂ ਆਪਣਾ ਕਰਜ਼ਾ ਦੂਜੇ ਬੈਂਕ ’ਚ ਸਪੁਰਦ ਕਰਨ ਦਾ ਫ਼ੈਸਲਾ ਸੋਚ ਸਮਝ ਕੇ ਲਓ। ਦੂਜੇ ਬੈਂਕ ’ਚ ਕਰਜ਼ਾ ਸਪੁਰਦ ਕਰਨ ਦਾ ਇਕ ਫਾਇਦਾ ਇਹ ਹੈ ਕਿ ਇਸ ਨਾਲ ਹਰ ਮਹੀਨੇ ਬੈਂਕ ਨੂੰ ਅਦਾ ਕੀਤੀ ਜਾਣ ਵਾਲੀ ਈਐਮਆਈ ’ਚ ਕਮੀ ਆ ਜਾਂਦੀ ਹੈ। ਦੂਜਾ ਇਸ ਨਾਲ ਬੈਂਕ ਨਾਲ ਕਰਜ਼ਾ ਲੈਣ ਵਾਲਿਆਂ ਨੂੰ ਈਐਮਆਈ ਸਥਿਰ ਰਹਿੰਦੀ ਹੈ ਅਤੇ ਕਰਜ਼ੇ ਦੀ ਅਦਾਇਗੀ ਦਾ ਸਮਾਂ ਘੱਟ ਹੋ ਜਾਂਦਾ ਹੈ। ਬਹੁਤ ਸਾਰੇ ਕਰਜ਼ਦਾਰ ਇਕ ਬੈਂਕ ਤੋਂ ਦੂਜੀ ਬੈਂਕ ’ਚ ਕਰਜ਼ਾ ਇਸ ਲਈ ਵੀ ਸਪੁਰਦ ਕਰਦੇ ਹਨ ਤਾਂ ਕਿ ਉਹ ਕਰਜ਼ੇ ਦੀ ਵਿਆਜ਼ ਦਰ ਫਿਕਸ ਤੋਂ ਫਲੋਟਿੰਗ ਕਰਾ ਸਕੇ ਜਾਂ ਫਿਰ ਫਲੋਟਿੰਗ ਨਾਲ ਫਿਕਸ ਕਰ ਸਕੇ।

### ਕਿੰਨਾ ਹੋਵੇ ਖਰਚ

ਜਦੋਂ ਗ੍ਰਾਹਕ ਨਿੱਜੀ ਕਰਜ਼ਾ ਇਕ ਬੈਂਕ ਤੋਂ ਦੂਜੇ ਬੈਂਕ ’ਚ ਸਪੁਰਦ ਕਰ ਰਹੇ ਹੋ ਤਾਂ ਉਨ੍ਹਾਂ ਨੂੰ ਇਕ ਵਾਰ ਫੀਸ ਅਦਾ ਕਰਨੀ ਪੈਂਦੀ ਹੈ। ਇਹ ਰਾਸ਼ੀ ਕਰਜ਼ ਲਈ ਜਾਣ ਵਾਲੀ ਰਾਸ਼ੀ ਦਾ ਇਕ ਜਾਂ ਡੇਢ ਫ਼ੀਸਦੀ ਹੋ ਸਕਦੀ ਹੈ। ਕੁਝ ਮਾਮਲਿਆਂ ’ਚ ਬੈਂਕਾਂ ਵੱਲੋਂ ਇਕ ਉਪਭੋਗਤਾ ਆਪਣਾ ਕਰਜ਼ਾ ਦੂਜੇ ਬੈਂਕ ’ਚ ਸਪੁਰਦ ਕਰਨ ਬਾਰੇ ’ਚ ਸੋਚੋ, ਤਾਂ ਉਨ੍ਹਾਂ ਨੂੰ ਇਸ ਬਾਰੇ ’ਚ ਸੋਚ ਲੈਣਾ ਚਾਹੀਦਾ ਹੈ। ਜਦੋਂ ਬੈਂਕ ਆਪਣੇ ਵਰਤਮਾਨ ਬੈਂਕ ਤੋਂ ਕਰਜ਼ਾ ਦੂਜੇ ਬੈਂਕ ’ਚ ਸਪੁਰਦ ਕਰਦੇ ਹਨ ਤਾਂ ਮੁਮਕਿਨ ਹੈ ਕਿ ਬੈਂਕ ਤੁਹਾਡੀ ਬਕਾਇਆ ਰਾਸ਼ੀ ’ਤੇ ਤੁਹਾਡੇ ਤੋਂ ਕਨਵਰਜ਼ਨ ਚਾਰਜ ਵਸੂਲੇ, ਜੋ ਕਿ ਕੁਲ ਬਕਾਇਆ ਰਾਸ਼ੀ ਦਾ 1-2 ਫੀਸਦੀ ਹੋ ਸਕਦਾ ਹੈ। ਇਸ ਨਾਲ ਤੁਸੀਂ ਬਾਅਦ ’ਚ ਡਾਕੂਮੈਂਟੇਸ਼ਨ ’ਚ ਹੋਣ ਵਾਲੀ ਮੁਸ਼ਕਲ ਤੋਂ ਵੀ ਬਚ ਸਕਦੇ ਹੋ।

### ਕਰਜ਼ਾ ਚੁਕਾਉਣ ਦਾ ਸਮਾਂ

ਕਰਜ਼ਾ ਇਕ ਬੈਂਕ ਤੋਂ ਦੂਜੇ ਬੈਂਕ ’ਚ ਸਪੁਰਦ ਕਰਨ ਦਾ ਜ਼ਿਆਦਾਤਰ ਲਾਭ ਕਰਜ਼ ਅਦਾਇਗੀ ਦੇ ਸ਼ੁਰੂਆਤੀ ਸਾਲਾਂ ’ਚ ਉਠਾਇਆ ਜਾ ਸਕਦਾ ਹੈ। ਜਦ ਤੁਹਾਡੀ ਕਰਜ਼ਾ ਚੁਕਾਉਣ ਦਾ ਸਮਾਂ ਖਤਮ ਹੋਣਾ ਹੁੰਦਾ ਹੈ ਤਾਂ ਤੁਹਾਡੀ ਈਐਮਆਈ ’ਚ ਮੂਲ ਰਾਸ਼ੀ ਜ਼ਿਆਦਾ ਅਤੇ ਵਿਆਜ਼ ਘੱਟ ਹੁੰਦਾ ਹੈ, ਇਸ ਲਈ ਇਸ ਸਮੇਂ ’ਚ ਕਰਜ਼ਾ ਦੂਜੇ ਬੈਂਕ ’ਚ ਸਪੁਰਦ ਕਰਨ ਨਾਲ ਤੁਹਾਡਾ ਕੋਈ ਫਾਇਦਾ ਨਹੀਂ ਹੋਵੇਗਾ।

### ਕਿਵੇਂ ਕਰੀਏ ਬਚਤ

ਬਚਤ ਕਰਨ ਦਾ ਇਕ ਵਧੀਆ ਤਰੀਕਾ ਇਹ ਹੈ ਕਿ ਜੇ ਕਰਜ਼ਾ ਚੁਕਾਉਣ ’ਚ ਹੁਣ 8-10 ਸਾਲ ਦਾ ਸਮਾਂ ਬਾਕੀ ਹੈ ਜਾਂ ਫਿਰ ਤੁਹਾਡੇ ਵਰਤਮਾਨ ਕਰਜ਼ੇ ਦੀ ਵਿਆਜ਼ ਦਰ ਅਤੇ ਨਵੀਂ ਵਿਆਜ਼ ਦਰ ’ਚ ਘੱਟ ਤੋਂ ਘੱਟ ਇਕ ਫੀਸਦੀ ਦਾ ਫਰਕ ਹੈ, ਤਾਂ ਕਰਜ਼ ਸਪੁਰਦ ਕਰਨ ’ਤੇ ਵਿਚਾਰ ਕਰੋ।

### ਕੀ ਹੈ ਸਹੀ ਤਰੀਕਾ ?

1. ਕਰਜ਼ਾ ਸਪੁਰਦ ਕਰਨ ਲਈ ਆਪਣੇ ਬੈਂਕ ਨੂੰ ਸੂਚਨਾ ਦਿਓ ਤੇ ਨਾਲ ਹੀ ਕਰਜ਼ਾ ਸਪੁਰਦ ਕਰਨ ਦੀ ਵਜ੍ਹਾ ਦਾ ਵੀ ਜ਼ਿਕਰ ਕਰੋ।
2. ਜਿਸ ਬੈਂਕ ਤੋਂ ਤੁਸੀਂ ਕਰਜ਼ਾ ਲਿਆ ਹੈ, ਉਸ ਨਾਲ ਕਰਜ਼ਾ ਸਪੁਰਦ ਕਰਨ ਦੀ ਸਹਿਮਤੀ ਪੱਤਰ ਲੈ ਲਓ।
3. ਉਸ ਦੌਰਾਨ ਹੋਣ ਵਾਲੀ ਕਾਗਜ਼ੀ ਕਾਰਵਾਈ ’ਚ ਤੁਹਾਨੂੰ ਅਕਾਊਂਟ ਸਟੇਟਮੈਂਟ, ਫੋਰਕਲੋਜ਼ਰ ਸਟੇਟਮੈਂਟ ਅਤੇ ਪ੍ਰਾਪਰਟੀ ਨਾਲ ਜੁੜੇ ਕਾਗਜ਼ਾਤ ਦੀ ਜ਼ਰੂਰਤ ਪੈਂਦੀ ਹੈ।
4. ਹੁਣ ਤੁਸੀਂ ਦੂਜੇ ਬੈਂਕ ’ਚ ਕਰਜ਼ਾ ਸਪੁਰਦ ਕਰੋਗੇ ਤਾਂ ਤੁਹਾਨੂੰ ਫਿਰ ਤੋਂ ਉਹ ਹੀ ਪ੍ਰਕਿਰਿਆ ਅਪਣਾਉਣੀ ਪਵੇਗੀ ਜੋ ਆਪਣੇ ਪਹਿਲੇ ਬੈਂਕ ਤੋਂ ਨਿੱਜੀ ਕਰਜ਼ੇ ਲਈ ਅਪਣਾਈ ਸੀ।
5. ਇਸ ਲਈ ਤੁਹਾਨੂੰ ਪਛਾਣ ਪੱਤਰ, ਪੈਨ ਕਾਰਡ ਦੀ ਕਾਪੀ, ਪਿਛਲੇ ਬੈਂਕ ਦੀ ਸਟੇਟਮੈਂਟ, ਪ੍ਰਾਪਰਟੀ ਦੀ ਟਾਈਟਲ ਡੀਡ ਦੀ ਇਕ ਪ੍ਰਤੀ ਸੈਲਰੀ ਸਲਿਪ, ਆਮਦਨ ਕਰ ਟੈਕਸ ਰਿਟਰਨ ਦੀ ਇਕ ਪ੍ਰਤੀ ਦੀ ਜ਼ਰੂਰਤ ਪਵੇਗੀ।
6. ਦੂਜਾ ਬੈਂਕ ਕਾਗਜ਼ਾਂ ਦੀ ਜਾਂਚ-ਪੜਤਾਲ ਨਾਲ ਸੰਤੁਸ਼ਟ ਹੋਣ ਤੋਂ ਬਾਅਦ ਤੁਹਾਡੇ ਕਰਜ਼ੇ ਨੂੰ ਪ੍ਰਵਾਨਗੀ ਦਿੰਦਾ ਹੈ।•

# ਅਸਫਲਤਾ ਬਨਾਮ ਕਿਸਮਤ



**ਹਰਕੀਰਤ ਸਿੰਘ**

> **ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਇੱਛਾ ਸ਼ਕਤੀ ਦਾ ਹੋਣਾ ਲਾਜ਼ਮੀ ਹੈ, ਉਸ ਤੋਂ ਬਾਅਦ ਉਸ ਕੰਮ ਬਾਰੇ ਮੁੱਢਲੀ ਜਾਣਕਾਰੀ ਹੋਣੀ ਲਾਜ਼ਮੀ ਹੈ। ਮੁੱਢਲੀ ਜਾਣਕਾਰੀ ਦੇ ਨਾਲ ਹੀ ਉਸ ਕੰਮ ਲਈ ਢੁਕਵਾਂ ਸਮਾਂ, ਸਥਾਨ, ਵਾਤਾਵਰਨ, ਮਾਹੌਲ, ਮੌਸਮ, ਉਸ ਦੀ ਕਦਰ, ਉਜਰਤ, ਉਸ ਦੀ ਲੋੜ ਅਤੇ ਉਸ ਦਾ ਮੰਡੀਕਰਨ ਆਦਿ ਬਾਰੇ ਅਧਿਐਨ ਤੋਂ ਬਾਅਦ ਕੀਤਾ ਗਿਆ ਅਭਿਆਸ ਹੀ ਮਿਹਨਤ ਕਹਿਲਾਉਂਦਾ ਹੈ। ਮਿਹਨਤ ਤੋਂ ਬਾਅਦ ਵੀ ਇੱਛਤ ਨਤੀਜੇ ਜਾਂ ਟੀਚਾ ਹਾਸਲ ਕਰਨ ਤੋਂ ਖੁੰਝ ਜਾਣਾ ਅਸਫ਼ਲਤਾ ਮੰਨਿਆ ਜਾ ਸਕਦਾ ਹੈ, ਹਾਰ ਨਹੀਂ। ਅਸਫ਼ਲਤਾ ਦੇ ਕਾਰਨਾਂ ਦਾ ਅਧਿਐਨ ਕਰਕੇ ਮੁੜ ਤੋਂ ਕੋਸ਼ਿਸ਼ ਕੀਤੀ ਜਾ ਸਕਦੀ ਹੈ ਤੇ ਜਦੋਂ ਤਕ ਟੀਚਾ ਹਾਸਲ ਨਹੀਂ ਹੋ ਜਾਂਦਾ, ਉਦੋਂ ਤਕ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ।**

ਮਿਹਨਤ ਸਫ਼ਲਤਾ ਦੀ ਕੁੰਜੀ ਹੈ। ਅਕਸਰ ਅਭਿਆਸ ਨੂੰ ਹੀ ਮਿਹਨਤ ਮੰਨ ਲਿਆ ਜਾਂਦਾ ਹੈ, ਜਦੋਂ ਕਿ ਮਿਹਨਤ ਅਤੇ ਅਭਿਆਸ ਵਿੱਚ ਜ਼ਮੀਨ-ਆਸਮਾਨ ਦਾ ਅੰਤਰ ਹੈ। ਬਹੁਤੇ ਲੋਕ ਅਗਿਆਨਤਾ ਵਸ ਸਿਰਫ਼ ਅਭਿਆਸ ਹੀ ਕਰਦੇ ਹਨ, ਮਿਹਨਤ ਨਹੀਂ ਕਰਦੇ ਤੇ ਜਦੋਂ ਅਸਫ਼ਲ ਹੋ ਜਾਂਦੇ ਹਨ ਤਾਂ ਉਨ੍ਹਾਂ ਦਾ ਕਹਿਣਾ ਹੁੰਦਾ ਹੈ ਕਿ ਮਿਹਨਤ ਤਾਂ ਬਹੁਤ ਕੀਤੀ ਸੀ, ਪਰ ਕਿਸਮਤ ਹੀ ਮਾੜੀ ਹੈ।

ਕਿਸਮਤ ਨੂੰ ਦੋਸ਼ ਅਗਿਆਨੀ ਹੀ ਦਿੰਦੇ ਹਨ ਅਤੇ ਅਸਫ਼ਲਤਾ ਨੂੰ ਹਾਰ ਮੰਨ ਲੈਂਦੇ ਹਨ, ਜਦੋਂ ਕਿ ਅਸਫ਼ਲਤਾ ਸਫ਼ਲਤਾ ਵੱਲ ਵਧਦਾ ਇੱਕ ਪੜਾਅ ਹੁੰਦਾ ਹੈ। ਅਸਫ਼ਲਤਾ ਨੂੰ ਹਾਰ ਮੰਨ ਲੈਣ ਵਾਲਾ ਵਿਅਕਤੀ ਅਸਫ਼ਲਤਾ ਦੇ ਕਾਰਨਾਂ ਦਾ ਅਧਿਐਨ ਨਹੀਂ ਕਰਦਾ ਅਤੇ ਆਪਣੇ ਆਪ ਨੂੰ ਸੁਰਖ਼ੁਰੂ ਕਰਨ ਲਈ ਕਿਸਮਤ ’ਤੇ ਨਜ਼ਲਾ ਝਾੜ ਦਿੰਦਾ ਹੈ। ਮਿਹਨਤ ਤੋਂ ਬਗੈਰ ਕੀਤਾ ਗਿਆ ਅਭਿਆਸ ਹਮੇਸ਼ਾਂ ਇੱਛਤ ਨਤੀਜੇ ਨਹੀਂ ਦਿੰਦਾ। ਅਭਿਆਸ ਮਿਹਨਤ ਦਾ ਇੱਕ ਅੰਗ ਹੁੰਦਾ ਹੈ, ਇਸ ਨੂੰ ਹੀ ਮੁੱਖ ਮੰਨ ਕੇ ਬਾਕੀ ਅੰਗਾਂ ਨੂੰ ਅਹਿਮੀਅਤ ਨਾ ਦੇਣੀ ਅਸਫ਼ਲਤਾ ਦਾ ਵੱਡਾ ਕਾਰਨ ਹੋ ਨਿੱਬੜਦਾ ਹੈ।

ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਇੱਛਾ ਸ਼ਕਤੀ ਦਾ ਹੋਣਾ ਲਾਜ਼ਮੀ ਹੈ, ਉਸ ਤੋਂ ਬਾਅਦ ਉਸ ਕੰਮ ਬਾਰੇ ਮੁੱਢਲੀ ਜਾਣਕਾਰੀ ਹੋਣੀ ਲਾਜ਼ਮੀ ਹੈ। ਮੁੱਢਲੀ ਜਾਣਕਾਰੀ ਦੇ ਨਾਲ ਹੀ ਉਸ ਕੰਮ ਲਈ ਢੁੱਕਵਾਂ ਸਮਾਂ, ਸਥਾਨ, ਵਾਤਾਵਰਨ, ਮਾਹੌਲ, ਮੌਸਮ, ਉਸ ਦੀ ਕਦਰ, ਉਜਰਤ, ਉਸ ਦੀ ਲੋੜ ਅਤੇ ਉਸ ਦਾ ਮੰਡੀਕਰਨ ਆਦਿ ਬਾਰੇ ਅਧਿਐਨ ਤੋਂ ਬਾਅਦ ਕੀਤਾ ਗਿਆ ਅਭਿਆਸ ਹੀ ਮਿਹਨਤ ਕਹਿਲਾਉਂਦਾ ਹੈ। ਮਿਹਨਤ ਤੋਂ ਬਾਅਦ ਵੀ ਇੱਛਤ ਨਤੀਜੇ ਜਾਂ ਟੀਚਾ ਹਾਸਲ ਕਰਨ ਤੋਂ ਖੁੰਝ ਜਾਣਾ ਅਸਫ਼ਲਤਾ ਮੰਨਿਆ ਜਾ ਸਕਦਾ ਹੈ, ਹਾਰ ਨਹੀਂ। ਅਸਫ਼ਲਤਾ ਦੇ ਕਾਰਨਾਂ ਦਾ ਅਧਿਐਨ ਕਰਕੇ ਮੁੜ ਤੋਂ ਕੋਸ਼ਿਸ਼ ਕੀਤੀ ਜਾ ਸਕਦੀ ਹੈ ਤੇ ਜਦੋਂ ਤਕ ਟੀਚਾ ਹਾਸਲ ਨਹੀਂ ਹੋ ਜਾਂਦਾ, ਉਦੋਂ ਤਕ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ।

ਉਦਾਹਰਨ ਵਜੋਂ ਤੁਹਾਡੇ ਜਿੰਦਰੇ ਦੀ ਚਾਬੀ ਗੁਆਚ ਜਾਂਦੀ ਹੈ ਅਤੇ ਜਿੰਦਰਾ ਤੋੜਨ ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਰਹਿ ਜਾਂਦਾ। ਤਦ ਤੁਸੀਂ ਹਥੌੜਾ ਲੈ ਕੇ ਜਿੰਦਰੇ ’ਤੇ ਸੱਟਾਂ ਮਾਰਦੇ ਹੋ। ਹੁਣ ਸਵਾਲ ਇਹ ਹੈ ਕਿ ਹਥੌੜਾ ਹੀ ਕਿਉਂ, ਪੱਥਰ ਨਾਲ ਵੀ ਸੱਟ ਮਾਰੀ ਜਾ ਸਕਦੀ ਹੈ। ਪਰ ਪੱਥਰ ਢੁੱਕਵਾਂ ਸੰਦ ਨਹੀਂ ਹੈ, ਹੋ ਸਕਦਾ ਹੈ ਕਿ ਪੱਥਰ ਨਾਲ ਸੱਟ ਮਾਰਨ ਦਾ ਅਭਿਆਸ ਕਰਦੇ ਹੋਏ ਪੱਥਰ ਹੀ ਟੁੱਟ ਜਾਵੇ ਤੇ ਤੁਸੀਂ ਸਿਰ ਸੁੱਟ ਕੇ ਬਹਿ ਜਾਵੋ ਕਿ ਇਹ ਜਿੰਦਰਾ ਤੋੜਿਆ ਹੀ ਨਹੀਂ ਜਾ ਸਕਦਾ। ਇਹ ਅਸਫ਼ਲਤਾ ਸਿਰਫ਼ ਅਭਿਆਸ ਦੀ ਅਸਫ਼ਲਤਾ ਹੈ, ਨਾ ਕਿ ਮਿਹਨਤ ਦੀ। ਮਿਹਨਤ ਨਾਲ ਤੁਹਾਨੂੰ ਪਹਿਲਾਂ ਤੋਂ ਹੀ ਪਤਾ ਹੁੰਦਾ ਹੈ ਕਿ ਇਸ ਜਿੰਦਰੇ ਨੂੰ ਤੋੜਨ ਲਈ ਹਥੌੜੇ ਦੀ ਲੋੜ ਪਵੇਗੀ ਤੇ ਹਥੌੜੇ ਦਾ ਘੱਟੋ-ਘੱਟ ਵਜ਼ਨ ਇੰਨੇ ਕਿੱਲੋ ਹੋਣਾ ਚਾਹੀਦਾ ਹੈ। ਇਸ ਮੁੱਢਲੀ ਤਿਆਰੀ ਤੋਂ ਬਾਅਦ ਇਹ ਵੀ ਸਾਵਧਾਨੀ ਵਰਤਣੀ ਹੋਵੇਗੀ ਕਿ ਹਥੌੜਾ ਕਿਤੇ ਤੁਹਾਡੇ ਹੱਥ ਜਾਂ ਪੈਰ ’ਤੇ ਨਾ ਵੱਜੇ। ਜੇ ਪਹਿਲੀ ਸੱਟ ਨਾਲ ਜਿੰਦਰਾ ਨਹੀਂ ਟੁੱਟਦਾ ਤਾਂ 10-15 ਸੱਟਾਂ ਮਾਰਨ ਤੋਂ ਬਾਅਦ ਜਿੰਦਰਾ ਟੁੱਟ ਜਾਂਦਾ ਹੈ ਤੇ ਤੁਹਾਡੀ ਮਿਹਨਤ ਸਫ਼ਲ ਹੋ ਜਾਂਦੀ ਹੈ। ਹੁਣ ਸੋਚ ਕੇ ਵੇਖੋ ਕਿ ਕੀ ਤੁਹਾਡੇ ਵੱਲੋਂ ਮਾਰੀ ਗਈ ਪਹਿਲੀ ਸੱਟ ਸੱਚਮੁੱਚ ਅਸਫ਼ਲ ਸੀ ਜਾਂ ਉਸ ਸੱਟ ਦਾ ਵੀ ਸਫ਼ਲਤਾ ਹਾਸਲ ਕਰਨ ਵਿੱਚ ਕੋਈ ਯੋਗਦਾਨ ਸੀ। ਤੁਸੀਂ ਵੇਖੋਗੇ ਕਿ ਹਰ ਸੱਟ ਦਾ ਯੋਗਦਾਨ ਸੀ, ਆਖਰੀ ਸੱਟ ਲਈ ਪਹਿਲੀਆਂ ਸੱਟਾਂ ਨੇ ਮਾਹੌਲ ਤਿਆਰ ਕਰ ਦਿੱਤਾ ਸੀ ਤੇ ਆਖਰੀ ਸੱਟ ਤਕ ਤੁਸੀਂ ਮਿਹਨਤ ਕਰ ਰਹੇ ਸੀ, ਇਸੇ ਲਈ ਇਹ ਸੰਭਵ ਹੋਇਆ।

ਜੇ ਤੁਸੀਂ ਮਿਹਨਤ ਕਰਨੀ ਛੱਡ ਦਿੰਦੇ ਤਾਂ ਤੁਸੀਂ ਸਫ਼ਲਤਾ ਹਾਸਿਲ ਨਹੀਂ ਸੀ ਕਰਨੀ। ਇਸ ਤਰ੍ਹਾਂ ਦੀ ਅਸਫ਼ਲਤਾ ਲਈ ਕਿਸਮਤ ਨੂੰ ਦੋਸ਼ ਦੇਣ ਵਾਲੇ ਅਸਲ ਵਿੱਚ ਸਫ਼ਲਤਾ ਲਈ ਕੀਤੇ ਜਾਣ ਵਾਲੇ ਸੰਘਰਸ਼ ਤੋਂ ਅੱਕ ਜਾਂਦੇ ਹਨ। ਉਹ ਹਿੰਮਤ ਨਹੀਂ ਜੁਟਾ ਪਾਉਂਦੇ। ਜਦੋਂ ਕਿ ਹਿੰਮਤ ਹਰ ਅਸਫ਼ਲਤਾ ਤੋਂ ਬਾਅਦ ਵਿਅਕਤੀ ਨੂੰ ਮੁੜ ਕੋਸ਼ਿਸ਼ ਕਰਨ ਲਈ ਪ੍ਰੇਰਦੀ ਹੈ। ਸਮੁੱਚੇ ਭਾਰਤ ਵਿੱਚ ਕਿਸਾਨਾਂ ਦਾ ਮੰਦਾ ਹਾਲ ਹੈ, ਕਿਸਾਨ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ ਕਿਉਂਕਿ ਖੇਤੀਬਾੜੀ ਦੇ ਧੰਦੇ ਵਿੱਚ ਉਨ੍ਹਾਂ ਦਾ ਗੁਜ਼ਾਰਾ ਨਹੀਂ ਹੋ ਰਿਹਾ। ਇਹ ਸੱਚ ਹੈ ਉਹ ਮਿਹਨਤ ਨਹੀਂ ਕਰਦੇ ਜਾਂ ਸਫ਼ਲਤਾ ਹਾਸਲ ਕਰਨ ਲਈ ਮਿਹਨਤ ਨਹੀਂ ਕਰਦੇ, ਉਹ ਸਿਰਫ਼ ਅਭਿਆਸ ਹੀ ਕਰਦੇ ਹਨ। ਉਹ ਫ਼ਸਲਾਂ ਬੀਜਣਾ, ਉਗਾਉਣਾ ਜਾਣਦੇ ਹਨ, ਫ਼ਸਲਾਂ ਦੇ ਮੰਡੀਕਰਨ ਬਾਰੇ ਨਹੀਂ ਜਾਣਦੇ, ਮੌਸਮ ਦੇ ਸੁਭਾਅ ਬਾਰੇ ਵੀ ਪੂਰੀ ਜਾਣਕਾਰੀ ਨਹੀਂ ਹੁੰਦੀ ਤੇ ਫ਼ਸਲ ਕਿਸੇ ਕੁਦਰਤੀ ਕਾਰਨ ਕਰਕੇ ਜੇ ਖ਼ਰਾਬ ਹੋ ਜਾਂਦੀ ਹੈ ਤਾਂ ਫ਼ਸਲ ਦੇ ਮੁਆਵਜ਼ੇ ਲਈ ਉਨ੍ਹਾਂ ਕੋਲ ਸਰਕਾਰਾਂ ਅੱਗੇ ਹੱਥ ਅੱਡਣ ਤੋਂ ਇਲਾਵਾ ਕੋਈ ਵਿਕਲਪ ਹੀ ਨਹੀਂ ਰਹਿੰਦਾ। ਜੇਕਰ ਇਹ ਸਭ ਕੁਝ ਯੋਜਨਾ ਨਾਲ ਕੀਤਾ ਜਾਵੇ ਤਾਂ ਉਨ੍ਹਾਂ ਦੀ ਹਾਲਤ ਵਿੱਚ ਸੁਧਾਰ ਹੋ ਸਕਦਾ ਹੈ।

ਮਿਹਨਤ ਕੀਤੇ ਬਿਨਾਂ ਸਫ਼ਲਤਾ ਹਾਸਲ ਨਹੀਂ ਹੋ ਸਕਦੀ, ਸਫ਼ਲਤਾ ਦਾ ਕੋਈ ਸ਼ਾਰਟ-ਕੱਟ ਨਹੀਂ ਹੁੰਦਾ। ਲੋਕ ਬੇਈਮਾਨੀ ਨਾਲ ਪੈਸਾ ਕਮਾ ਕੇ ਦਿਨਾਂ ਵਿੱਚ ਅਮੀਰ ਹੋ ਜਾਂਦੇ ਹਨ। ਕੁਝ ਲੋਕ ਖ਼ਾਨਦਾਨੀ ਬੇਈਮਾਨ ਹੁੰਦੇ ਹਨ ਅਤੇ ਅੱਜ ਵਾਲੇ ਪੜਾਅ ਤਕ ਪੁੱਜਣ ਲਈ ਉਨ੍ਹਾਂ ਦੇ ਖ਼ਾਨਦਾਨ ਦਾ ਸਮਾਂ ਅਤੇ ਊਰਜਾ ਲੱਗੀ ਹੁੰਦੀ ਹੈ। ਇਸ ਨੂੰ ਕਿਸਮਤ ਨਹੀਂ ਕਿਹਾ ਜਾ ਸਕਦਾ ਤੇ ਨਾ ਹੀ ਧੀਰੂ ਬਾਈ ਅੰਬਾਨੀ ਦੇ ਖ਼ਾਨਦਾਨ ਵਿੱਚ ਪੈਦਾ ਹੋਏ ਜਾਂ ਹੋਣ ਵਾਲੇ ਬੱਚੇ ਨੂੰ ਕਿਸਮਤ ਵਾਲੇ ਕਿਹਾ ਜਾ ਸਕਦਾ ਹੈ।

ਅਗਿਆਨਤਾ ਹੀ ਸਾਨੂੰ ਕਿਸਮਤਵਾਦੀ ਬਣਾਉਂਦੀ ਹੈ। ਅੱਜ ਲੋੜ ਹੈ ਕਿਸਮਤ ਦੇ ਚੱਕਰਾਂ ਵਿੱਚੋਂ ਨਿਕਲ ਕੇ ਹਰ ਵਰਤਾਰੇ ਪਿੱਛੇ ਹੁੰਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾਵੇ ਤੇ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਨਾਟਕਕਾਰ ਗੁਰਸ਼ਰਨ ਸਿੰਘ ਦਾ ਇੱਕ ਕਥਨ ਹੈ “ਅੱਗੇ ਵਧਣ ਦੇ ਦੋ ਹੀ ਰਾਹ ਹਨ। ਇੱਕ ਲੋਕਾਂ ਨੂੰ ਨਾਲ ਲੈ ਕੇ ਚੱਲਣ ਦਾ ਤੇ ਦੂਸਰਾ ਲੋਕਾਂ ਨੂੰ ਮਿੱਧ ਕੇ ਅੱਗੇ ਲੰਘਣ ਦਾ, ਤੇ ਮੈਂ ਪਹਿਲੇ ਰਾਹ ਦਾ ਰਾਹੀ ਹਾਂ।” ਪਹਿਲੇ ਰਾਹ ਵਾਲੇ ਹੀ ਅਸਲ ਵਿੱਚ ਅੱਗੇ ਵਧਦੇ ਹਨ ਤੇ ਉਹ ਕਿਸਮਤ ’ਤੇ ਵਿਸ਼ਵਾਸ ਨਹੀਂ ਕਰਦੇ।

ਸੰਪਰਕ : 94633-89628

## ਸਵੈ-ਪੜਚੋਲ ਹੀ ਸਭ ਤੋਂ ਕਠਿਨ ਹੈ

ਅਸੀਂ ਅਕਸਰ ਹੀ ਦੂਸਰਿਆਂ ਦੇ ਗੁਣਾਂ-ਔਗੁਣਾਂ ਦੀ ਗੱਲ ਕਰਦੇ ਰਹਿੰਦੇ ਹਾਂ। ਇਸ ਵਿਚ ਵੀ ਦੂਸਰਿਆਂ ਦੇ ਕੇਵਲ ਔਗੁਣਾਂ ਨੂੰ ਹੀ ਵਿਚਾਰਨਾ ਅਹਿਮ ਬਣਦਾ ਹੈ। ਇਸ ਤੋਂ ਵੀ ਅੱਗੇ ਅਸੀਂ ਬਹੁਤ ਵਾਰੀ ਗੁਣਾਂ ਨੂੰ ਵੀ ਔਗੁਣਾਂ ਵਜੋਂ ਹੀ ਵੇਖਦੇ ਹਾਂ। “ਜੇ ਕਿਤੇ ਇਉਂ ਵੀ ਕਰ ਲੈਂਦਾ’ ਕਹਿੰਦੇ ਸਮੇਂ ਅਸੀਂ ਹੋਰ ਸੁਧਾਰ ਕਰਨ ਵਾਸਤੇ ਸਕਾਰਾਤਮਕ ਪਹੁੰਚ ਘੱਟ ਅਪਣਾਉਂਦੇ ਹਾਂ ਸਗੋਂ ਨਕਾਰਾਤਮਕ ਪਹੁੰਚ ਰਾਹੀਂ ਅਸੀਂ ਰਹਿ ਗਈ ਘਾਟ ਨੂੰ ਹੀ ਵੱਧ ਉਭਾਰ ਅਤੇ ਦਰਸਾ ਰਹੇ ਹੁੰਦੇ ਹਾਂ।

ਸੁਧਾਰ ਕਰਨ ਵਾਲਾ ਪਹਿਲੂ ਵੱਧ ਦ੍ਰਿਸ਼ਟੀਗੋਚਰ ਹੁੰਦਾ ਹੈ। ਸੁਝਾਅ ਦੇਣ ਵਾਲੇ ਨਜ਼ਰੀਏ ਨਾਲ ਅਸੀਂ ਦੂਸਰੇ ਦੇ ਕੰਮ ਕਰਨ ਦੇ ਢੰਗ-ਤਰੀਕੇ ਵਿਚ ਨਿਖਾਰ ਲਿਆ ਸਕਦੇ ਹਾਂ ਜਦੋਂ ਕਿ ਕੇਵਲ ਨੁਕਤਾਚੀਨੀ ਕਰਨ ਵਾਲੇ ਨਜ਼ਰੀਏ ਨਾਲ ਅਸੀਂ ਪਹਿਲਾਂ ਹੀ ਉੱਭਰ ਰਹੇ ਗੁਣ ਨੂੰ ਛੁਟਿਆ ਕੇ ਹੋਰ ਛੋਟਾ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਾਂ। ਕਈ ਵਾਰੀ ਤਾਂ ਅਜਿਹਾ ਨਜ਼ਰੀਆ ਉੱਭਰ ਰਹੇ ਗੁਣ ਨੂੰ ਖਤਮ ਹੀ ਕਰ ਦਿੰਦਾ ਹੈ ਨੁਕਤਾਚੀਨੀ ਦਾ ਦੂਸਰਾ ਪਹਿਲੂ ਗੁਣਾਂ ਅਤੇ ਔਗੁਣਾਂ ਦੀ ਬਰਾਬਰ ਪਰਖ ਕਰਨੀ ਹੁੰਦੀ ਹੈ। ਗੁਣਾਂ ਦੀ ਪ੍ਰਸ਼ੰਸਾ ਕਰਨ ਨਾਲ ਵਿਅਕਤੀ ਹੋਰ ਗੁਣ ਪੈਦਾ ਕਰਨ ਦੀ ਸਮਰੱਥਾ ਪੈਦਾ ਕਰਦਾ ਹੈ ਜਦੋਂ ਕਿ ਔਗੁਣਾਂ ਬਾਰੇ ਸੁਚੇਤ ਕਰਨ ਤੇ ਉਹਨਾਂ ਤੋਂ ਛੁਟਕਾਰਾ ਪਾਉਣ ਵੱਲ ਕਦਮ ਪੁੱਟਦਾ ਹੈ ਪ੍ਰੰਤੂ ਇਸ ਤਰ੍ਹਾਂ ਦਾ ਸੰਤੁਲਨ ਬਣਾਉਣਾ ਅਤੇ ਕਾਇਮ ਰੱਖਣਾ ਨੁਕਤਾਚੀਨੀ ਕਰਨ ਵਾਲੇ ਅਤੇ ਜਿਸ ਦੀ ਨੁਕਤਾਚੀਨੀ ਕੀਤੀ ਜਾਂਦੀ ਹੈ, ਦੋਵਾਂ ਲਈ ਹੀ ਕਠਿਨ ਹੁੰਦਾ ਹੈ। ਬੰਦਾ ਜਾਂ ਤਾਂ ਪ੍ਰਸ਼ੰਸਾ ਕਰਨ/ਸੁਣਨ ਦਾ ਹੀ ਆਦੀ ਹੁੰਦਾ ਹੈ ਅਤੇ ਜਾਂ ਫਿਰ ਇਸ ਦੇ ਉਲਟ ਨਿਖੇਧੀ ਹੀ ਕਰਦਾ ਹੈ। ਜਦੋਂ ਕੋਈ ਵਿਅਕਤੀ ‘ਜੇ ਕਿਤੇ ਇਸ ਤਰ੍ਹਾਂ ਵੀ/ ਹੋਰ ਕਰ ਲੈਂਦਾ ਤਾਂ ਸੋਨੇ ’ਤੇ ਸੁਹਾਗਾ ਬਣ ਜਾਣਾ ਸੀ’, ਕਹਿੰਦਾ ਹੈ ਤਾਂ ਉਹ ਚੰਗੇਰਾ ਕਰਨ ਦਾ ਸੁਝਾਅ ਦਿੰਦਿਆਂ ਪ੍ਰੇਰਨਾ ਵੀ ਦੇ ਰਿਹਾ ਹੁੰਦਾ ਹੈ ਅਤੇ ਜਦੋਂ ਬੰਦਾ ਕੇਵਲ ‘ਕਿੰਤੂ-ਪ੍ਰੰਤੂ’ ਦੀ ਵਰਤੋਂ ਹੀ ਕਰਦਾ ਹੈ ਤਾਂ ਇਹ ਮਾੜਾ ਢਾਹੂ ਪਾਸੇ ਵੱਲ ਲਿਜਾਣ ਵਾਲਾ ਸਾਬਤ ਹੁੰਦਾ ਹੈ ਨੁਕਤਾਚੀਨੀ ਦਾ ਤੀਸਰਾ ਅਤੇ ਸਿਖਰਲਾ ਪਹਿਲੂ ਸਵੈ-ਪੜਚੋਲ ਹੈ ਜੋ ਹਰ ਕਿਸੇ ਦੀ ਵੱਸ ਦੀ ਗੱਲ ਨਹੀਂ ਹੈ। ਆਪਣੇ ਕੀਤੇ ਕੰਮਾਂ ਦੀ ਆਪ ਪਰਖ ਕਰਨੀ ਖਾਸ ਕਰਕੇ ਨਿਰਪੱਖ ਪਰਖ ਕਰਨੀ ਸਭ ਤੋਂ ਕਠਿਨ ਕਾਰਜ ਹੈ। ਪੰਜਾਬੀ ਮੁਹਾਵਰੇ ਵਿਚ ਇਸ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਮਾਰਨਾ ਆਖਿਆ ਜਾਂਦਾ ਹੈ। ਅਸਲ ਵਿਚ ਮਾਨਵੀ ਸੁਭਾਅ ਵਿਚ ਇਹ ਗੱਲ ਘਰ ਕਰ ਚੁੱਕੀ ਹੈ ਕਿ ਉਹ ਜੋ ਕੁਝ ਕਰਦਾ ਹੈ, ਉਹ ਸਭ ਠੀਕ ਹੀ ਹੈ। ਉਹ ਗਲਤ ਤਾਂ ਕੁਝ ਕਰਦਾ ਹੀ ਨਹੀਂ ਹੈ। ਜੇਕਰ ਅਸੀਂ ਸਵੈ-ਪੜਚੋਲ ਦੇ ਨੇੜੇ-ਤੇੜੇ ਵੀ ਪਹੁੰਚ ਜਾਈਏ ਤਾਂ ਅਸੀਂ ਬੜਾ ਕੁਝ ਪ੍ਰਾਪਤ ਕਰ ਸਕਦੇ ਹਾਂ।

-ਗੁਰਦੀਪ ਸਿੰਘ ਢੁੱਡੀ

# ਹੋਲਾ ਮਹੱਲਾ ਮੌਕੇ ਚਰਨ ਗੰਗਾ ਸਟੇਡੀਅਮ ਵਿੱਚ ਲਗਾਇਆ ਸਵੀਪ ਜਾਗਰੂਕਤਾ ਕੈਂਪ : ਡਾ. ਪ੍ਰੀਤੀ ਯਾਦਵ

## ਭਾਰੀ ਉਤਸ਼ਾਹ ਨਾਲ ਆਦਰਸ਼ ਚੋਣ ਜਾਬਤੇ, ਵੋਟ ਬਣਾਉਣ, ਵੋਟਾਂ ਦੀ ਸੁਧਾਈ ਬਾਰੇ ਜਾਣਕਾਰੀ ਲੈ ਰਹੇ ਹਨ ਨੌਜਵਾਨ



**ਸ੍ਰੀ ਅਨੰਦਪੁਰ ਸਾਹਿਬ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**


ਹੋਲਾ ਮਹੱਲਾ ਮੌਕੇ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿੱਚ ਸੈਰ ਸਪਾਟਾ ਵਿਭਾਗ ਅਤੇ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਕਰਵਾਈਆਂ ਜਾ ਰਹੀਆਂ ਨਿਹੰਗ ਓਲੰਪਿਕਸ ਵਿਰਾਸਤੀ ਖੇਡਾਂ ਦੌਰਾਨ ਲਗਾਏ ਸਵੀਪ ਗਤੀਵਿਧੀ ਕੈਂਪ ਲੋਕ ਸਭਾ ਚੋਣਾ 2024 ਵਿੱਚ ਨੌਜਵਾਨਾਂ ਦਾ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਸੈਲਫੀ ਪੁਆਇੰਟ ਅਤੇ ਸਹੁੰ ਚੁੱਕ ਫਾਰਮ ਭਰਨ ਲਈ ਵੀ ਵੱਡੀ ਗਿਣਤੀ ਨੌਜਵਾਨ ਪਹੁੰਚ ਰਹੇ ਹਨ। ਨਵੇ ਬਣਨ ਜਾ ਰਹੇ ਵੋਟਰਾਂ ਨੂੰ ਫਾਰਮ ਨੰ:6 ਰਾਹੀ ਨਵੀ ਵੋਟ ਬਣਾਉਣ ਅਤੇ ਵੋਟਰ ਸੂਚੀ ਵਿਚ ਸੁਧਾਰ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

ਇਹ ਜਾਣਕਾਰੀ ਡਾ.ਪ੍ਰੀਤੀ ਯਾਦਵ ਜਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਰੂਪਨਗਰ ਨੇ ਅੱਜ ਸਵੀਪ ਗਤੀਵਿਧੀਆਂ ਤਹਿਤ ਲੋਕ ਸਭਾ ਚੋਣਾ 2024 ਦੇ ਲਗਾਏ ਜਾਗਰੂਕਤਾ ਕੈਂਪ ਦਾ ਦੌਰਾ ਕਰਨ ਉਪਰੰਤ ਦਿੱਤੀ। ਉਨ੍ਹਾਂ ਨੇ ਸਵੀਪ ਗਤੀਵਿਧੀ ਤਹਿਤ ਚੋਣ ਕਮਿਸ਼ਨ ਭਾਰਤ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਬਾਰੇ ਸਹੁੰ ਫਾਰਮ ਤੇ ਵੀ ਹਸਤਾਖਰ ਕੀਤੇ। ਉਨ੍ਹਾਂ ਨੇ ਦੱਸਿਆ ਕਿ ਆਦਰਸ਼ ਚੋਣ ਜਾਬਤਾ ਲਾਗੂ ਹੋ ਚੁੱਕਾ ਹੈ, ਲੋਕ ਸਭਾ ਚੋਣਾ 2024 ਲਈ ਪ੍ਰਸ਼ਾਸ਼ਨ ਵੱਲੋਂ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ। ਵੋਟਰਾਂ ਨੂੰ ਵੱਧ ਤੋ ਵੱਧ ਵੋਟ ਦੀ ਵਰਤੋਂ ਕਰਨ ਲਈ ਪ੍ਰੇਰਿਤ ਕਰਨ ਵਾਸਤੇ ਅਜਿਹੇ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਸਵੀਪ ਗਤੀਵਿਧੀਆਂ ਨੂੰ ਹੋਰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ, ਇਸ ਪ੍ਰਕਿਰਿਆ ਨਾਲ ਵੋਟਰਾਂ ਵਿਚ ਉਤਸ਼ਾਹ ਪੈਦਾ ਹੋ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਵੱਧ ਤੋ ਵੱਧ ਵੋਟ ਪ੍ਰਤੀਸ਼ਤ ਵਧਾਉਣ, ਨਿਰਪੱਖ ਹੋ ਕੇ ਵੋਟ ਦੀ ਵਰਤੋਂ ਕਰਨ, ਭੈਅ, ਡਰ ਲਾਲਚ ਤੋ ਮੁਕਤ ਹੋ ਕੇ ਵੋਟ ਪਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ, ਚੋਣ ਕਮਿਸ਼ਨ ਦੀਆਂ ਹਦਾਇਤਾ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਲੋਕ ਸਭਾ ਚੋਣਾ 2024 ਲਈ ਪ੍ਰੋਗਰਾਮ ਉਲੀਕਿਆ ਗਿਆ ਹੈ, ਹਰ ਕਿਸੇ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ, ਇਸ ਨਾਲ ਸਾਡੇ ਦੇਸ਼ ਦਾ ਲੋਕਤੰਤਰਿਕ ਢਾਚਾ ਹੋਰ ਮਜਬੂਤ ਹੋਵੇਗਾ। ਵਿਦਿਆਰਥੀਆਂ ਵੱਲੋਂ ਲੋਕ ਸਭਾ ਚੋਣਾ 2024 ਦੀ ਮਾਰਕਿੰਗ ਕਰਕੇ ਸ਼ਾਨਦਾਰ ਏਰੀਅਲ ਸ਼ੋਅ ਬਣਾਇਆ ਗਿਆ।

ਜਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਹੋਲਾ ਮਹੱਲਾ ਦੌਰਾਨ ਸੈਰ ਸਪਾਟਾਂ ਵਿਭਾਗ ਵੱਲੋ ਜਿਲ੍ਹਾ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਪਹਿਲੀ ਵਾਰ ਐਡਵੈਂਚਰ ਸਪੋਰਟਸ ਕਰਵਾਏ ਜਾ ਰਹੇ ਹਨ। ਹਾਟ ਏਅਰ ਬੈਲੂਨ ਉਤੇ ਵੀ ਸਵੀਪ ਤਹਿਤ ਲੋਕ ਸਭਾ ਚੋਣਾ 2024 ਨੂੰ ਦਰਸਾਇਆ ਗਿਆ ਹੈ। ਨਿਹੰਗ ਓਲੰਪਿਕਸ ਦੌਰਾਨ ਵੋਟਰਾ ਨੂੰ ਸਵੀਪ ਤਹਿਤ ਵੋਟ ਦੀ ਵਰਤੋਂ ਕਰਨ ਦੀ ਸਹੁੰ ਚੁਕਾਈ ਗਈ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸੀਨੀਅਰ ਪੁਲਿਸ ਕਪਤਾਨ ਗੁਲਨੀਤ ਸਿੰਘ ਖੁਰਾਨਾ, ਵਧੀਕ ਡਿਪਟੀ ਕਮਿਸ਼ਨਰ (ਜ) ਪੂਜਾ ਸਿਆਲ ਗਰੇਵਾਲ, ਅਜੇ ਸਿੰਘ ਡੀ.ਐਸ.ਪੀ, ਨਿਗਰਾਨ ਇੰ.ਸੈਰ ਸਪਾਟਾ ਬੀ.ਐਸ.ਚਾਨਾ, ਐਸ.ਡੀ.ਐਮ ਸੁਖਪਾਲ ਸਿੰਘ, ਐਸ.ਡੀ.ਐਮ ਅਨਮਜੋਤ ਕੌਰ, ਐਸ.ਡੀ.ਐਮ ਅਮਰੀਕ ਸਿੰਘ ਤੇ ਵੱਖ ਵੱਖ ਵਿਭਾਗਾ ਦੇ ਅਧਿਕਾਰੀ ਵੀ ਹਾਜ਼ਰ ਸਨ।

# ਸ਼ਹੀਦਾਂ ਨੂੰ ਸਮਰਪਿਤ ਸਾਈਕਲ ਰੈਲੀ ਕੱਢੀ


ਸਾਈਕਲ ਰੈਲੀ 'ਚ ਸ਼ਿਰਕਤ ਕਰਦੇ ਹੋਏ ਵਾਈਸ ਚਾਂਸਲਰ ਪ੍ਰੋ. ਅਰਵਿੰਦ ਅਤੇ ਹੋਰ

**ਪਟਿਆਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬੀ ਯੂਨੀਵਰਸਿਟੀ ਵਿੱਚ ਵਾਈਸ ਚਾਂਸਲਰ ਪ੍ਰੋ. ਅਰਵਿੰਦ ਦੀ ਅਗਵਾਈ ਵਿੱਚ ਅੱਜ ਸਾਈਕਲ ਰੈਲੀ ਕੱਢੀ ਗਈ। ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ ਆਜ਼ਾਦੀ ਘੁਲਾਟੀਏ ਤਾਰਾ ਸਿੰਘ ਨੇ ਰੈਲੀ ਨੂੰ ਝੰਡੀ ਦੇ ਕੇ ਰਵਾਨਾ ਕੀਤਾ, ਜੋ ਸ਼ਹੀਦ ਭਗਤ ਸਿੰਘ ਹੋਸਟਲ ਤੋਂ ਸ਼ੁਰੂ ਹੋ ਕੇ ਵੀਸੀ ਦਫ਼ਤਰ ਤੱਕ ਪੁੱਜੀ। ਇਸ ਦਾ ਪ੍ਰਬੰਧ ਐੱਨ.ਐੱਸ.ਐੱਸ. ਵਿਭਾਗ ਵੱਲੋਂ ਕੀਤਾ ਗਿਆ।

ਸ਼ੰਭੂ ਕਲਾਂ ਦੇ ਰਹਿਣ ਵਾਲੇ ਤਾਰਾ ਸਿੰਘ ਆਪਣੇ ਪੁੱਤਰ ਕਿੱਕਰ ਸਿੰਘ ਨਾਲ ਇਸ ਰੈਲੀ ਵਿੱਚ ਸ਼ਾਮਿਲ ਹੋਏ। ਯੂਨੀਵਰਸਿਟੀ ਮਾਡਲ ਸਕੂਲ ਦੇ ਬੱਚਿਆਂ ਨੇ ਵੀ ਲੈਕਚਰਾਰ ਸਤਵੀਰ ਗਿੱਲ ਦੀ ਅਗਵਾਈ ਵਿੱਚ ਭਾਗ ਲਿਆ।

ਰੈਲੀ ਦੀ ਸ਼ੁਰੂਆਤ ਮੌਕੇ ਪ੍ਰੋ. ਅਰਵਿੰਦ ਨੇ ਵਧੀਆ ਸਮਾਜ ਦੀ ਸਿਰਜਣਾ ਕਰਨ ਵਾਲੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਵਿਚਾਰਾਂ 'ਤੇ ਚੱਲਣ ਦੀ ਵਿਦਿਆਰਥੀਆਂ ਨੂੰ ਅਪੀਲ ਕੀਤੀ। ਐੱਨ.ਐੱਸ.ਐੱਸ. ਕੋਆਰਡੀਨੇਟਰ ਪ੍ਰੋ. ਮਮਤਾ ਸ਼ਰਮਾ ਨੇ ਆਜ਼ਾਦੀ ਘੁਲਾਟੀਏ ਤਾਰਾ ਸਿੰਘ ਬਾਰੇ ਦੱਸਿਆ ਕਿ ਕਿਵੇਂ ਉਨ੍ਹਾਂ ਨੇ ਜੈਤੋ ਦੇ ਮੋਰਚੇ ਵਿੱਚ ਸ਼ਿਰਕਤ ਕਰਦਿਆਂ ਨਾਭਾ 'ਚ ਜੇਲ੍ਹ ਕੱਟੀ।

# 'ਆਪ' ਉਮੀਦਵਾਰ ਡਾ. ਬਲਵੀਰ ਸਿੰਘ ਦੇ ਹੱਕ ਵਿੱਚ ਚੋਣ ਰੈਲੀ


ਭੁੱਨਰਹੇੜੀ ਵਿੱਚ ਆਪ ਵਰਕਰਾਂ ਦੀ ਇਕੱਤਰਤਾ ਦੀ ਝਲਕ।

**ਸਨੌਰ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਤੋਂ 'ਆਪ' ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਵੱਲੋਂ ਕਸਬਾ ਭੁਨਰਹੇੜੀ 'ਚ ਪਟਿਆਲਾ ਤੋਂ 'ਆਪ' ਉਮੀਦਵਾਰ ਡਾ. ਬਲਬੀਰ ਸਿੰਘ ਦੇ ਹੱਕ ਵਿੱਚ ਅੱਜ ਹਲਕੇ ਵਿਚਲੀ ਪਲੇਠੀ ਚੋਣ ਰੈਲੀ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ ਪਰ ਲੰਘੀ ਸ਼ਾਮ ਨੂੰ ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਹੋਈ ਗ੍ਰਿਫਤਾਰੀ ਦੀ ਘਟਨਾ ਨੇ ਸਮੀਕਰਨ ਬਦਲ ਕੇ ਰੱਖ ਦਿੱਤੇ। ਇਸ ਦੇ ਚੱਲਦਿਆਂ ਉਲੀਕੀ ਗਈ ਚੋਣ ਰੈਲੀ ਰੋਸ ਰੈਲੀ ਹੋ ਨਿੱਬੜੀ।

ਇਸ ਕੜੀ ਵਜੋਂ ਵਿਧਾਇਕ ਹਰਮੀਤ ਪਠਾਣਮਾਜਰਾ ਦੀ ਅਗਵਾਈ ਹੇਠ ਅੱਜ ਪੰਜੇਟਾ ਪੈਲੇਸ ਭੁੱਨਰਹੇੜੀ ਵਿੱਚ ਇਕੱਤਰ ਹੋਏ 'ਆਪ' ਵਰਕਰਾਂ ਨੇ ਕੇਜਰੀਵਾਲ ਦੀ ਗ੍ਰਿਫਤਾਰੀ ਨੂੰ ਲੈ ਕੇ ਈਡੀ ਅਤੇ ਖਾਸ ਕਰਕੇ ਕੇਂਦਰ ਦੀ ਮੋਦੀ ਸਰਕਾਰ ਖਿਲਾਫ਼ ਪ੍ਰਦਸ਼ਨ ਕੀਤਾ। ਇਸ ਮੌਕੇ 'ਤੇ ਵਰਕਰਾਂ ਨੇ ਕੇਂਦਰ ਦੇ ਖਿਲਾਫ਼ ਨਾਅਰੇ ਵੀ ਲਾਏ। ਤਰਕ ਸੀ ਕਿ ਚੋਣਾਂ 'ਚ ਭਾਜਪਾ ਦੀ ਪਤਲੀ ਹਾਲਤ ਨੂੰ ਭਾਂਪਦਿਆਂ ਕੇਂਦਰ ਸਰਕਾਰ ਵੱਲੋਂ ਸਰਕਾਰੀ ਸ਼ਕਤੀਆਂ ਦੀ ਵਰਤੋਂ ਆਪਣੇ ਵਿਰੋਧੀਆਂ ਲਈ ਕੀਤੀ ਜਾ ਰਹੀ ਹੈ। ਕੇਜਰੀਵਾਲ ਦੀ ਗ੍ਰਿਫਤਾਰੀ ਨੂੰ ਵੀ ਉਨ੍ਹਾਂ ਨੇ ਇਸੇ ਹੀ ਕੜੀ ਦਾ ਹਿੱਸਾ ਦੱਸਿਆ। ਇਸ ਮੌਕੇ ਵਿਧਾਇਕ ਹਰਮੀਤ ਪਠਾਨਮਾਜਰਾ ਤੇ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਇਸ਼ਿਵੰਦਰ ਕੌਰ ਧੰਜੂ ਸਮੇਤ ਚੇਅਰਮੈਨ ਗੁਰਮੀਤ ਬਿੱਟੂ, ਸਨੌਰ ਦੇ ਹਲਕਾ ਪ੍ਰਧਾਨ ਅਮਰ ਸੰਘੇੜਾ, ਰਾਜਾ ਧੰਜੂ ਦੇਵੀਗੜ੍ਹ, ਬਲਦੇਵ ਦੇਵੀਗੜ੍ਹ, ਸਿਮਰਦੀਪ ਸਿੰਘ ਸੋਹਲ, ਅਮਨ ਪਠਾਨਮਾਜਰਾ, ਗੁਰਪ੍ਰੀਤ ਗੁਰੀ ਪੀਏ, ਪ੍ਰਦੀਪ ਢਿੱਲੋਂ, ਬਲਜਿੰਦਰ ਨੰਦਗੜ੍ਹ, ਜੱਸੀ ਹਸਨਪੁਰ, ਅਮਨ ਢੋਟ, ਸਾਜਨ ਢਿੱਲੋਂ, ਹੈਪੀ ਅਮ੍ਰਿਤਸਰੀਆ, ਹੈਰੀ ਤਾਸਜਲਪੁ , ਗੁਰਪ੍ਰੀਤ ਚੱਠਾ, ਕਰਨੈਲ ਪੰਜੇਟਾ, ਸਿਮਰਦੀਪ ਬਰਕਤਪੁਰ, ਜਮਨਾ ਰਾਏਪੁਰ, ਜੀਤੂ ਹਸਨਪੁਰ, ਹੈਪੀ ਪਹਾੜੀਪੁਰ, ਪੰਜਾਬ ਚੂੰਹਟ , ਵਿਰਕ ਸਰਪੰਚ ਤੇ ਹੋਰਾਂ ਨੇ ਵੀ ਸ਼ਿਰਕਤ ਕੀਤੀ।

# ਭਾਜਪਾ ਉਮੀਦਵਾਰ ਨੂੰ ਹਲਕਾ ਡੇਰਾਬੱਸੀ ਤੋਂ ਭਾਰੀ ਬਹੁਮਤ ਨਾਲ ਜਿੱਤਾ ਕੇ ਭੇਜਾਂਗੇ: ਸੰਜੀਵ ਖੰਨਾ



**ਡੇਰਾ ਬਸੀ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾਬੱਸੀ ਵਿਖੇ ਹਲਕਾ ਡੇਰਾਬੱਸੀ ਤੇ ਭਾਜਪਾ ਮੰਡਲਾਂ ਦੇ ਅਹੁਦੇਦਾਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਭਾਰਤੀ ਜਨਤਾ ਪਾਰਟੀ ਦੀ ਰਾਸ਼ਟਰੀਆ ਕਾਰਜ ਕਾਰਨੀ ਦੇ ਐਗਜੀਕਿਊਟਿਵ ਮੈਂਬਰ ਹਰਜੀਤ ਸਿੰਘ ਗਰੇਵਾਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਮੰਡਲ ਪ੍ਰਧਾਨ ਵੱਲੋਂ ਕੀਤੇ ਗਏ ਕੰਮਾਂ ਦੀ ਸਮੀਖਿਆ ਕੀਤੀ ਗਈ। ਹਲਕਾ ਡੇਰਾਬੱਸੀ ਦੇ ਮੰਡਲਾਂ ਵੱਲੋਂ ਕੀਤੇ ਗਏ ਕਾਰਜਾਂ ਦੀ ਸਮੀਖਿਆ ਕਰਨ ਤੋਂ ਬਾਅਦ ਤਸੱਲੀ ਪ੍ਰਗਟਾਉਂਦਿਆਂ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਪਾਰਟੀ ਦੀ ਮਜਬੂਤੀ ਲਈ ਸਮੁੱਚੀ ਟੀਮ ਵੱਲੋਂ ਵਧੀਆ ਕਾਰਗੁਜ਼ਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਮੰਡਲਾਂ ਦੇ ਅਹੁਦੇਦਾਰਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਮਿਹਨਤੀ ਵਰਕਰ ਪਾਰਟੀ ਦੀ ਰੀੜ ਦੀ ਹੱਡੀ ਹੁੰਦੇ ਹਨ। ਹਲਕਾ ਡੇਰਾਬੱਸੀ ਦੇ ਮੰਡਲ ਅਹੁਦੇਦਾਰਾਂ ਨੇ ਆਪਣੀ ਕਾਰਗੁਜ਼ਾਰੀ ਦਿਖਾ ਕੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਇੱਕ ਯੋਗ ਲੀਡਰ ਦੀ ਅਗਵਾਈ ਹੇਠ ਪਾਰਟੀ ਦੀ ਮਜਬੂਤੀ ਲਈ ਕੰਮ ਕਰ ਰਹੇ ਹਨ। ਜਿਸ ਲਈ ਹਲਕਾ ਇੰਚਾਰਜ ਸੰਜੀਵ ਖੰਨਾ ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵਰਕਰਾਂ ਦੀ ਮਿਹਨਤ ਤੋਂ ਸਪੱਸ਼ਟ ਨਜ਼ਰ ਆ ਰਿਹਾ ਹੈ ਕਿ ਲੋਕਸਭਾ ਪਟਿਆਲਾ ਤੋਂ ਭਾਜਪਾ ਉਮੀਦਵਾਰ ਦੀ ਜਿੱਤ ਵਿਧਾਨਸਭਾ ਹਲਕਾ ਡੇਰਾਬੱਸੀ ਵਿਚ ਯਕੀਨੀ ਹੈ। ਇਸ ਮੌਕੇ ਹਲਕਾ ਡੇਰਾ ਬੱਸੀ ਦੇ ਇੰਚਾਰਜ ਅਤੇ ਸੂਬਾ ਸਕੱਤਰ ਸੰਜੀਵ ਖੰਨਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਜਲਦ ਹੀ ਮੰਡਲਾਂ ਦੀ ਬੂਥ ਕਮੇਟੀਆਂ ਦੀ ਮੀਟਿੰਗ ਕੀਤੀ ਜਾਵੇਗੀ ਤਾਂ ਕਿ ਲੋਕਸਭਾ ਚੋਣਾਂ ਸਬੰਧੀ ਹਰ ਇੱਕ ਵਰਕਰ ਨੂੰ ਜਿੰਮੇਵਾਰੀ ਦਿੱਤੀ ਜਾ ਸਕੇ। ਉਨ੍ਹਾਂ ਇਹ ਵੀ ਭਰੋਸਾ ਦਿਵਾਇਆ ਕਿ ਹਲਕਾ ਡੇਰਾ ਬੱਸੀ ਤੋਂ ਭਾਜਪਾ ਦੀ ਉਮੀਦਵਾਰ ਨੂੰ ਭਾਰੀ ਬਹੁਮਤ ਨਾਲ ਜਿੱਤਾ ਕੇ ਭੇਜਾਂਗੇ। ਇਸ ਮੰਤਵ ਲਈ ਹਲਕਾ ਡੇਰਾ ਬੱਸੀ ਤੇ ਦੇ ਸਾਰੇ ਹੀ ਭਾਜਪਾ ਵਰਕਰ ਪੂਰੇ ਉਤਸਾਹ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕ ਇਸ ਵਾਰ ਲੋਕਸਭਾ ਚੋਣਾਂ ਵਿੱਚ ਵੀ ਕਾਫੀ ਦਿਲਚਸਪੀ ਦਿਖਾ ਰਹੇ ਹਨ। ਜਿਸ ਤੋਂ ਸਾਫ ਜਾਹਿਰ ਹੁੰਦਾ ਹੈ ਕਿ ਭਾਰਤ ਦੇ ਵਸਨੀਕ ਇੱਕ ਵਾਰ ਫੇਰ ਤੋਂ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਵਜੋਂ ਦੇਖਣਾ ਚਾਹੁੰਦੇ ਹਨ। ਇਸ ਮੌਕੇ ਹਲਕਾ ਡੇਰਾ ਬੱਸੀ ਦੇ ਪ੍ਰਭਾਰੀ ਸੁਰਿੰਦਰ ਸਿੰਘ ਘੁੰਮਣ, ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਮੋਹਾਲੀ ਦੇ ਪ੍ਰਧਾਨ ਸੰਜੀਵ ਵਸ਼ਿਸ਼ਟ, ਪ੍ਰਦੀਪ ਸ਼ਰਮਾ ਜ਼ੀਰਕਪੁਰ ਮੰਡਲ ਪ੍ਰਧਾਨ, ਨਵੀਨ ਸਾਂਗਵਾਨ, ਸੁਰੇਸ਼ ਖਟਕੜ, ਸੁਖਦੇਵ ਰਾਣਾ, ਅਮਨ ਰਾਣਾ, ਜਗਜੀਵਨ ਮਹਿਤਾ, ਗੁਰਮੀਤ ਸਿੰਘ ਟਿਵਾਣਾ, ਭਾਜਪਾ ਆਗੂ ਸੁਸੀਲ ਰਾਣਾ, ਭਾਜਪਾ ਆਗੂ ਮੁਕੇਸ਼ ਗਾਂਧੀ ਤੋਂ ਇਲਾਵਾ ਸਮੂਹ ਮੰਡਲਾਂ ਅਤੇ ਜ਼ਿਲ੍ਹੇ ਦੇ ਅਹੁਦੇਦਾਰ ਮੌਜੂਦ ਸਨ।

# ਟਕਸਾਲੀ ਕਾਂਗਰਸੀ ਪਰਿਵਾਰ 'ਆਪ' ਵਿੱਚ ਸ਼ਾਮਲ


'ਆਪ' ਵਿੱਚ ਸ਼ਾਮਲ ਹੋਏ ਪਰਿਵਾਰਾਂ ਨੂੰ ਸਨਮਾਨਦੇ ਹੋਏ ਵਿਧਾਇਕ ਨੀਨਾ ਮਿੱਤਲ

**ਰਾਜਪੁਰਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਵਾਰਡ ਨੰਬਰ 16 ਤੋਂ ਟਕਸਾਲੀ ਕਾਂਗਰਸੀ ਪਰਿਵਾਰਾਂ ਨੇ ਵਿਧਾਇਕ ਦੇ ਕੋਆਰਡੀਨੇਟਰ ਦਵਿੰਦਰ ਸਿੰਘ ਕੱਕੜ ਦੀ ਪ੍ਰੇਰਨਾ ਸਦਕਾ ਕਾਂਗਰਸ ਪਾਰਟੀ ਦਾ 'ਹੱਥ' ਛੱਡ ਕੇ ਝਾੜੂ ਫੜ ਲਿਆ ਹੈ।

ਇਸ ਮੌਕੇ ਹਲਕਾ ਰਾਜਪੁਰਾ ਵਿਧਾਇਕ ਨੀਨਾ ਮਿੱਤਲ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਅਤੇ ਕਾਂਗਰਸੀ ਟਕਸਾਲੀ ਪਰਿਵਾਰ ਨੂੰ ਪਾਰਟੀ ਚਿੰਨ੍ਹ ਨਾਲ ਸਨਮਾਨਿਤ ਕੀਤਾ।

ਸ਼ਾਮਲ ਹੋਣ ਵਾਲੇ ਵਰਕਰਾਂ ਨੇ ਕਿਹਾ ਕਿ ਉਹ ਹਲਕਾ ਰਾਜਪੁਰਾ ਦੀ ਵਿਧਾਇਕ ਨੀਨਾ ਮਿੱਤਲ ਵੱਲੋਂ ਹਲਕੇ ਵਿਚ ਕਰਵਾਏ ਜਾ ਰਹੇ ਨਿਰਪੱਖ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ।

ਇਸ ਮੌਕੇ ਵਿਧਾਇਕ ਮਿੱਤਲ ਨੇ ਵਿਸ਼ਵਾਸ ਦਿਵਾਇਆ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਵਿਅਕਤੀ ਦਾ ਪੂਰਾ ਮਾਣ ਸਨਮਾਨ ਕੀਤਾ ਜਾਵੇਗਾ। 'ਆਪ' ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਪੰਡਿਤ ਸ਼ੁਭ ਕਰਨ, ਰੋਹਿਤ, ਕਿਰਨਾ ਦੇਵੀ, ਅੰਗਰੇਜ਼ ਸਿੰਘ ਗੇਜੀ, ਗੁਰਮੇਲ ਸਿੰਘ ਗੇਲਾ, ਕਾਕਾ ਸਿੰਘ, ਜੀਏ ਲਾਲ, ਡਿੰਪਲ, ਗੁਰਸੇਵਕ ਸਿੰਘ, ਗਗਨਜੀਤ ਸਿੰਘ ਆਦਿ ਸ਼ਾਮਲ ਸਨ।

# ਬਿਜੀ ਬੀ ਦੇ ਨੰਨ੍ਹੇ-ਮੁੰਨੇ ਬੱਚਿਆਂ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਕੀਤੀ ਸ਼ਰਧਾਂਜਲੀ ਭੇਟ ਕੀਤੀ



**ਸਾਹਨੇਵਾਲ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹੀਦੇ–ਏ–ਆਜ਼ਮ ਸ਼ਹੀਦ ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਬਿਜੀ ਬੀ ਲਰਨਿੰਗ ਸੈਂਟਰ ਮਾਡਲ ਟਾਊਨ ਸਾਹਨੇਵਾਲ ਵਿਖੇ ਸ਼ਹੀਦੀ ਦਿਹਾੜਾ ਮਨਾਇਆ ਗਿਆ।ਇਸ ਮੌਕੇ ਪ੍ਰਬੰਧਕੀ ਡਾਇਰੈਕਟਰ ਗੁਰਪ੍ਰੀਤ ਕੌਰ ਦੀ ਦੇਖਰੇਖ ਹੇਠ ਪਲੇਅ ਦੇ ਨੰਨ੍ਹੇ ਮੁੰਨੇ ਵੱਖ – ਵੱਖ ਬੱਚਿਆਂ ਵੱਲੋਂ ਸ਼ਹੀਦ ਭਗਤ ਸਿੰਘ ਦਾ ਰੂਪਧਾਰ ਸ਼ਹੀਦ ਭਗਤ ਸਿੰਘ ਜੀ ਦੇ ਜੀਵਨ ਨਾਲ ਸਬੰਧਤ ਨਾਟਕ ਪੇਸ਼ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਪਲੇਅ ਦੇ ਸਟਾਫ ਵੱਲੋਂ ਬੱਚਿਆਂ ਦੀ ਇਸ ਕਦਰ ਤਿਆਰੀ ਕਰਵਾਈ ਗਈ ਸੀ ਕਿ ਬੱਚਿਆਂ ਵੱਲੋਂ ਧਾਰੇ ਗਏ ਸ਼ਹੀਦ ਭਗਤ ਸਿੰਘ ਦਾ ਰੂਪ ਇੱਕ ਖਿੱਚ ਦਾ ਕੇਂਦਰ ਸਾਬਤ ਹੋਏ।ਇਸ ਮੌਕੇ ਪ੍ਰਬੰਧਕੀ ਡਾਇਰੈਕਟਰ ਗੁਰਪ੍ਰੀਤ ਕੌਰ ਨੇ ਬੱਚਿਆਂ ਨੂੰ ਦੱਸਿਆ ਕਿ ਜੇ ਅਸੀਂ ਅੱਜ ਆਜ਼ਾਦੀ ਦਾ ਸੁੱਖ ਮਾਣ ਰਹੇ ਹਾਂ ਤਾਂ ਇਹ ਸਭ ਕੁਝ ਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਆਜ਼ਾਦੀ ਦੀ ਲੜਾਈ ਵਿੱਚ ਹੋਏ ਉਨ੍ਹਾਂ ਸ਼ਹੀਦਾਂ ਦੀ ਦੇਣ ਹੈ।

ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਡੇ ਸੈਂਟਰ ਦਾ ਹਮੇਸ਼ਾ ਇਹ ਹੀ ਮਕਸਦ ਰਿਹਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਉਨ੍ਹਾਂ ਸ਼ਹੀਦਾਂ ਦੀ ਕੁਰਬਾਨੀਆਂ ਵਾਰੇ ਜਾਣੂ ਕਰਵਾਈ ਤਾਂ ਕਿ ਬੱਚਿਆਂ ਨੂੰ ਪਤਾ ਲੱਗ ਸਕੇ ਕਿ ਸਾਡਾ ਦੇਸ਼ ਸੂਰਬੀਰਾਂ ਅਤੇ ਯੋਧਿਆਂ ਦੀ ਧਰਤੀ ਦਾ ਦੇਸ਼ ਹੈ।ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਜਰਨੈਲ ਸਿੰਘ, ਪਰਮਜੀਤ ਕੌਰ ਆਦਿ ਹਾਜ਼ਰ ਸਨ।

# ਪਿੰਡ ਨਬੀਪੁਰ 'ਚ ਦੂਜੇ ਕਬੱਡੀ ਕੱਪ ਮੌਕੇ ਉੱਘੇ ਸਮਾਜ ਸੇਵੀ ਐਮ.ਪੀ.ਜੱਸੜ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਲਗਵਾਈ



**ਖਰੜ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨ ਪਿੰਡ ਨਬੀਪੁਰ ਵਿਖੇ 2 ਕਬੱਡੀ ਕੱਪ ਯੂਵਕ ਸੇਵਾਵਾਂ ਕਲੱਬ (ਰਜਿ.)ਅਤੇ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਿੰਡ ਨਬੀਪੁਰ ਵੱਲੋਂ ਕਰਵਾਇਆ ਗਿਆ, ਜਿਸ ਮੌਕੇ ਉੱਘੇ ਸਮਾਜ ਸੇਵੀ ਐਮ.ਪੀ.ਜੱਸੜ ਵੱਲੋਂ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ ਤੇ ਆਪਣੀ ਪੂਰੀ ਟੀਮ ਨਾਲ ਹਾਜ਼ਰੀ ਲਗਵਾਈ ਗਈ ।ਜਿਸ ਮੌਕੇ ਜੀਵਨ ਸਰਪੰਚ ਨਬੀਪੁਰ ਅਤੇ ਸਾਰੇ ਕਲੱਬ ਮੈਂਬਰਾ ਵੱਲੋਂ ਪੂਰੇ ਜ਼ੋਰਾ ਨਾਲ ਸਮਾਜ ਸੇਵੀ ਜੱਸੜ ਜੀ ਦਾ ਨਿੱਘਾ ਸਵਾਗਤ ਕਿਤਾ ਗਿਆ ।ਇਸ ਮੌਕੇ ਸਮਾਜ ਸੇਵੀ ਜੱਸੜ ਵੱਲੋਂ ਜੀਵਨ ਸਰਪੰਚ ਨਬੀਪੁਰ, ਕੱਕਾ ਨੰਦਪੁਰ, ਮਨਦੀਪ ਐਂਕਰ ਨੰਦਪੁਰ ਅਤੇ ਸਾਰੇ ਕਲੱਬ ਵੱਲੋਂ ਭਰਵਾਂ ਮਾਣ ਸਤਿਕਾਰ ਦੇਣ ਤੇ ਦਿਲੋਂ ਧੰਨਵਾਦ ਕਿਤਾ ਅਤੇ ਨਾਲ ਹੀ ਉਹਨਾਂ ਵੱਲੋਂ ਸਮੂਹ ਨਗਰ ਖੇਡੇ, ਗ੍ਰਾਮ ਪੰਚਾਇਤ ਅਤੇ ਖੇਡ ਪ੍ਰੋਮੋਟਰਾਂ ਦੀ ਵੀ ਸ਼ਲਾਘਾ ਕੀਤੀ ਗਈ ਜ਼ਿਨਾਂ ਵੱਲੋਂ ਮਾਂ ਖੇਡ ਕਬੱਡੀ ਪੰਜਾਬ ਪੱਧਰ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਪੂਰੀਆਂ ਬੁਲੰਦੀਆਂ ਤੇ ਚੱਲ ਰਹੀ ਹੈ ।ਜੱਸੜ ਨੇ ਕਿਹਾ ਕਿ ਜੇਕਰ ਸਾਰੇ ਪੰਜਾਬ ਵਾਸੀ ਐਦਾਂ ਹੀ ਪੰਜਾਬ ਸੂਬੇ ਦੀਆਂ ਪੁਰਾਤਨ ਖੇਡਾਂ / ਵਿਰਸੇ ਨੂੰ ਮੁੜ ਸੁਰਜੀਤ ਕਰਣ ਵਿੱਚ ਜ਼ੋਰਾਂ ਸ਼ੋਰਾ ਤੇ ਲੱਗ ਜਾਣ ਤਾਂ ਪੰਜਾਬ ਦੀ ਨੌਜਵਾਨੀ ਨੂੰ ਵੱਧ ਰਹੇ ਨਸ਼ਿਆਂ ਤੋਂ ਬਚਾਇਆ ਜਾ ਸਕਦਾ ਹੈ ।ਜੱਸੜ ਨੇ ਇਹ ਵੀ ਕਿਹਾ ਕਿ ਜੇਕਰ ਪੰਜਾਬ ਭਰ ਦੇ ਸਾਰੇ ਸਮਾਜ ਸੇਵੀ, ਲੋਕਹਿੱਤ ਤੇ ਪੰਜਾਬ ਪ੍ਰੇਮੀ ਮਿੱਲ ਜਾਣ ਅਤੇ ਪੂਰੇ ਪੰਜਾਬ ਪੱਧਰ ਵਿੱਚ ਇਹ ਹੋਕਾ ਦੇਣ ਕਿ ਪੂਰੇ ਪੰਜਾਬ ਭਰ ਵਿੱਚ ਕੇਵਲ ਚੰਗੀ ਨੌਜਵਾਨ ਪੀੜ੍ਹੀ, ਚੰਗੇ ਕਿਰਦਾਰ ਵਾਲੇ ਸਕਸ਼ ਅਤੇ ਕੇਵਲ ਚੰਗੇ ਲੀਡਰਾਂ ਨੂੰ ਹੀ ਚੁਣਿਆਂ ਜਾਵੇ, ਤਾਂ ਪੰਜਾਬ ਸੂਬੇ ਦੀ ਤਰੱਕੀ ਕਿਤੇ ਦੂਰ ਨਹੀਂ ।ਇਸ ਮੌਕੇ ਉਹਨਾਂ ਨਾਲ ਗੁਰਿੰਦਰ ਗਰੇਵਾਲ ਮੱਲਕਪੁਰ, ਤੇਜਾ ਜਰਮਨ ਜੈਟ, ਪੰਕਜ ਨਿਆਮੀਆਂ, ਇੰਦਰ ਵਿਰਦੀ, ਲਾਡੀ ਲਾਂਡਰਾ, ਦੀਪ ਰੈਲਮਾਜਰਾ, ਲੇਫਟੀਨੈਂਟ ਜਗਦੀਸ਼ ਘੜੂੰਆਂ, ਗੁਰੀ ਬਲਾਚੌਰੀਆਂ, ਨਿਸ਼ਾਂਤ ਚੌਧਰੀ, ਗੁਰੀ ਬਠਿੰਡਾ ਆਦਿ ਹਾਜ਼ਰ ਸਨ ।ਇਸ ਮੌਕੇ ਚੇਅਰਮੈਨ ਕਮਲਜੀਤ ਸੈਣੀ ਇੰਚਾਰਜ ਹਲਕਾ ਖਰੜ, ਹੈਪੀ ਅਮਰੀਕ ਖਰੜ ਮੰਡਲ 1 ਪ੍ਰਧਾਨ ਵੀ ਹਾਜ਼ਰ ਸਨ ।

ਇਸ ਕਬੱਡੀ ਕੱਪ ਵਿੱਚ ਪੁਆਧ ਫੈਡਰੇਸ਼ਨ ਦੀਆਂ 8 ਟੀਮਾਂ ਨੇਂ ਭਾਗ ਲਿਆ, ਜਿਸ ਵਿੱਚ ਕਕਰਾਲੀ ਪਿੰਡ ਦੀ ਟੀਮ 31 ਹਜ਼ਾਰ ਰੁਪਏ ਦੇ ਇਨਾਮ ਨਾਲ ਪਹਿਲੇ ਸਥਾਨ ਅਤੇ ਸ਼ਕਰੁਲਾਂਪੁਰ ਦੀ ਟੀਮ ਵੱਲੋਂ 21 ਹਜ਼ਾਰ ਰੁਪਏ ਦਾ ਦੂਜਾ ਇਨਾਮ ਜਿੱਤਿਆ ਗਿਆ ।ਕਬੱਡੀ ਕੱਪ' ਚ ਇੱਕ ਪਿੰਡ ਓਪਨ ਤਿੰਨ ਖਿਡਾਰੀ ਬਾਹਰਲੇ ਦੀਆਂ 15 ਟੀਮਾਂ ਨੇਂ ਭਾਗ ਲਿਆ, ਜਿਸ ਵਿੱਚੋਂ ਬਨੂੜ ਦੀ ਟੀਮ ਨੇ 41 ਹਜ਼ਾਰ ਰੁਪਏ ਦਾ ਪਹਿਲਾਂ ਇਨਾਮ ਅਤੇ ਭੁੱਲਰ ਹਰਿਆਣਾ ਦੀ ਟੀਮ ਨੇ 31 ਹਾਜ਼ਰ ਰੁਪਏ ਦੀ ਰਾਸ਼ੀ ਨਾਲ ਦੂਜਾ ਇਨਾਮ ਹਾਸਿਲ ਕਿਤਾ ।ਬੈਸਟ ਰੇਡਰ ਵੀਜੇ ਭਾਦਸੋ ਅਤੇ ਬੈਸਟ ਜਾਫੀ ਜੋਗਾ ਕਾਲੇ ਬੋਲੇ ਆਲਾ ਰਹੇ ।

ਇਸ ਮੌਕੇ ਜੀਵਨ ਸਰਪੰਚ ਪਿੰਡ ਨਬੀਪੁਰ ਵੱਲੋਂ ਸਮੂਹ ਨਾਮ ਚੀਨ ਸਖ਼ਸ਼ੀਅਤਾਂ, ਸਮੂਹ ਨਗਰ ਪੰਚਾਇਤ, ਇਲਕਾ ਨਿਵਾਸੀਆਂ, ਸੱਜਣਾਂ ਮਿੱਤਰਾਂ ਅਤੇ ਖੇਡ ਪ੍ਰੋਮੋਟਰਾਂ ਦਾ ਨਿੱਘੀ ਹਾਜ਼ਰੀ ਅਤੇ ਦਿਲੋਂ ਸੁਪੋਰਟ ਕਰਣ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ਕੇਂਦਰ ਅਤੇ ਪੰਜਾਬ ਸਰਕਾਰ ਕਿਸਾਨਾਂ ਦੇ ਮਸਲੇ ਹੱਲ ਕਰੇ : ਮਾਤਾ ਬੀਰ ਕੌਰ



**ਸਮਾਣਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਵੱਲੋਂ ਪਿੰਡ ਢੈਂਠਲ ਵਿਖੇ ਔਰਤਾਂ ਦੀ ਇਕਾਈ ਦਾ ਗਠਨ ਕੀਤਾ ਗਿਆ। ਇਸ ਦੇ ਅਹੁਦੇਦਾਰ ਪ੍ਰਧਾਨ ਮਾਤਾ ਵੀਰ ਕੌਰ,ਮੀਤ ਪ੍ਰਧਾਨ ਹਰਪ੍ਰੀਤ ਕੌਰ,ਸਕੱਤਰ ਸੁਖਵਿੰਦਰ ਕੌਰ,ਜਨਰਲ ਸਕੱਤਰ ਹਰਪ੍ਰੀਤ ਕੌਰ,ਖਜਾਨਚੀ ਸਵਰਨ ਕੌਰ,ਪ੍ਰੈਸ ਇਕੱਤਰ ਜਸਮੀਤ ਕੌਰ ਆਦਿ 31 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਮੌਕੇ ਬਲਾਕ ਪ੍ਰਧਾਨ ਸਮਾਣਾ ਗੁਰਨਾਮ ਸਿੰਘ ਢੈਂਠਲ ਵੱਲੋਂ ਨਵੀਂ ਚੁਣੀ ਗਈ ਇਕਾਈ ਦਾ ਧੰਨਵਾਦ ਕੀਤਾ ਗਿਆ ਅਤੇ ਯੂਨੀਅਨ ਦੇ ਬੈਚ ਲਗਾ ਕੇ ਯੂਨੀਅਨ ਵਿੱਚ ਸ਼ਾਮਿਲ ਕੀਤਾ।ਜਿਸ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਨੇ ਹਾਜ਼ਰੀ ਭਰੀ ਅਤੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਨਾਲ ਮੋਢੇ ਨਾਲ ਮੋਢਾ ਲਾ ਕੇ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਲੜਨ ਦਾ ਪਰਨ ਕੀਤਾ।

ਇਸ ਮੌਕੇ ਨਵੇਂ ਬਣੀ ਪ੍ਰਧਾਨ ਮਾਤਾ ਬੀਰ ਕੌਰ ਨੇ ਸਖਤ ਸ਼ਬਦਾਂ ਵਿੱਚ ਕੇਂਦਰ ਅਤੇ ਪੰਜਾਬ ਦੀ ਸਰਕਾਰ ਨੂੰ ਆੜੇ ਹੱਥੀ ਲੈਂਦਿਆਂ ਆਖਿਆ ਕਿ ਜੇ ਉਹ ਕਿਸਾਨਾਂ ਦੇ ਮਸਲੇ ਹੱਲ ਨਹੀਂ ਕਰਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਉਹਨਾਂ ਨੂੰ ਹਾਰ ਦਾ ਮੂੰਹ ਦੇਖਣਾ ਪਵੇਗਾ।ਇਸ ਮੌਕੇ ਸੁਖਵਿੰਦਰ ਸਿੰਘ ਢੈਠਲ,ਕਸ਼ਮੀਰ ਸਿੰਘ ਢੈਠਲ,ਯਾਦਵਿੰਦਰ ਸਿੰਘ ਕੂਕਾ,ਬਖਸ਼ੀਸ਼ ਸਿੰਘ ਢੈਂਠਲ,ਸੁਖਜਿੰਦਰ ਸਿੰਘ ਕੁਲਾਰਾਂ ਪ੍ਰੈਸ ਸਕੱਤਰ ਅਤੇ ਕਿਸਾਨ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।

# ਈ.ਡੀ ਵੱਲੋਂ ਕੇਜਰੀਵਾਲ ਦੀ ਗ੍ਰਿਫਤਾਰੀ ਭਾਜਪਾ ਦੀ ਚੋਣ ਘਬਰਾਹਟ ਨੂੰ ਦਰਸਾਉਂਦੀ ਹੈ: ਰੰਧਾਵਾ



**ਜ਼ੀਰਕਪੁਰ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਸੁਪਰੀਮੋ ਕੇਜਰੀਵਾਲ ਦੀ ਈ.ਡੀ ਵੱਲੋਂ ਗ੍ਰਿਫ਼ਤਾਰੀ ਤੋਂ ਬਾਅਦ ਡੇਰਾਬੱਸੀ ਤੋਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕੇਂਦਰ ਵਿੱਚ ਸੱਤਾਧਾਰੀ ਭਾਜਪਾ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਅਸਲ ਵਿੱਚ ਡਰਿਆ ਹੋਇਆ ਤਾਨਾਸ਼ਾਹ ਨੇ ਈਡੀ, ਸੀਬੀਆਈ, ਇਨਕਮ ਟੈਕਸ ਵਿਭਾਗ ਰਾਹੀਂ ਦੇਸ਼ ਨੂੰ ਮਰਿਆ ਹੋਇਆ ਲੋਕਤੰਤਰ ਬਣਾਉਣਾ ਚਾਹੁੰਦਾ ਹੈ। ਸਾਰੀਆਂ ਸੰਸਥਾਵਾਂ 'ਤੇ ਕਬਜ਼ਾ ਕਰਨਾ, ਪਾਰਟੀਆਂ ਨੂੰ ਤੋੜਨਾ, ਕੰਪਨੀਆਂ ਤੋਂ ਪੈਸਾ ਕੱਢਣਾ, ਕਾਂਗਰਸ ਦਾ ਖਾਤਾ ਖਾਲੀ ਕਰਨਾ ਭਾਜਪਾ ਲਈ ਕਾਫੀ ਨਹੀਂ ਸੀ, ਹੁਣ ਚੁਣੇ ਹੋਏ ਮੁੱਖ ਮੰਤਰੀਆਂ ਦੀ ਗ੍ਰਿਫਤਾਰੀ ਵੀ ਆਮ ਗੱਲ ਬਣ ਗਈ ਹੈ। ਜਿਸ ਦਾ ਲੋਕ ਚੋਣਾਂ ਵਿੱਚ ਮੂੰਹ ਤੋੜਵਾਂ ਜਵਾਬ ਦੇਣਗੇ। ਕੁਲਜੀਤ ਰੰਧਾਵਾ ਨੇ ਨਿਖੇਦੀ ਕਰਦੇ ਹੋਏ ਕਿਹਾ ਕਿ ਵਿਰੋਧੀ ਧਿਰ ਨੂੰ ਨਿਸ਼ਾਨਾ ਬਣਾਉਣ ਲਈ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਦੀ ਸਖ਼ਤ ਨਿੰਦਾ ਕਰਦਾ ਹਾਂ, ਖਾਸ ਕਰਕੇ ਜਦੋਂ ਆਮ ਚੋਣਾਂ ਨੇੜੇ ਆ ਰਹੀਆਂ ਹਨ। ਇਹ ਗ੍ਰਿਫਤਾਰੀ ਦਰਸਾਉਂਦੀ ਹੈ ਕਿ ਭਾਜਪਾ ਸੱਤਾ ਲਈ ਕਿੰਨੇ ਹੇਠਲੇ ਪੱਧਰ ਤੇ ਸਕਦੀ ਹੈ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਗੈਰ-ਸੰਵਿਧਾਨਕ ਗ੍ਰਿਫਤਾਰੀ ਖਿਲਾਫ ਲੋਕ ਇਕਜੁੱਟ ਹਨ। ਕੁਲਜੀਤ ਰੰਧਾਵਾ ਨੇ ਕਿਹਾ ਕਿ ਹਰ ਰੋਜ਼ ਜਿੱਤ ਦਾ ਸ਼ੇਖੀ ਮਾਰਨ ਵਾਲੀ ਹੰਕਾਰੀ ਭਾਜਪਾ ਚੋਣਾਂ ਤੋਂ ਪਹਿਲਾਂ ਵਿਰੋਧੀ ਧਿਰ ਨੂੰ ਹਰ ਤਰ੍ਹਾਂ ਅਤੇ ਗੈਰ-ਕਾਨੂੰਨੀ ਤਰੀਕੇ ਨਾਲ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਰੰਧਾਵਾ ਨੇ ਕਿਹਾ ਕਿ ਭਾਜਪਾ ਜਾਣਦੀ ਹੈ ਕਿ ਉਹ ਮੁੜ ਸੱਤਾ 'ਚ ਨਹੀਂ ਆਉਣ ਵਾਲੀ, ਇਸੇ ਡਰ ਕਾਰਨ ਉਹ ਚੋਣਾਂ ਸਮੇਂ ਕਿਸੇ ਵੀ ਤਰੀਕੇ ਨਾਲ ਵਿਰੋਧੀ ਨੇਤਾਵਾਂ ਨੂੰ ਜਨਤਾ ਤੋਂ ਦੂਰ ਕਰਨਾ ਚਾਹੁੰਦੀ ਹੈ, ਗ੍ਰਿਫਤਾਰੀ ਤਾਂ ਸਿਰਫ ਇਕ ਬਹਾਨਾ ਹੈ। ਰੰਧਾਵਾ ਨੇ ਕਿਹਾ ਕਿ ਮੋਦੀ ਅਤੇ ਭਾਜਪਾ ਮੌਜੂਦਾ ਚੋਣਾਂ ਵਿੱਚ ਲੋਕਾਂ ਵੱਲੋਂ ਨਕਾਰੇ ਜਾਣ ਤੋਂ ਡਰੇ ਹੋਏ ਹਨ। ਸਾਰੇ ਵਿਰੋਧੀ ਨੇਤਾਵਾਂ ਜੋ ਦਲ ਬਦਲ ਕੇ ਭਾਜਪਾ ਵਿਚ ਸ਼ਾਮਲ ਕਰਵਾਏ ਜਾਂਦੇ ਹਨ ਜਿਨ੍ਹਾਂ ਨੂੰ ਸੁਰੱਖਿਆ ਦਿੱਤੀ ਜਾਂਦੀ ਹੈ। ਇਹ ਗ੍ਰਿਫਤਾਰੀਆਂ ਭਾਜਪਾ ਨੂੰ ਹਰਾਉਣ, ਜਮਹੂਰੀਅਤ ਅਤੇ ਭਾਰਤੀ ਸੰਵਿਧਾਨ ਦੀ ਰਾਖੀ ਕਰਨ ਅਤੇ ਇੱਕ ਨਵੀਂ ਲੋਕ ਕ੍ਰਾਂਤੀ ਨੂੰ ਜਨਮ ਦੇਣ ਲਈ ਲੋਕਾਂ ਦੀ ਇੱਛਾ ਨੂੰ ਮਜ਼ਬੂਤ ਕਰਨਗੀਆਂ।

# ਡਿਪਟੀ ਕਮਿਸ਼ਨਰ ਨੇ ਲੋਕ ਸਭਾ ਚੋਣਾਂ-2024 ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ

## ➢ ਸਰਕਾਰੀ ਇਮਾਰਤਾਂ ਤੋਂ ਸਿਆਸੀ ਇਸ਼ਤਿਹਾਰ ਪੂਰੀ ਤਰ੍ਹਾਂ ਹਟਾਉਣ ਸਬੰਧੀ ਸਰਟੀਫਿਕੇਟ ਜਮ੍ਹਾ ਕਰਨ ਤੋਂ ਇਲਾਵਾ ਚੋਣ ਜ਼ਾਬਤਾ ਸਖ਼ਤੀ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣਗੇ ਵਿਭਾਗਾਂ ਦੇ ਮੁਖੀ ➢ ਚੋਣ ਡਿਊਟੀ 'ਚ ਛੋਟ ਸਬੰਧੀ ਮਾਮਲਿਆਂ ਦੇ ਹੱਲ ਲਈ ਕਮੇਟੀ ਗਠਿਤ



ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ।

**ਜਲੰਧਰ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਲੋਕ ਸਭਾ ਹਲਕਾ (ਐਸ.ਸੀ.) ਲਈ ਲੋਕ ਸਭਾ ਚੋਣਾਂ-2024 ਨਿਰਵਿਘਨ ਅਤੇ ਸੁਚੱਜੇ ਢੰਗ ਨਾਲ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਡਾ. ਹਿਮਾਂਸ਼ੂ ਅਗਰਵਾਲ ਨੇ ਭਾਰਤ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚੋਣ ਜ਼ਾਬਤੇ ਨੂੰ ਇੰਨ-ਬਿੰਨ ਲਾਗੂ ਕਰਨ, ਸੀ-ਵਿਜਿਲ ਐਪ 'ਤੇ ਪ੍ਰਾਪਤ ਸ਼ਿਕਾਇਤਾਂ ਦਾ 100 ਮਿੰਟਾਂ ਵਿੱਚ ਨਿਪਟਾਰਾ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ।

ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਚੋਣ ਡਿਊਟੀ ਵਿੱਚ ਕਿਸੇ ਕਿਸਮ ਦੀ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਕਿਉਂਜੋ ਇਹ ਲੋਕਤੰਤਰ ਦਾ ਸਭ ਤੋਂ ਵੱਡਾ ਤਿਉਹਾਰ ਹੈ, ਜੋ ਪੂਰੇ ਉਤਸ਼ਾਹ ਨਾਲ ਮਨਾਇਆ ਜਾਣਾ ਚਾਹੀਦਾ ਹੈ।

ਉਨ੍ਹਾਂ ਨੇ ਚੋਣ ਡਿਊਟੀ ਵਿੱਚ ਛੋਟ ਸਬੰਧੀ ਮਾਮਲਿਆਂ ਦੇ ਹੱਲ ਲਈ ਇੱਕ ਕਮੇਟੀ ਦਾ ਵੀ ਗਠਨ ਕੀਤਾ, ਜਿਸ ਦੀ ਅਗਵਾਈ ਵਧੀਕ ਡਿਪਟੀ ਕਮਿਸ਼ਨਰ (ਜ) ਕਰਨਗੇ। ਕਮੇਟੀ ਵਿੱਚ ਸਿਵਲ ਸਰਜਨ/ਸੀਨੀਅਰ ਮੈਡੀਕਲ ਅਫ਼ਸਰ ਅਤੇ ਡੀ.ਈ.ਓ. (ਸੈਕੰਡਰੀ) ਵੀ ਸ਼ਾਮਲ ਹੋਣਗੇ।

ਉਨ੍ਹਾਂ ਕਿਹਾ ਕਿ ਚੋਣ ਡਿਊਟੀ ਵਿੱਚ ਕਿਸੇ ਵੀ ਕਿਸਮ ਦੀ ਛੋਟ ਦੀ ਸਿਫ਼ਾਰਸ਼ ਸਬੰਧਤ ਐਚ.ਓ.ਡੀ. ਵੱਲੋਂ ਜਾਇਜ਼ ਕਾਰਨ ਸਮੇਤ ਕਮੇਟੀ ਨੂੰ ਕੀਤੀ ਜਾਵੇਗੀ, ਜੋ ਤੱਥਾਂ ਦੀ ਪੜਤਾਲ ਕਰਕੇ ਅਰਜ਼ੀ ਦਾ ਫੈਸਲਾ ਕਰੇਗੀ।

ਉਨ੍ਹਾਂ ਨੇ ਸਪੱਸ਼ਟ ਕਿਹਾ ਕਿ ਕਿਸੇ ਵੀ ਕਿਸਮ ਦੀ ਛੋਟ ਸਬੰਧੀ ਦਾਅਵਾ ਜੇਕਰ ਝੂਠਾ ਪਾਇਆ ਗਿਆ ਤਾਂ ਸਖ਼ਤ ਕਰਵਾਈ ਤੋਂ ਇਲਾਵਾ ਐਚ.ਓ.ਡੀ. ਤੋਂ ਸਪੱਸ਼ਟੀਕਰਨ ਵੀ ਲਿਆ ਜਾਵੇਗਾ।

ਉਨ੍ਹਾਂ ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਆਪਣੇ ਦਫ਼ਤਰਾਂ ਅਤੇ ਅਧਿਕਾਰ ਖੇਤਰਾਂ ਤੋਂ ਸਿਆਸੀ ਇਸ਼ਤਿਹਾਰੀ ਬੋਰਡ, ਬੈਨਰ ਆਦਿ ਹਟਾਉਣ ਨੂੰ ਯਕੀਨੀ ਬਣਾਉਣ ਤੋਂ ਇਲਾਵਾ 27 ਮਾਰਚ ਸ਼ਾਮ ਤੱਕ ਇਸ ਸਬੰਧੀ ਸਰਟੀਫਿਕੇਟ ਜਮ੍ਹਾ ਕਰਵਾਉਣ ਲਈ ਵੀ ਕਿਹਾ। ਲਾਇਸੈਂਸੀ ਹਥਿਆਰ ਜਮ੍ਹਾ ਕਰਵਾਉਣ ਬਾਰੇ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਨ੍ਹਾਂ ਬਿਨੈਕਾਰਾਂ ਦੀ ਜਾਨ ਨੂੰ ਖ਼ਤਰਾ ਹੈ, ਉਨ੍ਹਾਂ ਨੂੰ ਕਿਸੇ ਵੀ ਕਿਸਮ ਦੀ ਛੋਟ ਦੇਣ ਲਈ ਜ਼ਿਲ੍ਹਾ ਪੱਧਰੀ ਕਮੇਟੀ ਵੱਲੋਂ ਵਿਚਾਰ ਅਤੇ ਜਾਂਚ ਕੀਤੀ ਜਾਵੇਗੀ। ਉਨ੍ਹਾਂ 4 ਜੂਨ ਨੂੰ ਵੋਟਾਂ ਦੀ ਗਿਣਤੀ ਲਈ ਗਿਣਤੀ ਕੇਂਦਰਾਂ ਦੀ ਤਿਆਰੀ ਦਾ ਵੀ ਜਾਇਜ਼ਾ ਲਿਆ।ਉਪਰੰਤ ਡਿਪਟੀ ਕਮਿਸ਼ਨਰ ਨੇ ਪੇਡ ਨਿਊਜ਼ ਆਦਿ 'ਤੇ ਨਜ਼ਰ ਰੱਖਣ ਲਈ ਸਥਾਪਤ ਮੀਡੀਆ ਸਰਟੀਫਿਕੇਸ਼ਨ ਅਤੇ ਮੋਨੀਟਰਿੰਗ ਸੈੱਲ, ਸ਼ਿਕਾਇਤ ਸੈੱਲ ਆਦਿ ਦਾ ਵੀ ਦੌਰਾ ਕੀਤਾ। ਮੀਟਿੰਗ ਵਿੱਚ ਨਗਰ ਨਿਗਮ ਕਮਿਸ਼ਨਰ ਗੌਤਮ ਜੈਨ, ਵਧੀਕ ਡਿਪਟੀ ਕਮਿਸ਼ਨਰ (ਜ) ਅਮਿਤ ਮਹਾਜਨ, ਵਧੀਕ ਕਮਿਸ਼ਨਰ ਅਮਰਜੀਤ ਸਿੰਘ ਬੈਂਸ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਲਖਵਿੰਦਰ ਸਿੰਘ ਅਤੇ ਸਮੂਹ ਐਸ.ਡੀ.ਐਮਜ਼ ਵੀ ਮੌਜੂਦ ਸਨ।

# ਬੀਮਾਰੀਆਂ ਅਤੇ ਲੂ ਤੋਂ ਬਚਣ ਲਈ ਗਰਮੀ ਦੇ ਮੌਸਮ 'ਚ ਜਾਣੋ ਕੀ ਖਾਈਏ ਅਤੇ ਕੀ ਨਾ

ਗਰਮੀ ਦੇ ਮੌਸਮ 'ਚ ਕੜਾਕੇ ਦੀ ਧੁੱਪ ਪੈਂਦੀ ਹੈ, ਜਿਸ ਨਾਲ ਲੋਕਾਂ ਦਾ ਘਰ ਤੋਂ ਬਾਹਰ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਗਰਮੀ 'ਚ ਜਿਵੇਂ-ਜਿਵੇਂ ਤੇਜ਼ ਧੁੱਪ ਤੇ ਗਰਮ ਹਵਾਵਾਂ ਚਲਦੀਆਂ ਹਨ, ਉਸੇ ਤਰ੍ਹਾਂ ਸਾਡਾ ਮਨ ਠੰਡੀਆਂ ਚੀਜ਼ਾਂ ਖਾਣ ਨੂੰ ਕਰਦਾ ਹੈ। ਬਦਲ ਰਹੇ ਮੌਸਮ ਦੇ ਹਿਸਾਬ ਨਾਲ ਸਬਜ਼ੀਆਂ ਖਾਣ 'ਤੇ ਸਿਹਤ ਚੰਗੀ ਅਤੇ ਤੰਦਰੁਸਤ ਰਹਿੰਦੀ ਹੈ। ਸਰਦੀਆਂ 'ਚ ਗਰਮ ਅਤੇ ਗਰਮੀਆਂ 'ਚ ਠੰਡੀ ਤਾਸੀਰ ਵਾਲੀਆਂ ਚੀਜ਼ਾਂ ਖਾਣੀਆਂ ਚੰਗੀਆਂ ਲੱਗਦੀਆਂ ਹਨ। ਪ੍ਰੋਟੀਨ ਅਤੇ ਕਾਰਬੋਹਾਈਡ੍ਰੇਟ ਨਾਲ ਭਰਪੂਰ ਸਬਜ਼ੀਆਂ ਸੁਆਦ ਤਾਂ ਬਣਦੀਆਂ ਹਨ ਪਰ ਇਹ ਗਰਮ ਹੁੰਦੀਆਂ ਹਨ, ਜੋ ਸਿਹਤ ਨੂੰ ਖ਼ਰਾਬ ਕਰਦੀਆਂ ਹਨ। ਇਸੇ ਲਈ ਅੱਜ ਅਸੀਂ ਤੁਹਾਨੂੰ ਗਰਮੀ ਦੇ ਮੌਸਮ 'ਚ ਕੀ ਖਾਣਾ ਅਤੇ ਕੀ ਨਹੀਂ ਖਾਣਾ ਚਾਹੀਦਾ, ਦੇ ਬਾਰੇ ਦੱਸਣ ਜਾ ਰਹੇ ਹਾਂ.....

ਗਰਮੀ ਦੇ ਮੌਸਮ 'ਚ ਖਾਓ ਇਹ ਚੀਜ਼ਾਂ

1. ਗੋਂਦ ਕਤੀਰਾ

ਗੋਂਦ ਕਤੀਰੇ ਦੀ ਤਾਸੀਰ ਠੰਡੀ ਹੁੰਦੀ ਹੈ। ਇਸ ਨੂੰ ਖਾਣ ਤੋਂ ਪਹਿਲਾਂ ਪਾਣੀ 'ਚ ਭਿਉਂਕੇ ਰੱਖਿਆ ਜਾਂਦਾ ਹੈ। ਗਰਮੀ ਦੇ ਮੌਸਮ 'ਚ ਇਸ ਦਾ ਸੇਵਨ ਕਰਨਾ ਫ਼ਾਇਦੇਮੰਦ ਹੁੰਦਾ ਹੈ। ਇਸ ਨੂੰ ਨਿੰਬੂ ਪਾਣੀ ਜਾਂ ਦੁੱਧ 'ਚ ਮਿਲਾ ਕੇ ਖਾਣਾ ਚਾਹੀਦਾ ਹੈ। ਇਸ ਨਾਲ ਸਰੀਰ 'ਚ ਪਈ ਗਰਮੀ ਖ਼ਤਮ ਹੁੰਦੀ ਹੈ। ਇਸ ਤੋਂ ਇਲਾਵਾ ਇਸ 'ਚ ਪ੍ਰੋਟੀਨ ਅਤੇ ਫ਼ਾਲਿਕ ਐਸਿਡ ਵਰਗੇ ਪੋਸ਼ਕ ਤੱਤ ਭਰਪੂਰ ਮਾਤਰਾ 'ਚ ਹੁੰਦੇ ਹਨ, ਜੋ ਸਰੀਰ ਦੀਆਂ ਕਈ ਸਮੱਸਿਆਵਾਂ ਨੂੰ ਖਤਮ ਕਰਦੇ ਹਨ।

2. ਘੀਆ ਕੱਦੂ

ਘੀਆ ਜ਼ਿਆਦਾਤਰ ਲੋਕਾਂ ਨੂੰ ਕਾਫ਼ੀ ਪਸੰਦ ਹੈ। ਇਸ 'ਚ ਬਹੁਤ ਸਾਰਾ ਪਾਣੀ ਹੁੰਦਾ ਹੈ ਤੇ ਇਹ ਖਾਣ 'ਚ ਮਿੱਠਾ ਹੁੰਦਾ ਹੈ। ਇਸ ਨੂੰ ਖਾਣ ਨਾਲ ਗਰਮੀ ਦੂਰ ਹੁੰਦੀ ਹੈ ਤੇ ਇਹ ਪੇਟ ਦੇ ਸਾਰੇ ਰੋਗ ਜਿਵੇਂ ਐਸੀਡਿਟੀ ਤੇ ਬਦਹਜ਼ਮੀ ਨੂੰ ਦੂਰ ਕਰਦਾ ਹੈ। ਇਸ 'ਚ ਸੋਡੀਅਮ ਹੁੰਦਾ ਹੈ।

3. ਕਰੇਲੇ

ਕਰੇਲਾ ਚਮੜੀ ਤੋਂ ਫ਼ੋੜੇ, ਫ਼ਿਨਸੀਆਂ, ਗੈਸ਼, ਫ਼ੰਗਲ ਇਨਫ਼ੈਕਸ਼ਨ ਤੇ ਦਾਗ ਪੈਦਾ ਹੋਣ ਤੋਂ ਰੋਕਦਾ ਹੈ। ਇਸ ਨਾਲ ਹਾਈ ਬਲੱਡ ਪ੍ਰੈਸ਼ਰ ਤੇ ਸ਼ੂਗਰ ਕੰਟਰੋਲ ਰਹਿੰਦੀ ਹੈ।

4. ਤੁਰਈ

ਇਹ ਸਬਜ਼ੀ ਖ਼ੂਨ ਸਾਫ਼ ਕਰਦੀ ਹੈ, ਬਲੱਡ ਸ਼ੂਗਰ ਨੂੰ ਕੰਟਰੋਲ ਕਰਦੀ ਹੈ ਤੇ ਪੇਟ ਲਈ ਬਹੁਤ ਚੰਗੀ ਮੰਨੀ ਜਾਂਦੀ ਹੈ।



5. ਖੀਰਾ

ਇਸ 'ਚ 96 ਫ਼ੀਸਦੀ ਪਾਣੀ ਪਾਇਆ ਜਾਂਦਾ ਹੈ, ਜਿਸ ਨਾਲ ਸਰੀਰ ਹਮੇਸ਼ਾ ਨਮ ਰਹਿੰਦਾ ਹੈ ਤੇ ਸਰੀਰ ਦਾ ਤਾਪਮਾਨ ਕੰਟਰੋਲ 'ਚ ਰਹਿੰਦਾ ਹੈ। ਖੀਰੇ 'ਚ ਬਹੁਤ ਸਾਰਾ ਪੋਟਾਸ਼ੀਅਮ, ਮੈਗਨੀਸ਼ੀਅਮ ਤੇ ਫ਼ਾਈਬਰ ਪਾਇਆ ਜਾਂਦਾ ਹੈ, ਜਿਸ ਨਾਲ ਬਲੱਡ ਪ੍ਰੈਸ਼ਰ ਹਮੇਸ਼ਾ ਕੰਟਰੋਲ ਰਹਿੰਦਾ ਹੈ। ਉਂਝ ਇਸ ਨੂੰ ਸਲਾਦ ਵਜੋਂ ਹੀ ਖਾਧਾ ਜਾ ਸਕਦਾ ਹੈ।

6. ਗੁਲਕੰਦ

ਗੁਲਾਬ ਦੀ ਪੱਤੀਆਂ ਤੋਂ ਬਣਿਆ ਗੁਲਕੰਦ ਸਿਹਤ ਲਈ ਫ਼ਾਇਦੇਮੰਦ ਹੁੰਦਾ ਹੈ। ਇਹ ਖਾਣ 'ਚ ਬਹੁਤ ਸੁਆਦ ਹੁੰਦਾ ਹੈ। ਇਸ ਦੀ ਰੋਜ਼ਾਨਾ ਵਰਤੋਂ ਕਰਨ ਨਾਲ ਗਰਮੀਆਂ 'ਚ ਹੋਣ ਵਾਲੀਆਂ ਪਰੇਸ਼ਾਨੀਆਂ ਤੋਂ ਬਚਿਆ ਜਾ ਸਕਦੈ। ਇਹ ਡਿਹਾਈਡ੍ਰੇਸ਼ਨ ਅਤੇ ਯੂਰਿਨ ਇਨਫ਼ੈਕਸ਼ਨ ਨੂੰ ਦੂਰ ਕਰਨ 'ਚ ਕਾਫ਼ੀ ਮਦਦਗਾਰ ਹੈ। ਗੁਲਾਬ ਦੀ ਪੰਖੁੜੀਆਂ ਦੀ ਵਰਤੋਂ ਚਾਹ ਬਣਾਉਣ ਵਿੱਚ ਵੀ ਕੀਤੀ ਜਾਂਦੀ ਹੈ। ਗੁਲਕੰਦ ਖਾਣ 'ਚ ਬਹੁਤ ਮਿੱਠੀ ਹੁੰਦੀ ਹੈ। ਇਸ ਲਈ ਇਹ ਸ਼ੂਗਰ ਦੇ ਰੋਗੀਆਂ ਨੂੰ ਨਹੀਂ ਖਾਣੀ ਚਾਹੀਦੀ। ਗੁਲਕੰਦ ਦੀ ਵਰਤੋਂ ਕਰਨ ਨਾਲ ਮਹਿਲਾਵਾਂ ਨੂੰ ਸਿਹਤ ਨਾਲ ਜੁੜੀਆਂ ਆਪਣੀਆਂ ਵੱਡੀਆਂ ਸਮੱਸਿਆਵਾਂ ਤੋਂ ਵੀ ਮੁਕਤੀ ਮਿਲ ਜਾਂਦੀ ਹੈ।

ਗਰਮੀ ਦੇ ਮੌਸਮ 'ਚ ਇਨ੍ਹਾਂ ਚੀਜ਼ਾਂ ਦੀ ਘੱਟ ਕਰੋ ਵਰਤੋਂ

1. ਪੱਤੇਦਾਰ ਸਬਜ਼ੀਆਂ

ਪਾਲਕ, ਮੇਥੀ ਆਦਿ ਪੱਤੇਦਾਰ ਸਬਜ਼ੀਆਂ ਸਿਹਤ ਲਈ ਚੰਗੀਆਂ ਹੁੰਦੀਆਂ ਹਨ ਪਰ ਗਰਮੀਆਂ 'ਚ ਇਨ੍ਹਾਂ ਦੀ ਜ਼ਿਆਦਾ ਵਰਤੋਂ ਕਰਨ ਨਾਲ ਸਰੀਰ ਦਾ ਤਾਪਮਾਨ ਵਧਣਾ ਸ਼ੁਰੂ ਹੋ ਜਾਂਦਾ ਹੈ। ਇਸ ਨਾਲ ਸਰੀਰ ਨੂੰ ਜ਼ਿਆਦਾ ਗਰਮੀ ਲੱਗਣੀ ਸ਼ੁਰੂ ਹੋ ਜਾਂਦੀ ਹੈ। ਇਸ ਮੌਸਮ 'ਚ ਸਰੀਰ ਦਾ ਤਾਪਮਾਨ ਪਹਿਲਾਂ ਨਾਲੋਂ ਵੀ ਵਧ ਜਾਂਦਾ ਹੈ। ਅਜਿਹੇ 'ਚ ਠੰਡਕ ਵਾਲੀਆਂ ਸਬਜ਼ੀਆਂ ਖਾਓ।

2. ਪਿਆਜ਼

ਤੜਕਾ ਲਗਾਉਣ ਲਈ ਪਿਆਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਸ਼ਾਇਦ ਹੀ ਕਈ ਸਬਜ਼ੀ ਹੋਵੇਗੀ ਜੋ ਪਿਆਜ਼ ਤੋਂ ਬਿਨਾ ਬਣਾਈ ਜਾਵੇ। ਇਸ ਮੌਸਮ 'ਚ ਇਸ ਦੀ ਵਰਤੋਂ ਕਰਨ ਨਾਲ ਹਾਰਮੋਨਸ ਸੰਤੁਲਨ ਵਿਗੜ ਜਾਂਦਾ ਹੈ। ਗਰਮੀ 'ਚ ਸਲਾਦ ਖਾ ਰਹੇ ਹੋ ਤਾਂ ਪਿਆਜ਼ ਦੀ ਥਾਂ @ਤੇ ਖੀਰਾ, ਤਰ, ਟਮਾਟਰ ਖਾਓ।

3. ਲਸਣ

ਲਸਣ ਦਾ ਤੜਕਾ ਸਬਜ਼ੀ ਦਾ ਫ਼ਲੇਵਰ ਬਦਲ ਦਿੰਦਾ ਹੈ। ਲਸਣ ਖਾਣਾ ਪਸੰਦ ਹੈ ਤਾਂ ਇਸ ਦੀ ਵਰਤੋਂ ਗਰਮੀ 'ਚ ਘੱਟ ਕਰ ਦਿਓ। ਇਸ ਨਾਲ ਹਾਰਮੋਨਸ ਅਸੰਤੁਲਿਤ ਹੋ ਸਕਦੇ ਹਨ।

4. ਅਦਰਕ

ਅਦਰਕ ਕੁਦਰਤੀ ਰੂਪ 'ਚ ਬਹੁਤ ਗਰਮ ਹੁੰਦਾ ਹੈ। ਗਰਮੀ ਦੇ ਮੌਸਮ 'ਚ ਇਸ ਦੀ ਜ਼ਿਆਦਾ ਵਰਤੋਂ ਕਰਨ ਨਾਲ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸੁਆਦ ਲਈ ਸਬਜ਼ੀ 'ਚ ਥੋੜ੍ਹਾ ਜਿਹਾ ਅਦਰਕ ਪਾਓ।

ਹੋ ਸਕਦੀਆਂ ਹਨ ਇਹ ਸਮੱਸਿਆਵਾਂ

ਸਬਜ਼ੀਆਂ ਸਿਹਤ ਦਾ ਖਜ਼ਾਨਾ ਹੁੰਦੀਆਂ ਹਨ। ਇਸ 'ਚ ਪੋਸ਼ਟਿਕ ਤੱਤ ਭਰਪੂਰ ਮਾਤਰਾ 'ਚ ਹੁੰਦੇ ਹਨ। ਪੂਰੀ ਤਰ੍ਹਾਂ ਨਾਲ ਇਸ ਦੀ ਵਰਤੋਂ ਬੰਦ ਨਾ ਕਰਕੇ ਘਟਾ ਦਿਓ। ਜ਼ਿਆਦਾ ਮਾਤਰਾ 'ਚ ਇਸ ਨੂੰ ਖਾਣ ਨਾਲ ਹਾਰਮੋਨਸ 'ਚ ਗੜਬੜੀ, ਮੁਹਾਸੇ, ਚਮੜੀ ਨਾਲ ਸਬੰਧਿਤ ਪਰੇਸ਼ਾਨੀਆਂ, ਬਵਾਸੀਰ ਅਤੇ ਪਾਚਨ ਸਬੰਧੀ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਗਰਮੀਆਂ 'ਚ 'ਠੰਡਾ ਪਾਣੀ' ਪੀਣ ਵਾਲੇ ਲੋਕ ਹੋ ਜਾਣ ਸਾਵਧਾਨ, ਹੋ ਸਕਦੀਆਂ ਨੇ ਇਹ ਬੀਮਾਰੀਆਂ



ਗਰਮੀਆਂ ਵਿੱਚ ਤੇਜ਼ ਧੁੱਪ ਅਤੇ ਪਸੀਨਾ ਆਉਣ ਕਰਕੇ ਵਾਰ-ਵਾਰ ਬਹੁਤ ਜ਼ਿਆਦਾ ਪਿਆਸ ਲੱਗਦੀ ਹੈ। ਪਿਆਸ ਨੂੰ ਬੁਝਾਉਣ ਲਈ ਬਹੁਤ ਸਾਰੇ ਲੋਕ ਜ਼ਿਆਦਾਤਰ ਠੰਡੇ ਪਾਣੀ ਦੀ ਵਰਤੋਂ ਕਰਦੇ ਹਨ। ਠੰਡਾ ਪਾਣੀ ਪੀਣ ਨਾਲ ਭਾਵੇਂ ਗਰਮੀ ਤੋਂ ਰਾਹਤ ਮਿਲ ਜਾਂਦੀ ਹੈ ਪਰ ਇਸ ਨਾਲ ਸਰੀਰ ਨੂੰ ਬਹੁਤ ਸਾਰੇ ਨੁਕਸਾਨ ਵੀ ਹੁੰਦੇ ਹਨ। ਇੱਕ ਦਮ ਠੰਡਾ ਪਾਣੀ ਪੀਣ ਨਾਲ ਭਾਰ ਵਧਣ ਦੇ ਨਾਲ-ਨਾਲ ਕਬਜ਼ ਜਿਹੀਆਂ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ। ਇਸੇ ਲਈ ਅੱਜ ਅਸੀਂ ਤੁਹਾਨੂੰ ਦੱਸਾਂਗੇ ਕਿ ਠੰਡਾ ਪਾਣੀ ਪੀਣ ਨਾਲ ਸਿਹਤ ਨੂੰ ਕਿਹੜੇ-ਕਿਹੜੇ ਨੁਕਸਾਨ ਹੁੰਦੇ ਹਨ।

ਵੱਧਦਾ ਹੈ ਭਾਰ

ਠੰਡਾ ਪਾਣੀ ਪੀਣ ਨਾਲ ਸਰੀਰ ਵਿੱਚ ਜਮ੍ਹਾਂ ਹੋਈ ਚਰਬੀ ਸਖ਼ਤ ਹੋ ਜਾਂਦੀ ਹੈ, ਜਿਸ ਨਾਲ ਫ਼ੈਟ ਰਿਲੀਜ਼ ਨਹੀਂ ਹੁੰਦਾ। ਇਸ ਵਜ੍ਹਾ ਕਰਕੇ ਭਾਰ ਘੱਟ ਹੋਣ ਦੀ ਥਾਂ ਵਧਣ ਲੱਗਦਾ ਹੈ। ਇਸ ਲਈ ਜ਼ਿਆਦਾ ਠੰਡਾ ਪਾਣੀ ਨਹੀਂ ਪੀਣਾ ਚਾਹੀਦਾ ਅਤੇ ਗੁਣਗੁਣਾ ਪਾਣੀ ਹੀ ਪੀਓ।

ਘੱਟ ਹੋ ਜਾਂਦੀ ਹੈ ਐਨਰਜੀ

ਜ਼ਿਆਦਾ ਠੰਡਾ ਪਾਣੀ ਪੀਣ ਨਾਲ ਮੈਟਾਬੋਲੀਜ਼ਮ ਘੱਟ ਹੋ ਜਾਂਦਾ ਹੈ, ਜਿਸ ਕਰਕੇ ਸਰੀਰ ਸੁਸਤ ਰਹਿੰਦਾ ਹੈ ਅਤੇ ਐਨਰਜੀ ਘੱਟ ਜਾਂਦੀ ਹੈ। ਇਸ ਲਈ ਜ਼ਿਆਦਾ ਤੋਂ ਜ਼ਿਆਦਾ ਕੋਸ਼ਿਸ਼ ਕਰੋ ਕਿ ਠੰਡੇ ਪਾਣੀ ਦੀ ਜਗ੍ਹਾ ਤਾਜ਼ਾ ਪਾਣੀ ਪੀਤਾ ਜਾਵੇ। ਇਸ ਦੀ ਜਗ੍ਹਾ ਨਾਰੀਅਲ ਪਾਣੀ ਦਾ ਵੀ ਸੇਵਨ ਕਰ ਸਕਦੇ ਹੋ।

ਕਬਜ਼ ਦੀ ਸ਼ਿਕਾਇਤ

ਠੰਡਾ ਪਾਣੀ ਢਿੱਡ ਵਿੱਚ ਪਹੁੰਚ ਕੇ ਮਲ ਨੂੰ ਕਠੋਰ ਬਣਾਉਂਦਾ ਹੈ, ਜਿਸ ਨਾਲ ਕਬਜ਼ ਦੀ ਸਮੱਸਿਆ ਹੋ ਜਾਂਦੀ ਹੈ। ਇਸ ਲਈ ਕਬਜ਼ ਦੀ ਸਮੱਸਿਆ ਹੋਣ 'ਤੇ ਕਦੇ ਵੀ ਠੰਡਾ ਪਾਣੀ ਨਾ ਪੀਓ।

ਖਾਣਾ ਪਚਾਉਣ ਵਿੱਚ ਦਿੱਕਤ

ਜ਼ਿਆਦਾ ਠੰਡਾ ਪਾਣੀ ਪੀਣ ਨਾਲ ਪਾਚਨ ਕਿਰਿਆ ਖ਼ਰਾਬ ਹੋ ਸਕਦੀ ਹੈ, ਕਿਉਂਕਿ ਕੋਲਡ ਟੈਂਪਰੇਚਰ ਢਿੱਡ ਨੂੰ ਟਾਈਟ ਕਰ ਦਿੰਦਾ ਹੈ। ਇਸ ਨਾਲ ਖਾਣਾ ਪਹੁੰਚਾਉਣ ਵਿੱਚ ਦਿੱਕਤ ਆਉਂਦੀ ਹੈ ਅਤੇ ਢਿੱਡ ਨਾਲ ਸਬੰਧਿਤ ਹੋਰ ਕਈ ਸਮੱਸਿਆਵਾਂ ਵੀ ਹੋ ਜਾਂਦੀਆਂ ਹਨ।

ਹਾਰਟ ਅਟੈਕ ਦਾ ਖ਼ਤਰਾ

ਠੰਡਾ ਪਾਣੀ ਪੀਣ ਨਾਲ ਗਰਦਨ ਦੇ ਪਿੱਛੇ ਮੌਜੂਦ ਇੱਕ ਨਸ ਪ੍ਰਭਾਵਿਤ ਹੁੰਦੀ ਹੈ, ਜੋ ਹਾਰਟ ਰੇਟ ਨੂੰ ਘੱਟ ਕਰ ਦਿੰਦੀ ਹੈ। ਇਸ ਨਾਲ ਹਾਰਟ ਅਟੈਕ ਦਾ ਖ਼ਤਰਾ ਵਧ ਜਾਂਦਾ ਹੈ।

ਡੀਹਾਈਡ੍ਰੇਸ਼ਨ

ਤੇਜ਼ ਧੁੱਪ ਵਿੱਚ ਜ਼ਿਆਦਾ ਠੰਡਾ ਪਾਣੀ ਚੰਗਾ ਲੱਗਦਾ ਹੈ ਪਰ 2-4 ਘੁੱਟ ਪੀਣ ਤੋਂ ਬਾਅਦ ਪਿਆਸ ਸ਼ਾਂਤ ਹੋ ਜਾਂਦੀ ਹੈ। ਇਸ ਨਾਲ ਸਰੀਰ ਨੂੰ ਭਰਪੂਰ ਮਾਤਰਾ ਵਿੱਚ ਪਾਣੀ ਨਹੀਂ ਮਿਲ ਪਾਉਂਦਾ, ਜਿਸ ਨਾਲ ਡੀਹਾਈਡ੍ਰੇਸ਼ਨ ਦਾ ਸ਼ਿਕਾਰ ਹੋ ਜਾਂਦੇ ਹੈ। ਇਸ ਲਈ ਸਾਧਾਰਨ ਪਾਣੀ ਪੀ ਕੇ ਹੀ ਆਪਣੀ ਪਿਆਸ ਬੁਝਾਓ, ਜਿਸ ਕਰਕੇ ਸਰੀਰ ਨੂੰ ਡੀਹਾਈਡ੍ਰੇਸ਼ਨ ਤੋਂ ਬਚਾਇਆ ਜਾ ਸਕਦਾ ਹੈ।

ਗਲੇ ਦੀ ਇਨਫ਼ੈਕਸ਼ਨ

ਠੰਡਾ ਪਾਣੀ ਪੀਣ ਨਾਲ ਗਲੇ ਦੀ ਇਨਫ਼ੈਕਸ਼ਨ ਦੀ ਸਮੱਸਿਆ ਵੀ ਹੋ ਸਕਦੀ ਹੈ। ਇਸ ਇਨਫ਼ੈਕਸ਼ਨ ਵਿੱਚ ਮਿਊਕਸ ਪ੍ਰੋਡਿਊਸ ਹੋਣ ਲੱਗਦੇ ਹਨ, ਜਿਸ ਕਰਕੇ ਗਲਾ ਖ਼ਰਾਬ ਹੋ ਜਾਂਦਾ ਹੈ। ਜ਼ਿਆਦਾ ਠੰਡਾ ਪਾਣੀ ਕਫ਼, ਬੁਖਾਰ ਅਤੇ ਸਰਦੀ-ਖਾਂਸੀ ਦਾ ਕਾਰਨ ਬਣ ਸਕਦਾ ਹੈ।

ਸਿਰ ਦਰਦ ਦੀ ਸਮੱਸਿਆ

ਠੰਡਾ ਪਾਣੀ ਦਿਮਾਗ ਵਿੱਚ ਮੌਜੂਦ ਕਰੋਨੀਅਲ ਨਸ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਕਰਕੇ ਸਿਰ ਦਰਦ ਹੋਣ ਲੱਗਦਾ ਹੈ। ਜ਼ਿਆਦਾਤਰ ਲੋਕਾਂ ਨੂੰ ਲੱਗਦਾ ਹੈ ਕਿ ਸਿਰ ਦਰਦ ਧੁੱਪ ਕਰਕੇ ਹੁੰਦਾ ਹੈ ਪਰ ਸਿਰ ਦਰਦ ਠੰਡਾ ਪਾਣੀ ਪੀਣ ਕਰਕੇ ਹੁੰਦਾ ਹੈ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਬੱਚਿਆਂ ਦੀ ਖ਼ੁਰਾਕ 'ਚ ਬ੍ਰੋਕਲੀ ਸਣੇ ਇਹ ਵਸਤੂਆਂ ਜ਼ਰੂਰ ਕਰੋ ਸ਼ਾਮਲ

ਵਧਦੀ ਉਮਰ ਦੇ ਨਾਲ ਬੱਚਿਆਂ ਦੇ ਖਾਣ-ਪੀਣ 'ਚ ਬਦਲਾਅ ਹੋਣਾ ਵੀ ਬਹੁਤ ਜ਼ਰੂਰੀ ਹੈ। ਆਮ ਤੌਰ @ਤੇ ਬੱਚੇ ਜਿਵੇਂ-ਜਿਵੇਂ ਵੱਡੇ ਹੁੰਦੇ ਜਾਂਦੇ ਹਨ ਉਨ੍ਹਾਂ ਦਾ ਖੇਡਣਾ ਅਤੇ ਸ਼ਰਾਰਤਾਂ ਵੀ ਵਧਦੀਆਂ ਜਾਂਦੀ ਹੈ। ਅਜਿਹੇ 'ਚ ਜੇਕਰ ਬੱਚਿਆਂ ਦੀ ਖ਼ੁਰਾਕ ਸਹੀ ਨਾ ਹੋਵੇ ਤਾਂ ਉਨ੍ਹਾਂ ਦੀ ਰੋਗ ਪ੍ਰਤੀਰੋਧੀ ਸਮਰੱਥਾ ਘੱਟ ਹੋ ਸਕਦੀ ਹੈ। ਅਜਿਹਾ ਹੋਣ @ਤੇ ਬੱਚਾ ਬੀਮਾਰ ਰਹਿਣ ਲੱਗਦਾ ਹੈ ਆਪਣੇ ਲਾਡਲੇ ਨੂੰ ਹੈਲਦੀ ਰੱਖਣ ਅਤੇ ਉਸ ਦੇ ਸਰੀਰਿਕ ਵਿਕਾਸ ਲਈ ਉਸ ਦੀ ਖ਼ੁਰਾਕ 'ਚ ਇਨ੍ਹਾਂ ਵਸਤੂਆਂ ਨੂੰ ਜ਼ਰੂਰ ਸ਼ਾਮਲ ਕਰੋ। ਆਓ ਜਾਣਦੇ ਹਾਂ ਕਿ ਉਹ ਕਿਹੜੇ ਆਹਾਰ ਹਨ ਜੋ ਬੱਚਿਆਂ ਦੀ ਖ਼ੁਰਾਕ 'ਚ ਜ਼ਰੂਰ ਸ਼ਾਮਲ ਹੋਣੇ ਚਾਹੀਦੇ ਹਨ।

ਬ੍ਰੋਕਲੀ

ਵਧਦੇ ਬੱਚਿਆਂ ਨੂੰ ਬ੍ਰੋਕਲੀ ਜ਼ਰੂਰ ਖਵਾਉਣੀ ਚਾਹੀਦੀ ਹੈ। ਇਸ 'ਚ ਵਿਟਾਮਿਨ-ਏ ਅਤੇ ਵਿਟਾਮਿਨ-ਸੀ ਹੁੰਦਾ ਹੈ ਜੋ ਇਮਿਊਨ ਸਿਸਟਮ ਨੂੰ ਵੀ ਮਜ਼ਬੂਤ ਕਰਦਾ ਹੈ। ਬੱਚਿਆਂ ਨੂੰ ਪਨੀਰ ਜਾਂ ਫ਼ਿਰ ਸੁਆਦੀ ਸੈਲਡ ਬਣਾ ਕੇ ਵੀ ਬ੍ਰੋਕਲੀ ਖਵਾਈ ਜਾ ਸਕਦੀ ਹੈ।

ਵਿਟਾਮਿਨ-ਡੀ ਵਾਲੇ ਆਹਾਰ

ਬੱਚਿਆਂ ਨੂੰ ਵਿਟਾਮਿਨ-ਡੀ ਨਾਲ ਭਰਪੂਰ ਖਾਣਾ ਖਵਾਉਣਾ ਬਹੁਤ ਜ਼ਰੂਰੀ ਹੈ। ਵਿਟਾਮਿਨ ਯੁਕਤ ਭੋਜਨ ਖਾਣ ਨਾਲ ਬੱਚਿਆਂ ਦੇ ਸਰੀਰ ਦੀਆਂ ਹੱਡੀਆਂ ਮਜ਼ਬੂਤ ਹੁੰਦੀਆਂ ਹਨ। ਬੱਚਿਆਂ ਦੇ ਸਰੀਰਿਕ ਵਿਕਾਸ ਲਈ ਵਿਟਾਮਿਨ-ਡੀ ਵਾਲਾ ਖਾਣਾ ਜ਼ਰੂਰ ਖਵਾਓ।



ਪ੍ਰੋਟੀਨ ਵਾਲੇ ਆਹਾਰ

ਬੱਚਿਆਂ ਦੀ ਖ਼ੁਰਾਕ 'ਚ ਦਾਲਾਂ, ਅੰਡੇ, ਮਾਸ ਉਤਪਾਦ, ਸੋਇਆ, ਮੱਛੀ ਅਤੇ ਪ੍ਰੋਟੀਨ ਵਾਲੀਆਂ ਵਸਤੂਆਂ ਜ਼ਰੂਰ ਸ਼ਾਮਲ ਕਰੋ। ਇਸ ਤਰ੍ਹਾਂ ਦਾ ਖਾਣਾ ਬੱਚਿਆਂ ਦਾ ਸਰੀਰਿਕ ਵਿਕਾਸ 'ਚ ਵਾਧਾ ਕਰੇਗਾ। ਬੱਚਿਆਂ ਨੂੰ ਬੀਮਾਰੀਆਂ ਤੋਂ ਦੂਰ ਅਤੇ ਸਿਹਤਮੰਦ ਰੱਖਣ ਲਈ ਉਸ ਦੇ ਖਾਣੇ 'ਚ ਸਾਰੇ ਪੋਸ਼ਕ ਤੱਤ ਹੋਣਾ ਬੇਹੱਦ ਜ਼ਰੂਰੀ ਹੈ।

ਖੱਟੇ ਫ਼ਲ ਜ਼ਰੂਰ ਖਵਾਓ

ਬੱਚਿਆਂ ਨੂੰ ਸੰਤਰਾ, ਮਸੰਮੀ, ਨਿੰਬੂ ਅਤੇ ਔਲੇ ਜ਼ਰੂਰ ਖਾਣ ਨੂੰ ਦਿਓ। ਇਸ 'ਚ ਵਿਟਾਮਿਨ ਸੀ ਦੀ ਭਰਪੂਰ ਮਾਤਰਾ ਹੁੰਦੀ ਹੈ ਜੋ ਰੋਗ ਪ੍ਰਤੀਰੋਧੀ ਸਮਰੱਥਾ ਵਧਾਉਣ ਦਾ ਕੰਮ ਕਰਦੀ ਹੈ। ਆਪਣੇ ਬੱਚਿਆਂ ਨੂੰ ਵਾਇਰਲ ਬੁਖ਼ਾਰ ਤੋਂ ਬਚਾਉਣ ਲਈ ਖੱਟੇ ਫ਼ਲ ਜ਼ਰੂਰ ਖਵਾਓ।

ਲਸਣ

ਲਸਣ ਖਾਣਾ ਸਰੀਰ ਲਈ ਬਹੁਤ ਹੀ ਫ਼ਾਇਦੇਮੰਦ ਹੁੰਦਾ ਹੈ। ਇਸ 'ਚ ਐਂਟੀ-ਆਕਸੀਡੈਂਟ ਅਤੇ ਐਂਟੀ-ਬੈਕਟੀਰੀਅਲ ਗੁਣ ਪਾਏ ਜਾਂਦੇ ਹਨ ਜੋ ਸਾਨੂੰ ਹੈਲਦੀ ਰੱਖਣ 'ਚ ਮਦਦ ਕਰਦੇ ਹਨ। ਰੋਜ਼ਾਨਾ ਖਾਲੀ ਢਿੱਡ ਲਸਣ ਖਾਣ ਨਾਲ ਬੈਕਟੀਰੀਆ ਅਤੇ ਰੋਗਾਂ ਨਾਲ ਲੜਣ ਦੀ ਸ਼ਕਤੀ ਮਿਲਦੀ ਹੈ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਦਿਲ ਦੀਆਂ ਬੀਮਾਰੀਆਂ ਨੂੰ ਘੱਟ ਕਰਦੈ ਲਸਣ

ਅੱਜ ਦੇ ਸਮੇਂ 'ਚ ਭਾਰ ਘਟਾਉਣਾ ਹਰ ਕੋਈ ਚਾਹੁੰਦਾ ਹੈ। ਭਾਰ ਘਟਾਉਣ ਲਈ ਲੋਕ ਡਾਈਟਿੰਗ, ਕਸਰਤ ਤੇ ਪਤਾ ਨਹੀਂ ਹੋਰ ਕੀ-ਕੀ ਕਰਦੇ ਹਨ। ਕੁਝ ਲੋਕ ਤਾਂ ਬਜ਼ਾਰ 'ਚ ਮਿਲਣ ਵਾਲੇ ਵੇਟ ਲੂਜ਼ ਪ੍ਰੋਡਕਟਸ ਨਾਲ ਵੀ ਭਾਰ ਘਟਾਉਣ ਦੀ ਸੋਚ ਰੱਖਦੇ ਹਨ ਪਰ ਇਸ ਦੇ ਬਾਵਜੂਦ ਵੀ ਉਨ੍ਹਾਂ ਨੂੰ ਸ਼ਾਨਦਾਰ ਨਤੀਜਾ ਨਹੀਂ ਮਿਲਦਾ। ਅਜਿਹੇ 'ਚ ਰਸੋਈ 'ਚ ਮੌਜੂਦ ਇੱਕ ਵਸਤੂ ਨਾਲ ਜਲਦੀ ਭਾਰ ਘਟਾਇਆ ਜਾ ਸਕਦਾ ਹੈ, ਉਹ ਵੀ ਬਿਨਾਂ ਕਿਸੇ ਖਰਚ ਤੇ ਨੁਕਸਾਨ ਦੇ। ਅਸੀਂ ਗੱਲ ਕਰ ਰਹੇ ਹਾਂ, ਭੋਜਨ ਦਾ ਸੁਆਦ ਵਧਾਉਣ ਵਾਲੇ ਲਸਣ ਦੀ, ਜੋ ਕਿ ਸਿਹਤ ਲਈ ਬਹੁਤ ਗੁਣਕਾਰੀ ਹੈ। ਕੱਚੇ ਲਸਣ ਤੇ ਸ਼ਹਿਦ ਨਾਲ ਭਾਰ ਨੂੰ ਕਾਫ਼ੀ ਹੱਦ ਤੱਕ ਘੱਟ ਕੀਤਾ ਜਾ ਸਕਦਾ ਹੈ। ਇਸ ਦੇ ਨਾਲ-ਨਾਲ ਲਸਣ ਨਾਲ ਸਰੀਰ ਨੂੰ ਹੋਰ ਵੀ ਫ਼ਾਇਦੇ ਹੁੰਦੇ ਹਨ। ਜਾਣੋ ਉਨ੍ਹਾਂ ਦੇ ਬਾਰੇ 'ਚ...

ਬਣਾਉਣ ਦਾ ਤਰੀਕਾ

ਸਭ ਤੋਂ ਪਹਿਲਾਂ ਜਾਣਦੇ ਹਾਂ ਇਸ ਨੂੰ ਬਣਾਉਣ ਦਾ ਤਰੀਕਾ। ਇਸ ਲਈ 2-3 ਲਸਣ ਦੀ ਕਲੀਆਂ ਨੂੰ ਛਿੱਲ ਕੇ ਹਲਕਾ ਜਿਹਾ ਕੁੱਟ ਲਓ। ਇਸ ਤੋਂ ਬਾਅਦ ਇਸ 'ਚ ਸ਼ਹਿਦ ਮਿਲਾਓ ਅਤੇ ਕੁਝ ਦੇਰ ਲਈ ਇਸ ਤਰ੍ਹਾਂ ਹੀ ਰਹਿਣ ਦਿਓ ਤਾਂ ਕਿ ਦੋਵੇਂ ਵਸਤੂਆਂ ਚੰਗੀ ਤਰ੍ਹਾਂ ਮਿਕਸ ਹੋ ਜਾਣ।

ਇੰਝ ਕਰੋ ਵਰਤੋਂ

ਰੋਜ਼ਾਨਾ ਸਵੇਰੇ ਖਾਲੀ ਢਿੱਡ ਲਸਣ ਤੇ ਸ਼ਹਿਦ ਦੀ ਵਰਤੋਂ ਕਰੋ। ਧਿਆਨ ਰੱਖੋ ਕਿ ਮੂੰਹ 'ਚ ਪਾਉਣ ਤੋਂ ਬਾਅਦ ਇਸ ਨੂੰ ਚੰਗੀ ਤਰ੍ਹਾਂ ਚਬਾਓ। ਰੋਜ਼ਾਨਾ ਇਸ ਦੇ ਵਰਤੋਂ ਨਾਲ ਤੁਹਾਨੂੰ ਕੁਝ ਹੀ ਦਿਨਾਂ 'ਚ ਭਾਰ ਘੱਟ ਹੁੰਦਾ ਨਜ਼ਰ ਆਵੇਗਾ।

ਲਸਣ ਤੇ ਸ਼ਹਿਦ ਦੇ ਫ਼ਾਇਦੇ :-

ਭਾਰ ਕਰੇ ਘੱਟ

ਸ਼ਹਿਦ ਤੇ ਲਸਣ ਨੂੰ ਮਿਲਾ ਕੇ ਖਾਣ ਨਾਲ ਸਰੀਰ ਦਾ ਭਾਰ ਘੱਟ ਹੁੰਦਾ ਹੈ ਅਤੇ ਨਾਲ ਹੀ ਮੋਟਾਪੇ ਦੀ ਪਰੇਸ਼ਾਨੀ ਤੋਂ ਵੀ ਨਿਜ਼ਾਤ ਮਿਲਦੀ ਹੈ।

ਦੰਦ ਹੁੰਦੇ ਨੇ ਮਜ਼ਬੂਤ


ਸ਼ਹਿਦ ਤੇ ਲਸਣ 'ਚ ਮੌਜੂਦ ਫ਼ਾਸਫ਼ੋਰਸ ਨਾਲ ਦੰਦ ਮਜ਼ਬੂਤ ਹੁੰਦੇ ਹਨ। ਇਹ ਦੰਦਾਂ ਨਾਲ ਜੁੜੀਆਂ ਸਾਰੀਆਂ ਸਮੱਸਿਆ ਨੂੰ ਦੂਰ ਕਰਦਾ ਹੈ।

ਦਿਲ ਦੀਆਂ ਬੀਮਾਰੀਆਂ

ਸ਼ਹਿਦ ਤੇ ਲਸਣ ਨੂੰ ਮਿਲਾ ਕੇ ਖਾਣ ਨਾਲ ਕੋਲੈਸਟਰੌਲ ਘੱਟ ਹੁੰਦਾ ਹੈ ਅਤੇ ਸਰੀਰ ਦਾ ਬਲੱਡ ਸਰਕੁਲੇਸ਼ਨ ਠੀਕ ਰਹਿੰਦਾ ਹੈ।

ਕੈਂਸਰ

ਲਸਣ ਅਤੇ ਸ਼ਹਿਦ 'ਚ ਮੌਜੂਦ ਐਂਟੀ-ਆਕਸੀਡੇਂਟਸ ਕੈਂਸਰ ਦੇ ਮਰੀਜ਼ਾਂ ਲਈ



ਫ਼ਾਇਦੇਮੰਦ ਹੁੰਦਾ ਹੈ। ਇਸ ਨਾਲ ਕੈਂਸਰ ਦਾ ਖਤਰਾ ਘੱਟ ਹੁੰਦਾ ਹੈ।

ਇੰਫ਼ੈਕਸ਼ਨ

ਲਸਣ ਅਤੇ ਸ਼ਹਿਦ 'ਚ ਐਂਟੀ-ਬੈਕਟੀਰੀਅਲ ਗੁਣ ਹੁੰਦੇ ਹਨ ਜੋ ਫ਼ੰਗਲ ਇੰਨਫ਼ੈਕਸ਼ਨ ਨੂੰ ਦੂਰ ਕਰਨ ਦਾ ਕੰਮ ਕਰਦੇ ਹਨ।

ਕੈਂਸਰ

ਲਸਣ ਅਤੇ ਸ਼ਹਿਦ 'ਚ ਮੌਜੂਦ ਐਂਟੀ-ਆਕਸੀਡੇਂਟਸ ਕੈਂਸਰ ਦੇ ਮਰੀਜ਼ਾਂ ਲਈ ਫ਼ਾਇਦੇਮੰਦ ਹੁੰਦਾ ਹੈ। ਇਸ ਨਾਲ ਕੈਂਸਰ ਦਾ ਖਤਰਾ ਘੱਟ ਹੁੰਦਾ ਹੈ।

ਇੰਫ਼ੈਕਸ਼ਨ

ਲਸਣ ਅਤੇ ਸ਼ਹਿਦ 'ਚ ਐਂਟੀ-ਬੈਕਟੀਰੀਅਲ ਗੁਣ ਹੁੰਦੇ ਹਨ ਜੋ ਫ਼ੰਗਲ ਇੰਨਫ਼ੈਕਸ਼ਨ ਨੂੰ ਦੂਰ ਕਰਨ ਦਾ ਕੰਮ ਕਰਦੇ ਹਨ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਗਰਮੀਆਂ 'ਚ ਢਿੱਡ ਅਤੇ ਦਿਮਾਗ ਨੂੰ ਠੰਡਾ ਰੱਖਦਾ ਹੈ ਇਹ ਸ਼ਰਬਤ, ਨਹੀਂ ਲੱਗਣ ਦਿੰਦਾ ਲੂ

ਗਰਮੀਆਂ ਸ਼ੁਰੂ ਹੁੰਦੇ ਹੀ ਤਰਬੂਜ-ਖਰਬੂਜੇ ਅਤੇ ਬੇਲ ਦੇ ਫਲ ਬਾਜ਼ਾਰ ਵਿਚ ਵਿਕਦੇ ਦਿਖਾਈ ਦੇਣ ਲਗਦੇ ਹਨ। ਬੇਲ ਦਾ ਸ਼ਰਬਤ ਕਾਫ਼ੀ ਜ਼ਿਆਦਾ ਪਸੰਦ ਕੀਤਾ ਜਾਂਦੇ ਹੈ। ਇਹ ਸੁਆਦ ਵਿਚ ਨਾ ਸਿਰਫ ਸਵਾਦ ਹੁੰਦਾ ਹੈ ਸਗੋਂ ਇਸ ਵਿਚ ਬਹੁਤ ਸਾਰੇ ਤੱਤ ਹੁੰਦੇ ਹਨ। ਬੇਲ ਦਾ ਸ਼ਰਬਤ ਗਰਮੀਆਂ ਵਿਚ ਪੀਣ ਨਾਲ ਸਰੀਰ ਨੂੰ ਠੰਡਕ ਮਿਲਦੀ ਹੈ ਅਤੇ ਇਹ ਬਦਹਜ਼ਮੀ, ਦਸਤ, ਪਿਸ਼ਾਬ ਦੀ ਬਿਮਾਰੀ, ਪੇਚਸ਼, ਸ਼ੂਗਰ, ਪੀਲੀਆ, ਹੈਜ਼ਾ ਅਤੇ ਹੋਰ ਬਹੁਤ ਸਾਰੀਆਂ ਬੀਮਾਰੀਆਂ ਦੂਰ ਕਰਨ ਵਿਚ ਸਹਾਇਤਾ ਕਰਦਾ ਹੈ। ਇਹ ਤੁਹਾਡੇ ਮੁਹਾਸੇ, ਝੁਰੜੀਆਂ ਅਤੇ ਤੁਹਾਡੇ ਵਾਲਾਂ ਦੀ ਖੁਸ਼ਕੀ ਨੂੰ ਦੂਰ ਕਰ ਸਕਦਾ ਹੈ। ਜੇ ਤੁਸੀਂ ਗਰਮੀਆਂ ਵਿਚ ਆਪਣੇ ਆਪ ਨੂੰ ਤੰਦਰੁਸਤ ਰੱਖਣਾ ਚਾਹੁੰਦੇ ਹੋ ਤਾਂ ਇਹ ਸ਼ਰਬਤ ਤੁਹਾਡੇ ਲਈ ਵਧੀਆ ਵਿਕਲਪ ਹੈ।



ਹਾਜਮਾ ਦਰੁਸਤ

ਬੇਲ ਦੀ ਇਹ ਸ਼ਰਬਤ ਜਾਂ ਸਕਵੈਸ਼ ਪਾਚਣ ਤੰਤਰ ਨੂੰ ਦਰੁਸਤ ਕਰਦਾ ਹੈ। ਇਹ ਸਾਡੀਆਂ ਅੰਤੜੀਆਂ ਨੂੰ ਸਾਫ਼ ਕਰਦਾ ਹੈ ਅਤੇ ਇਸ ਨਾਲ ਜੁੜੀਆਂ ਸਮੱਸਿਆਵਾਂ ਨੂੰ ਵੀ ਦਰੁਸਤ ਕਰਦਾ ਹੈ। ਇਸ ਦਾ ਲੈਕਸੇਟਿਵ ਕਬਜ਼, ਬੇਚੈਨੀ ਅਤੇ ਦਰਦ ਤੋਂ ਰਾਹਤ ਦਿਵਾਉਣ ਵਿਚ ਸਹਾਇਤਾ ਕਰਦਾ ਹੈ।

ਆਰਾਮ

ਬੇਲ ਦੇ ਸ਼ਰਬਤ ਨਾਲ ਬਲੱਡ ਸ਼ੂਗਰ ਨੂੰ ਨਿਯੰਤਰਿਤ ਕੀਤਾ ਜਾ ਸਕਦਾ ਹੈ ਇਹ ਬਲੱਡ ਸ਼ੂਗਰ ਨੂੰ ਖ਼ੂਨ ਵਿਚ ਵਧਣ ਤੋਂ ਰੋਕਦਾ ਹੈ। ਇਸ ਵਿਚ ਐਂਟੀ-ਡਾਇਬਟਿਕ ਗੁਣ ਹੁੰਦੇ ਹਨ।

ਦਿਲ ਲਈ ਵਧੀਆ ਫਲ

ਇਹ ਫ਼ਲ ਦਿਲ ਨਾਲ ਸਬੰਧਤ ਬਿਮਾਰੀਆਂ ਨੂੰ ਕਾਬੂ ਵਿਚ ਰੱਖਣ ਦਾ ਕੰਮ ਕਰਦਾ ਹੈ।

ਪੀਲੀਆ ਤੋਂ ਛੁਟਕਾਰਾ

ਜਿਗਰ ਵਿਚ ਗਰਮੀ ਜਾਂ ਲਾਗ ਕਾਰਨ ਪੀਲੀਆ ਹੋਵੇ ਤਾਂ ਇਸ ਤੋਂ ਬਚਣ ਲਈ ਤੁਸੀਂ ਵੇਲ ਤੋਂ ਬਣੇ ਸ਼ਰਬਤ ਪੀਓ। ਬੇਲ ਵਿਚ ਐਂਟੀ ਇੰਫਲੇਮੇਟਰੀ ਗੁਣ ਪਾਏ ਜਾਂਦੇ ਹਨ, ਜੋ ਜਿਗਰ ਦੀ ਸੋਜਸ਼ ਨੂੰ ਕਾਫ਼ੀ ਹੱਦ ਤਕ ਰਾਹਤ ਦੇ ਸਕਦੇ ਹਨ।

ਹੈਜ਼ਾ

ਬੈਕਟਰੀਆ ਦੀ ਲਾਗ ਕਾਰਨ ਹੈਜ਼ਾ ਦਾ ਜੋਖ਼ਮ ਵਧ ਜਾਂਦਾ ਹੈ। ਇਸ ਨਾਲ ਨਿਰੰਤਰ ਦਸਤ ਲਗ ਜਾਂਦੇ ਹਨ, ਜੋ ਕਿ ਮਨੁੱਖੀ ਸਥਿਤੀ ਨੂੰ ਗੰਭੀਰ ਬਣਾ ਸਕਦੇ ਹਨ। ਇਸ ਦਾ ਜੂਸ ਪੀਓ। ਬੇਲ ਵੇਲ ਵਿਚ ਐਂਟੀ-ਡਾਇਰੀਆ ਪ੍ਰਾਪਰਟੀ ਹੁੰਦੀ ਹੈ, ਜੋ ਹੈਜ਼ਾ ਦੇ ਜੋਖ਼ਮ ਨੂੰ ਘਟਾਉਂਦੀ ਹੈ।

ਇਨ੍ਹਾਂ ਰੋਗਾਂ ਤੋਂ ਵੀ ਮਿਲ ਸਕਦੀ ਹੈ ਰਾਹਤ

ਉਲਟੀਆਂ, ਕਬਜ਼ ਜਾਂ ਪੇਟ ਦੀ ਜਲਣ ਨੂੰ ਘਟਾਉਣ ਲਈ ਬੇਲ ਵਿਚ ਮਿਸ਼ਰੀ, ਇਲਾਇਚੀ, ਲੌਂਗ ਅਤੇ ਕਾਲੀ ਮਿਰਚ ਮਿਲਾਓ, ਇਸ ਨੂੰ ਪੀਣ ਨਾਲ ਪੇਟ ਦੀਆਂ ਸਮੱਸਿਆ ਤੋਂ ਰਾਹਤ ਮਿਲੇਗੀ ਅਤੇ ਤੁਹਾਨੂੰ ਆਰਾਮ ਮਿਲੇਗਾ।

ਕਬਜ਼ ਰੋਗੀ

ਜਿਨ੍ਹਾਂ ਲੋਕਾਂ ਨੂੰ ਕਬਜ਼ ਦੀ ਸਮੱਸਿਆ ਰਹਿੰਦੀ ਹੈ ਉਨ੍ਹਾਂ ਨੂੰ ਬੇਲ ਦਾ ਰਸ ਨਹੀਂ ਪੀਣਾ ਚਾਹੀਦਾ। ਆਮ ਲੋਕਾਂ ਨੂੰ ਵੀ ਇਕ ਵਾਰ 'ਚ ਇਕ ਗਲਾਸ ਹੀ ਪੀਣਾ ਚਾਹੀਦਾ ਹੈ। ਇਸ ਨੂੰ ਜ਼ਿਆਦਾ ਮਾਤਰਾ 'ਚ ਪੀਣ ਨਾਲ ਢਿੱਡ 'ਚ ਦਰਦ, ਸੋਜ ਅਤੇ ਢਿੱਡ ਫੁੱਲਣ ਦੀ ਸਮੱਸਿਆ ਵੀ ਹੋ ਸਕਦੀ ਹੈ।

# ਟ੍ਰਾਂਸਫੈਟ ਬਣ ਸਕਦਾ ਹੈ ਤੁਹਾਡੀ ਸਿਹਤ ਲਈ ਵੱਡਾ ਖਤਰਾ, ਜਾਣੋ ਕੀ ਹੈ ਇਹ

ਟ੍ਰਾਂਸਫੈਟ ਸਾਡੇ ਸਰੀਰ ਲਈ ਨੁਕਸਾਨਦੇਹ ਹੈ। ਇਸ ਲਈ ਇਸ ਨੂੰ ਹੌਲੀ ਜ਼ਹਿਰ ਵੀ ਕਿਹਾ ਜਾਂਦਾ ਹੈ। ਇਹ ਰੋਜ਼ਾਨਾ ਇਸਤੇਮਾਲ ਹੋਣ ਵਾਲੇ ਖਾਣ ਵਾਲੇ ਤੇਲ ਵਰਗੇ ਪਦਾਰਥਾਂ ਵਿਚ ਹੀ ਪਾਇਆ ਜਾਂਦਾ ਹੈ ਪਰ ਆਮ ਤੌਰ @ਤੇ ਲੋਕਾਂ ਨੂੰ ਇਸ ਕਾਰਨ ਹੋਣ ਵਾਲੇ ਨੁਕਸਾਨ ਬਾਰੇ ਜਾਣਕਾਰੀ ਘੱਟ ਹੁੰਦੀ ਹੈ। ਹਾਲ ਹੀ ਵਿਚ FSSAI ਨੇ ਇੰਡਸਟ੍ਰੀਅਲ ਟ੍ਰਾਂਸਫੈਟ ਨੂੰ ਸਾਰੇ ਫੈਟਸ ਅਤੇ ਤੇਲਾਂ ਵਿਚ ਵੱਧ ਤੋਂ ਵੱਧ 3 ਫ਼ੀਸਦੀ ਤੱਕ ਸੀਮਤ ਕੀਤਾ ਹੈ, ਯਾਨੀ ਪੈਕੇਟ ਬੰਦ ਖਾਣ-ਪੀਣ ਵਾਲੇ ਪਦਾਰਥਾਂ ਵਿਚ 3 ਫ਼ੀਸਦੀ ਤੋਂ ਜ਼ਿਆਦਾ @ਟ੍ਰਾਂਸਫੈਟ@ ਦਾ ਇਸਤੇਮਾਲ ਨਹੀਂ ਹੋ ਸਕਦਾ। ਇਸ ਤੋਂ ਅਗਲੇ ਸਾਲ 2022 ਵਿਚ ਟ੍ਰਾਂਸਫੈਟ ਦੀ ਸੀਮਾ ਘਟਾ ਕੇ 2 ਫ਼ੀਸਦੀ ਕਰ ਦਿੱਤੀ ਜਾਵੇਗੀ। ਟ੍ਰਾਂਸਫੈਟ ਕਾਰਨ ਸਿਹਤ 'ਤੇ ਪੈਣ ਵਾਲੇ ਨੈਗੇਟਿਵ ਅਸਰ ਦੀ ਵਜ੍ਹਾ ਨਾਲ ਅਜਿਹਾ ਕੀਤਾ ਗਿਆ ਹੈ।

ਟ੍ਰਾਂਸਫੈਟ ਕੇਕ, ਕੁਕੀਜ, ਬਿਸਕੁਟ, ਫਾਸਟਫੂਡ ਤੇ ਕ੍ਰੀਮ ਤੋਂ ਬਣੇ-ਬਣਾਏ ਪਦਾਰਥਾਂ ਵਿਚ ਜ਼ਿਆਦਾ ਹੁੰਦਾ ਹੈ। ਇਕ ਵਾਰ ਤਲੇ ਹੋਏ ਤੇਲ ਦਾ ਦੁਬਾਰਾ ਜਾਂ ਵਾਰ-ਵਾਰ ਇਸਤੇਮਾਲ ਕੀਤਾ ਜਾਵੇ ਤਾਂ ਇਸ ਵਿਚ ਵੀ ਟ੍ਰਾਂਸਫੈਟ ਹੁੰਦਾ ਹੈ। ਸਿਹਤ ਮਾਹਰਾਂ ਦੀ ਰਾਇ ਵਿਚ ਜ਼ਿਆਦਾ ਮਾਤਰਾ ਵਿਚ ਤਲਿਆ ਹੋਇਆ ਖਾਣਾ ਖ਼ਤਰਨਾਕ ਹੈ।



ਸਿਹਤ 'ਤੇ ਬੁਰਾ ਅਸਰ-

ਦੁਨੀਆ ਵਿਚ ਵੱਖ-ਵੱਖ ਦੇਸ਼ਾਂ ਵਿਚ ਹੋਏ ਮੈਡੀਕਲ ਅਧਿਐਨ ਤੋਂ ਸਾਬਤ ਹੋਇਆ ਹੈ ਕਿ ਟ੍ਰਾਂਸਫੈਟ ਦਾ ਜ਼ਰੂਰਤ ਤੋਂ ਜ਼ਿਆਦਾ ਇਸਤੇਮਾਲ ਸਿਹਤ ਲਈ ਖ਼ਤਰਨਾਕ ਹੈ। ਟ੍ਰਾਂਸਫੈਟ ਸਰੀਰ ਵਿਚ ਬੈਡ ਕੋਲੇਸਟ੍ਰਾਲ ਦੇ ਪੱਧਰ ਨੂੰ ਵਧਾਉਂਦਾ ਹੈ ਅਤੇ ਗੁੱਡ ਕੋਲੇਸਟ੍ਰਾਲ ਦੇ ਪੱਧਰ ਨੂੰ ਘੱਟ ਕਰ ਦਿੰਦਾ ਹੈ। ਇਸ ਲਈ ਜ਼ਿਆਦਾ ਇਸਤੇਮਾਲ ਨਾਲ ਦਿਲ ਦੀ ਬਿਮਾਰੀ ਅਤੇ ਹਾਰਟ ਸਟ੍ਰੋਕ ਦਾ ਖ਼ਤਰਾ ਵੱਧ ਜਾਂਦਾ ਹੈ। ਸਮੋਸੇ, ਪਰਾਂਠੇ, ਫ੍ਰੈਂਚ ਫ੍ਰਾਈਜ਼, ਆਲੂ-ਪੂੜੀ, ਛੋਲੇ ਭਟੂਰੇ, ਆਲੂ-ਟਿੱਕੀ, ਬਰਗਰ, ਪਿਜ਼ਾ, ਸੈਂਡਵਿਚ ਆਦਿ ਵਿਚ ਟ੍ਰਾਂਸਫੈਟ ਕਾਫੀ ਹੁੰਦਾ ਹੈ। ਦਿਲ, ਸ਼ੂਗਰ ਦੇ ਮਰੀਜ਼ ਪੈਕੇਟ ਤੇ ਡੱਬਾ ਬੰਦ ਖਾਣ-ਪੀਣ ਦੇ ਪਦਾਰਥਾਂ ਵਿਚ ਟ੍ਰਾਂਸਫੈਟ ਦੇਖ ਕੇ ਇਸ ਤੋਂ ਹੋਣ ਵਾਲੇ ਨੁਕਸਾਨ ਤੋਂ ਬਚ ਸਕਦੇ ਹਨ। ਫ਼ਲ ਅਤੇ ਸਬਜ਼ੀਆਂ ਖ਼ੂਬ ਖਾਣ ਨਾਲ ਟ੍ਰਾਂਸਫੈਟ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਖੋਜੀ ਤੇ ਸਿਰੜੀ ਇਤਿਹਾਸਕਾਰ ਸੀ ਡਾ. ਕਿਰਪਾਲ ਸਿੰਘ



• ਡਾ. ਪਰਮਜੀਤ ਢੀਂਗਰਾ
94173-58120

ਕੌਮਾਂ ਆਪਣੇ ਇਤਿਹਾਸ ਦੇ ਸਿਰ 'ਤੇ ਜਿਉਂਦੀਆਂ ਹਨ ਤੇ ਇਤਿਹਾਸਕਾਰ ਹਮੇਸ਼ਾਂ ਕੌਮਾਂ ਦੇ ਸਿਰ 'ਤੇ ਜਿਉਂਦੇ ਹਨ। ਜਿਨ੍ਹਾਂ ਇਤਿਹਾਸਕਾਰਾਂ ਨੇ ਸੱਚੀ ਲਗਨ, ਦ੍ਰਿੜਤਾ ਤੇ ਖੋਜੀ ਬਿਰਤੀ ਨਾਲ ਇਤਿਹਾਸ ਲਿਖੇ ਉਨ੍ਹਾਂ ਦੇ ਨਾਂ ਹਮੇਸ਼ਾਂ ਸਿਮਰਤੀਆਂ ਵਿਚ ਖੁਣੇ ਜਾਂਦੇ ਹਨ। ਇਤਿਹਾਸਕਾਰ ਬਣਨਾ ਕੋਈ ਸੌਖਾ ਕੰਮ ਨਹੀਂ। ਇਤਿਹਾਸ ਲਿਖਣ ਲਈ ਭੂਤ ਕਾਲ ਨੂੰ ਮੁੜ ਸਿਰਜਣਾ ਪੈਂਦਾ ਹੈ। ਉਹਦੇ ਵਿਚ ਉਹਦੀ ਉਹੋ ਰੂਹ ਫੂਕਣੀ ਪੈਂਦੀ ਹੈ ਜਿਸ ਨਾਲ ਸਾਰੇ ਦ੍ਰਿਸ਼ ਅੱਖਾਂ ਸਾਹਮਣੇ ਸਕਾਰ ਹੋ ਜਾਣ 'ਤੇ ਪਾਠਕ ਨੂੰ ਲੱਗੇ ਉਹ ਖ਼ੁਦ ਇਸ ਇਤਿਹਾਸ ਦਾ ਗਵਾਹ ਹੈ। ਅਜਿਹੇ ਉੱਚ ਦਮਾਲੜੇ ਵਾਲੇ ਇਤਿਹਾਸਕਾਰ ਸਨ, ਡਾ. ਕਿਰਪਾਲ ਸਿੰਘ। ਉਨ੍ਹਾਂ ਨੇ ਪੰਜਾਬ ਦੇ ਇਤਿਹਾਸ ਨੂੰ ਇਕ ਨਵੀਂ ਦਿਸ਼ਾ ਦਿੱਤੀ। ਖ਼ਾਸ ਕਰ ਕੇ ਉਨ੍ਹਾਂ ਦੀਆਂ ਉਹ ਕਿਤਾਬਾਂ ਜੋ ਵੰਡ ਬਾਰੇ ਹਨ, ਉਹ ਇਤਿਹਾਸਕ ਦਸਤਾਵੇਜ਼ ਹਨ। ਉਨ੍ਹਾਂ ਵਿਚ ਸ਼ਾਮਲ ਹਨ, ਪੰਜਾਬ ਦਾ ਬਟਵਾਰਾ ਤੇ ਸਿੱਖ ਨੇਤਾ, ਸਿੱਖਾਂ ਦੇ ਪਾਕਿਸਤਾਨ ਵਿੱਚੋਂ ਨਿਕਲਨ ਦੀ ਗਾਥਾ, ਭਾਰਤ ਦੀ ਆਜ਼ਾਦੀ ਦਾ ਆਗਮਨ ਅਤੇ ਸਿੱਖ ਸਥਿਤੀ, ਸਿੱਖ ਇਤਿਹਾਸ ਦੇ ਖੋਜ-ਨਿਬੰਧ, ਸ਼ਹੀਦੀਆਂ, ਜਨਮ ਸਾਖੀ ਪਰੰਪਰਾ, ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ, ਪੰਜਾਬ ਦਾ ਬਟਵਾਰਾ' ਤੇ ਹੋਰ ਅਨੇਕਾਂ ਕਿਤਾਬਾਂ।

ਡਾ. ਕਿਰਪਾਲ ਸਿੰਘ ਦਾ ਜਨਮ ਲਾਹੌਰ ਤੋਂ ਰਾਵਲਪਿੰਡੀ ਜਾਂਦੀ ਰੇਲਵੇ ਲਾਈਨ ਦੇ ਸਟੇਸ਼ਨ ਸਾਧੋਕੀ ਤੋਂ ਸੱਤ ਅੱਠ ਕਿਲੋਮੀਟਰ ਦੂਰ ਪਿੰਡ ਗੁੱਨਾਊਰ ਵਿਚ 1924 ਵਿਚ ਹੋਇਆ। ਉਨ੍ਹਾਂ ਦੇ ਪਿਤਾ ਤੇ ਦਾਦਾ ਪਟਵਾਰੀ ਸਨ। ਸਾਰੇ ਇਲਾਕਾ ਨਿਵਾਸੀ ਉਨ੍ਹਾਂ ਦੇ ਪਿਤਾ ਨੂੰ ਲਾਲਾ ਜੀ ਕਹਿ ਕੇ ਸਦਦੇ ਸਨ। ਡਾ. ਸਾਹਿਬ ਦੇ ਮਾਤਾ ਭਾਵੇਂ ਗੁਰਮੁਖੀ ਪੜ੍ਹੇ ਸਨ ਪਰ ਪਿਤਾ ਕੇਵਲ ਉਰਦੂ ਹੀ ਜਾਣਦੇ ਸਨ ਤੇ ਪਾਠ ਵੀ ਉਰਦੂ ਦੇ ਗੁਟਕਿਆਂ 'ਚੋਂ ਕਰਿਆ ਕਰਦੇ ਸਨ।

ਡਾ. ਸਾਹਿਬ ਨੇ ਮੁੱਢਲੀਆਂ ਜਮਾਤਾਂ ਪਿੰਡ ਵਿੱਚੋਂ ਹੀ ਪਾਸ ਕੀਤੀਆਂ। ਗੁੱਨਾਊਰ ਦੇ ਚੜ੍ਹਦੇ ਪਾਸੇ ਛੇ ਜਮਾਤਾਂ ਤਕ ਇਕ ਸਕੂਲ ਸੀ। ਉਨ੍ਹਾਂ ਸਮਿਆਂ 'ਚ ਪਿੰਡਾਂ ਦੇ ਸਕੂਲ ਬੋਰਡਾਂ ਦੇ ਅਧੀਨ ਹੁੰਦੇ ਸਨ। ਹੈਡਮਾਸਟਰ ਕੋਲ ਹੀ ਡਾਕਖਾਨੇ ਦੀਆਂ ਟਿਕਟਾਂ ਖ਼ਤ ਅਤੇ ਲਿਫ਼ਾਫ਼ੇ ਹੁੰਦੇ ਸਨ। ਪਿੰਡ ਵਿਚ ਡਾਕੀਆ ਦੂਜੇ ਤੀਜੇ ਦਿਨ ਚਿੱਠੀਆਂ ਵੰਡਣ ਆਉਂਦਾ ਤੇ ਉਹ ਵੀ ਸਕੂਲ ਦੇ ਹੈਡਮਾਸਟਰ ਨੂੰ ਦੇ ਜਾਂਦਾ।

ਪੰਜਾਬ ਦੇ ਖ਼ਾਲਸਾ ਸਕੂਲਾਂ ਵਿੱਚੋਂ ਗੁਜਰਾਂਵਾਲਾ ਖ਼ਾਲਸਾ ਸਕੂਲ ਸਭ ਤੋਂ ਪਹਿਲਾਂ 1889 ਈਸਵੀ ਵਿਚ ਖੁਲ੍ਹਿਆ। ਡਾ. ਸਾਹਿਬ ਨੇ ਇਸੇ ਸਕੂਲ ਵਿੱਚੋਂ ਦਸਵੀਂ ਜਮਾਤ ਅੰਗਰੇਜ਼ੀ, ਉਰਦੂ, ਪੰਜਾਬੀ, ਫ਼ਾਰਸੀ, ਇਤਿਹਾਸ ਤੇ ਗਣਿਤ ਵਿਸ਼ਿਆਂ ਨਾਲ ਪਾਸ ਕੀਤੀ। ਧਾਰਮਿਕ ਵਿੱਦਿਆ ਇਕ ਵਿਸ਼ੇ ਵਜੋਂ ਵੱਖਰੀ ਪੜ੍ਹਾਈ ਜਾਂਦੀ ਸੀ। ਜਦੋਂ ਗੁਜਰਾਂਵਾਲਾ ਵਿਖੇ ਕਾਲਜ ਖੋਲ੍ਹਿਆ ਗਿਆ ਤਾਂ ਡਾ. ਸਾਹਿਬ ਨੇ ਇੱਥੋਂ ਹੀ ਐੱਫਏ ਪਾਸ ਕੀਤੀ। ਇਸ ਵਿਚ ਉਨ੍ਹਾਂ ਕੋਲ ਅੰਗਰੇਜ਼ੀ, ਗਣਿਤ, ਫ਼ਾਰਸੀ, ਹਿਸਟਰੀ ਤੇ ਪੰਜਾਬੀ ਵਿਸ਼ੇ ਸਨ। 1943 ਵਿਚ ਉਨ੍ਹਾਂ ਨੇ ਐੱਫਏ ਪਾਸ ਕਰ ਲਈ। ਇਹ ਸਮਾਂ ਦੂਜੀ ਵੱਡੀ ਸੰਸਾਰ ਜੰਗ ਦਾ ਸੀ। ਉਨ੍ਹਾਂ ਦੇ ਪਿਤਾ ਤੇ ਭਰਾ ਦੀ ਇੱਛਾ ਸੀ ਕਿ ਉਹ ਕੋਈ ਨਾ ਕੋਈ ਨੌਕਰੀ ਕਰਨ। ਉਨ੍ਹਾਂ ਕੋਸ਼ਿਸ਼ ਕਰ ਕੇ ਡਾ. ਸਾਹਿਬ ਨੂੰ ਰੇਲਵੇ ਵਿਚ ਕਲਰਕ ਲਵਾ ਦਿੱਤਾ। ਪਹਿਲੀ ਨੌਕਰੀ ਉਨਾਂ ਨੂੰ ਰੇਲਵੇ ਅਕਾਊਂਟਸ ਬਰਾਂਚ ਨਵੀਂ ਦਿੱਲੀ 'ਚ ਮਿਲੀ। ਉੱਥੇ ਨੌਕਰੀ ਕਰਦਿਆਂ ਹੀ ਉਨ੍ਹਾਂ ਦੇ ਦੋਸਤ ਰਜਿੰਦਰ ਸਿੰਘ ਨੇ ਅੱਗੇ ਪੜ੍ਹਨ ਲਈ ਪ੍ਰੇਰਿਆ ਤੇ ਡਾ. ਸਾਹਿਬ ਨੌਕਰੀ ਛੱਡ ਕੇ ਘਰ ਆ ਗਏ ਤੇ ਪੜ੍ਹਾਈ ਕਰਨ ਵਿਚ ਰੁਝ ਗਏ। ਪ੍ਰੋਫੈਸਰ ਨਰਾਇਣ ਸਿੰਘ ਹੋਰਾਂ ਪੜ੍ਹਣ ਵਿਚ ਉਨ੍ਹਾਂ ਦੀ ਬੜੀ ਮਦਦ ਕੀਤੀ। 1943 ਵਿਚ ਹੀ ਉਨ੍ਹਾਂ ਨੇ ਕਾਲਜ ਵਿੱਚੋਂ ਬੀਏ ਆਨਰਜ਼ ਹਿਸਟਰੀ ਦੀ ਪ੍ਰੀਖਿਆ ਪਾਸ ਕੀਤੀ। 1945 ਵਿਚ ਅਜੇ ਉਨ੍ਹਾਂ ਦਾ ਰਿਜਲਟ ਨਹੀਂ ਸੀ ਆਇਆ ਜਦੋਂ ਉਨ੍ਹਾਂ ਨੂੰ ਐੱਸਡੀ ਹਾਈ ਸਕੂਲ ਕਾਮੋਕੇ ਵਿਖੇ ਨੌਕਰੀ ਮਿਲ ਗਈ। ਇੱਥੇ ਉਨ੍ਹਾਂ ਇਕ ਸਾਲ ਨੌਕਰੀ ਕੀਤੀ। ਉਦੋਂ ਅਧਿਆਪਕ ਬਣਨ ਲਈ ਬੀਟੀ ਪਾਸ ਕਰਨੀ ਜ਼ਰੂਰੀ ਸੀ ਪਰ ਸਾਰੇ ਪੰਜਾਬ ਵਿਚ ਇੱਕੋ ਗੌਰਮਿੰਟ ਟਰੇਨਿੰਗ ਕਾਲਜ ਲਾਹੌਰ ਸੀ ਤੇ ਉੱਥੇ ਦਾਖ਼ਲਾ ਮਿਲਣਾ ਮੁਸ਼ਕਲ ਸੀ।

ਅਗਸਤ 1947 ਵਿਚ ਉਹ ਦਿੱਲੀ ਪਹੁੰਚ ਗਏ। ਉੱਥੇ ਉਨ੍ਹਾਂ ਨੂੰ ਅਪਰ ਡਿਵੀਜ਼ਨ ਕਲਰਕ ਦੀ ਨੌਕਰੀ ਮਿਲ ਗਈ ਤੇ ਇੰਜ ਹੀ ਉਨ੍ਹਾਂ ਦੀ ਪਤਨੀ ਨੂੰ ਲੇਡੀ ਇਰਵਿਨ ਸਕੂਲ ਵਿਚ ਨੌਕਰੀ ਮਿਲ ਗਈ। ਅਪ੍ਰੈਲ 1950 ਦੇ ਨੇੜੇ-ਤੇੜੇ ਉਨ੍ਹਾਂ ਦਾ ਐੱਮਏ ਦਾ ਰਿਜਲਟ ਆ ਗਿਆ। ਡਾ. ਕਿਰਪਾਲ ਸਿੰਘ ਨਾਰੰਗ ਦੀ ਪ੍ਰੇਰਣਾ ਤੇ ਸਿਫ਼ਾਰਸ਼ ਨਾਲ ਉਨ੍ਹਾਂ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਨੌਕਰੀ ਮਿਲ ਗਈ। ਖ਼ਾਲਸਾ ਕਾਲਜ ਦੇ ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ ਵਿਚ ਉਨ੍ਹਾਂ ਨੂੰ ਖੋਜਕਾਰ ਨਿਯੁਕਤ ਕੀਤਾ ਗਿਆ। ਇਹ ਵਿਭਾਗ ਭਾਈ ਵੀਰ ਸਿੰਘ ਦੇ ਕਹਿਣ 'ਤੇ 1929 ਵਿਚ ਸਥਾਪਤ ਕੀਤਾ ਗਿਆ ਸੀ। ਇਸ ਵਿਚ ਪਹਿਲੀ ਨਿਯੁਕਤੀ ਕਰਮ ਸਿੰਘ ਹਿਸਟੋਰੀਅਨ ਦੀ ਹੋਈ ਪਰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਦੂਸਰੀ ਨਿਯੁਕਤੀ ਡਾ. ਗੰਡਾ ਸਿੰਘ ਦੀ ਹੋਈ ਤੇ ਤੀਸਰੀ ਡਾ. ਕਿਰਪਾਲ ਸਿੰਘ ਦੀ।

ਇਹ ਨੌਕਰੀ ਡਾ. ਸਾਹਿਬ ਦੀ ਜ਼ਿੰਦਗੀ ਦਾ ਅਹਿਮ ਮੋੜ ਸੀ। ਇੱਥੇ ਉਨ੍ਹਾਂ ਦੇ ਅੰਦਰਲਾ ਸਿਰੜੀ ਖੋਜੀ ਜਾਗ ਪਿਆ। 1952 ਵਿਚ ਉਹ ਇੰਡੀਅਨ ਹਿਸਟਰੀ ਕਾਂਗਰਸ ਵਿਚ ਹਿੱਸਾ ਲੈਣ ਲਈ ਜੈਪੁਰ ਗਏ। ਉੱਥੇ ਵਿਦਵਾਨਾਂ ਕੋਲੋਂ ਪਤਾ ਲੱਗਾ ਕਿ ਆਲਾ ਦਾ ਜ਼ਿਕਰ ਮਰਾਠੀ ਦਸਤਾਵੇਜ਼ਾਂ ਵਿਚ ਆਉਂਦਾ ਹੈ ਫਿਰ ਉਨ੍ਹਾਂ ਪੂਨੇ ਜਾ ਕੇ ਖੋਜ ਕੀਤੀ ਤੇ ਬਾਬਾ ਆਲਾ ਸਿੰਘ 'ਤੇ ਕਿਤਾਬ ਲਿਖੀ, ਜੋ ਖੋਜ ਦਾ ਵਧੀਆ ਨਮੂਨਾ ਹੈ।

1950 ਵਿਚ ਜਦੋਂ ਉਹ ਖ਼ਾਲਸਾ ਕਾਲਜ ਖੋਜ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਸੁਨੇਹਾ ਆਇਆ ਕਿ ਸ਼੍ਰੋਮਣੀ ਕਮੇਟੀ ਆਪਣਾ ਕੁਝ ਰਿਕਾਰਡ ਸਾੜ ਰਹੀ ਹੈ। ਉਨ੍ਹਾਂ ਡਾ. ਸਾਹਿਬ ਨੂੰ ਸੱਦਾ ਦਿੱਤਾ ਕਿ ਤੁਸੀਂ ਆ ਕੇ ਦੇਖੋ। ਉਨ੍ਹਾਂ ਜਦੋਂ ਰਿਕਾਰਡ ਵੇਖਿਆ ਤਾਂ ਉਸ ਵਿਚ ਬਹੁਤ ਸਾਰੀਆਂ ਇਤਿਹਾਸਕ ਮਹੱਤਤਾ ਵਾਲੀਆਂ ਲਿਖਤਾਂ ਸਨ ਜਿਨ੍ਹਾਂ ਵਿਚ ਮਹਾਤਮਾ ਗਾਂਧੀ ਦੀ ਉਹ ਤਾਰ ਵੀ ਸੀ ਜਦੋਂ ਸਿੱਖਾਂ ਨੇ ਕੁੰਜੀਆਂ ਦਾ ਮੋਰਚਾ ਜਿੱਤ ਲਿਆ ਤਾਂ ਉਨਾਂ ਕਿਹਾ ਸੀ ਆਜ਼ਾਦੀ ਦੀ ਜੰਗ ਜਿੱਤ ਲਈ ਹੈ। ਇਹ ਸਾਰਾ ਰਿਕਾਰਡ ਅਕਾਲੀ ਲਹਿਰ ਅਤੇ ਗੁਰਦੁਵਾਰਾ ਸੁਧਾਰ ਲਹਿਰ ਨਾਲ ਸਬੰਧਤ ਸੀ ਜੋ ਡਾ. ਸਾਹਿਬ ਨੇ ਜਿਲਦਬੰਦੀ ਕਰਵਾ ਕੇ ਖ਼ਾਲਸਾ ਕਾਲਜ ਦੇ ਇਤਿਹਾਸ ਖੋਜ ਵਿਭਾਗ ਦੀ ਲਾਇਬ੍ਰੇਰੀ ਵਿਚ ਪਹੁੰਚਾ ਦਿੱਤਾ।

ਵੰਡ ਤੋਂ ਬਾਅਦ ਮੁਸਲਮਾਨਾਂ ਦੀਆਂ ਇੱਧਰ ਰਹਿ ਗਈਆਂ ਲਾਇਬ੍ਰੇਰੀਆਂ ਵਿੱਚੋਂ ਡਾ. ਸਾਹਿਬ ਸਿੱਖ ਇਤਿਹਾਸ ਨਾਲ ਸਬੰਧਿਤ ਕਿਤਾਬਾਂ ਲੱਭਦੇ ਰਹੇ। ਉਨ੍ਹਾਂ ਨੇ ਮੁਸਲਮਾਨਾਂ ਦੇ ਘਰਾਂ ਵਿਚ ਜਾ ਕੇ ਫੋਲਾ-ਫਾਲੀ ਕੀਤੀ ਇਸੇ ਦਾ ਸਿੱਟਾ ਸੀ ਕਿ ਕਰਨਾਲ ਦੇ ਕੁੰਜਪੁਰਾ ਵਿਚ ਇਕ ਵੱਡੀ ਇਸਲਾਮੀ ਲਾਈਬ੍ਰੇਰੀ ਲੱਭੀ ਜੋ ਉਨ੍ਹਾਂ ਦੀ ਬੇਨਤੀ 'ਤੇ ਭਾਰਤ ਸਰਕਾਰ ਨੇ ਸਾਂਭ ਲਈ। ਇਸੇ ਤਰ੍ਹਾਂ ਪੰਜਾਬ ਸਰਕਾਰ ਦਾ ਪ੍ਰੈਸ ਵਿਭਾਗ ਪੰਜਾਬ ਦੇ ਬਹੁਤ ਸਾਰੇ ਪੁਰਾਣੇ ਗਜ਼ਟੀਅਰ ਸਾੜ ਰਿਹਾ ਸੀ ਪਰ ਡਾ. ਸਾਹਿਬ ਨੇ ਬੜੀ ਕੋਸ਼ਿਸ਼ ਨਾਲ ਉਨ੍ਹਾਂ ਨੂੰ ਰੋਕਿਆ ਤੇ ਅੱਟਕ, ਗੁਜਰਾਂਵਾਲਾ, ਮਿੰਟਗੁਮਰੀ ਤੇ ਹੋਰ ਕਈ ਜ਼ਿਲ੍ਹਿਆਂ ਦੇ ਗਜ਼ਟੀਅਰ ਸੁਰੱਖਿਅਤ ਕੀਤੇ। 1953 ਵਿਚ ਉਨ੍ਹਾਂ ਦਾ ਮੇਲ ਭਾਈ ਵੀਰ ਸਿੰਘ ਨਾਲ ਹੋਇਆ ਤੇ ਉਨ੍ਹਾਂ ਦੀ ਪ੍ਰੇਰਣਾ ਸਦਕਾ ਉਨ੍ਹਾਂ ਨੇ ਰਫ਼ਿਊਜੀ ਕੈਂਪਾਂ ਤੇ ਉਜਾੜੇ ਨਾਲ ਸਬੰਧਤ ਦਸਤਾਵੇਜ਼ ਇਕੱਠੇ ਕਰਨ ਅਤੇ ਉਨ੍ਹਾਂ ਦਾ ਇਤਿਹਾਸ ਲਿਖਣ ਦੀ ਵਿਓਂਤ ਬਣਾਈ। ਇਕ ਵਾਰ ਉਹ ਭਾਈ ਵੀਰ ਸਿੰਘ ਹੋਰਾਂ ਨੂੰ ਮਿਲਣ ਗਏ ਤਾਂ ਉਹ ਕਹਿਣ ਲੱਗੇ ਕਿ ਤੁਹਾਨੂੰ ਹਿਸਟਰੀ ਰਿਸਰਚ ਵਿਭਾਗ ਲਈ ਆਪਣਾ ਜੀਵਨ ਅਰਪਣ ਕਰ ਦੇਣਾ ਚਾਹੀਦਾ ਹੈ ਤੁਸੀਂ ਇਸ ਬਾਰੇ ਜ਼ਰੂਰ ਸੋਚਣਾ। 1962 ਵਿਚ ਪੰਜਾਬੀ ਯੂਨੀਵਰਸਿਟੀ ਬਣੀ ਤਾਂ ਵਾਈਸ ਚਾਂਸਲਰ ਡਾ. ਕਿਰਪਾਲ ਸਿੰਘ ਨਾਰੰਗ ਨੇ ਡਾ. ਸਾਹਿਬ ਨੂੰ ਸੱਦਾ ਦਿੱਤਾ ਕਿ ਉਹ ਯੂਨੀਵਰਸਿਟੀ 'ਚ ਆ ਕੇ ਇਤਿਹਾਸ ਵਿਭਾਗ ਸਥਾਪਤ ਕਰਨ ਪਰ ਡਾ. ਸਾਹਿਬ ਦਾ ਮਨ ਸੀ ਕਿ ਉਨ੍ਹਾਂ ਨੇ ਖ਼ਾਲਸਾ ਕਾਲਜ ਦੇ ਇਤਿਹਾਸ ਖੋਜ ਵਿਭਾਗ ਵਿਚ ਬੜੀ ਮਿਹਨਤ ਕੀਤੀ ਹੈ ਤੇ ਦੂਜਾ ਭਾਈ ਵੀਰ ਸਿੰਘ ਹੋਰਾਂ ਨਾਲ ਵਾਅਦਾ ਕੀਤਾ ਹੈ ਕਿ ਉਹ ਸਿੱਖ ਇਤਿਹਾਸ 'ਤੇ ਹੀ ਖੋਜ ਕਰਨਗੇ ਪਰ ਜਦੋਂ ਵਾਇਸ ਚਾਂਸਲਰ ਨੇ ਦੱਸਿਆ ਕਿ ਯੂਨੀਵਰਸਿਟੀ ਇਕ ਵੱਡੀ ਸੰਸਥਾ ਹੈ ਤੇ ਉਹ ਕਿਸੇ ਦੇ ਰਿਸਰਚ ਕਰਨ 'ਤੇ ਪਾਬੰਦੀ ਨਹੀਂ ਲਾਉਂਦੀ। ਤੁਸੀਂ ਜਿਸ ਮਰਜ਼ੀ ਵਿਸ਼ੇ 'ਤੇ ਖੋਜ ਕਰੋ।

ਇੰਜ ਡਾ. ਸਾਹਿਬ ਪਟਿਆਲੇ ਜਾ ਕੇ ਖੋਜ ਦੇ ਇਕ ਹੋਰ ਵੱਡੇ ਅਦਾਰੇ ਵਿਚ ਪਹੁੰਚ ਗਏ। ਇੱਥੇ ਉਨ੍ਹਾਂ ਜਨਮ ਸਾਖੀ ਖੋਜ ਦੀ ਯੋਜਨਾ ਬਣਾਈ ਜਿਸ ਵਿੱਚੋਂ ਉਨ੍ਹਾਂ ਦੀ ਬਹੁਮੁਲੀ ਖੋਜ ਜਨਮ ਸਾਖੀ ਪਰੰਪਰਾ ਹੋਂਦ ਵਿਚ ਆਈ। ਅਗਲਾ ਖੋਜ ਕਾਰਜ ਉਨ੍ਹਾਂ ਜ਼ਫ਼ਰਨਾਮਾ ਰਣਜੀਤ ਸਿੰਘ ਦੀ ਸੰਪਾਦਨਾ ਦਾ ਕੀਤਾ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਨੇ ਅਨੇਕਾਂ ਪ੍ਰੋਜੈਕਟਾਂ 'ਤੇ ਕੰਮ ਕੀਤਾ, ਅਨੇਕਾਂ ਸੰਸਥਾਵਾਂ, ਗੁਰਦੁਵਾਰਾ ਕਮੇਟੀਆਂ ਤੇ ਸੰਸਥਾਵਾਂ ਵਿਚ ਇਤਿਹਾਸਕ ਕੰਮ ਕੀਤੇ। ਉਨ੍ਹਾਂ ਨੂੰ ਅਨੇਕਾਂ ਮਾਣ-ਸਨਮਾਨ ਤੇ ਉਪਾਧੀਆਂ ਮਿਲੀਆਂ। ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਨੂੰ 'ਪ੍ਰੋਫੈਸਰ ਆਫ ਸਿਖਇਜ਼ਮ', ਪੰਜਾਬੀ ਯੂਨੀਵਰਸਿਟੀ ਵੱਲੋਂ ਡੀ. ਲਿੱਟ ਤੇ ਹੋਰ ਕਈ ਸੰਸਥਾਵਾਂ ਵੱਲੋਂ ਮਾਣ-ਸਨਮਾਨ ਮਿਲੇ। •

(ਨਿਰਗੁਣ-ਨਿਸਤਾਰੇ ਤੇ ਆਧਾਰਤ)



## ਸੁਪਨਾ

*ਡਾ. ਕਿਰਪਾਲ ਦਾ ਸੁਪਨਾ ਸੀ ਸਿੱਖ ਇਤਿਹਾਸ ਖੋਜ ਅਤੇ ਸਿਖਲਾਈ ਸੰਸਥਾ ਸਥਾਪਿਤ ਕਰ ਕੇ ਸਿੱਖ ਸ੍ਰੋਤਾਂ ਦਾ ਅਧਿਐਨ ਵੱਖ-ਵੱਖ ਭਾਸ਼ਾਵਾਂ ਵਿਚ ਕਰਨਾ ਜਿਵੇਂ ਪੰਜਾਬੀ ਸ੍ਰੋਤ, ਫ਼ਾਰਸੀ ਸ੍ਰੋਤ, ਡਿੰਗਲ, ਮਰਾਠਾ ਸ੍ਰੋਤ, ਅੰਗਰੇਜ਼ੀ ਅਤੇ ਫ਼ਰਾਂਸੀਸੀ ਸ੍ਰੋਤ। ਇਸ ਤੋਂ ਇਲਾਵਾ ਇਤਿਹਾਸ ਤੇ ਇਤਿਹਾਸਕਾਰੀ ਦਾ ਵਿਸ਼ਾਲ ਅਧਿਐਨ।*

## ਭਵਿੱਖੀ ਖੋਜ ਦੇ ਪ੍ਰੇਰਣਾ ਸ੍ਰੋਤ

ਉਹ ਲੰਬੀ ਉਮਰ ਭੋਗ ਕੇ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੀਆਂ ਇਤਿਹਾਸਕ ਖੋਜਾਂ ਨੂੰ ਸਦਾ ਯਾਦ ਰੱਖਿਆ ਜਾਵੇਗਾ ਕਿਉਂਕਿ ਉਹ ਭਵਿੱਖੀ ਖੋਜ ਦੇ ਪ੍ਰੇਰਣਾ ਸ੍ਰੋਤ ਸਨ...

## ਗੁਰਦੀਪ ਭਾਟੀਆ ਦੀਆਂ ਚਾਰ ਗ਼ਜ਼ਲਾਂ



94648-89046

ਗੁਰਦੀਪ ਭਾਟੀਆ ਉਹ ਨਾਂ ਹੈ ਜੋ ਗ਼ਜ਼ਲ ਵਿਧਾ ਨੂੰ ਪ੍ਰਣਾਇਆ ਹੋਇਆ ਹੈ। ਉਸ ਦੀ ਕਲਮ ਨੇ ਅੱਜ ਤਕ ਜੋ ਵੀ ਲਿਖਿਆ, ਉਹ ਸਿਰਫ਼ ਤਾਂ ਸਿਰਫ਼ ਗ਼ਜ਼ਲਾਂ ਰਾਹੀਂ ਹੀ ਲਿਖਿਆ ਹੈ। ਉਸ ਦੇ ਦੋ ਗ਼ਜ਼ਲ ਸੰਗ੍ਰਹਿ 'ਸੁਲਘਦੇ ਅਹਿਸਾਸ' ਅਤੇ 'ਸ਼ੀਸ਼ੇ ਦਾ ਕੀ ਕਸੂਰ' ਪਾਠਕ ਪੜ੍ਹ ਚੁੱਕੇ ਹਨ। ਭਾਟੀਆ ਦੀਆਂ ਗ਼ਜ਼ਲਾਂ ਦੇ ਸ਼ਿਅਰ ਪਾਠਕ/ਸਰੋਤੇ ਨੂੰ ਸਬਜ਼ਬਾਗ਼ ਨਹੀਂ ਦਿਖਾਉਂਦੇ ਬਲਕਿ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਤੋਂ ਜਾਣੂ ਕਰਵਾਉਂਦੇ ਹਨ। ਬਹਿਰ-ਵਜ਼ਨ ਪੱਖੋਂ ਉਸ ਦੇ ਸ਼ਿਅਰਾਂ ਵਿਚ ਉਸਤਾਦੀ ਹੈ। ਬਿੰਬ ਵਿਧਾਨ, ਅਲੰਕਾਰ ਅਤੇ ਉਸ ਦੀ ਭਾਸ਼ਾ-ਸ਼ੈਲੀ ਵਾਰਤਕ ਦਾ ਭੁਲੇਖਾ ਪਾਉਂਦੀ ਹੈ, ਇਹ ਹੁਨਰ ਕਿਸੇ-ਕਿਸੇ ਸ਼ਾਇਰ ਦੇ ਹਿੱਸੇ ਆਉਂਦਾ ਹੈ ਜਾਂ ਕਹਿ ਲਓ ਇਹ ਗੁਣ ਬਿਰਲੇ-ਟਾਵੇਂ ਸ਼ਾਇਰ ਕੋਲ ਹੀ ਹੁੰਦਾ ਹੈ।

----- (1) -----

ਮੈਂ ਖ਼ਾਬਾਂ ਖਿਆਲਾਂ 'ਚ ਵਿਚਰਾਂ ਤਾਂ ਕਿੱਦਾਂ,
ਮਿਰੀ ਝੋਲੀ ਜੀਵਨ ਦੇ ਸੰਸੇ ਬੜੇ ਨੇ।
ਹਕੀਕਤ ਤੋਂ ਮੁਨਕਰ ਜੇ ਹੋਵਾਂ ਤਾਂ ਕਿਸ ਬਿਧ,
ਕਿਵੇਂ ਆਖਾਂ ਮਿਤਰੋ, ਮਿਰੇ ਹੱਥ ਖੜ੍ਹੇ ਨੇ।

ਦਿਸਣ ਨੂੰ ਤਾਂ ਸਾਰੇ ਹੀ ਦਿਸਦੇ ਨੇ ਸਾਬਤ,
ਮਗਰ ਕਿਹੜਾ ਹਿੱਸਿਆਂ 'ਚ ਵੰਡਿਆ ਨਹੀਂ ਹੈ,
ਕਿਤੇ ਦੁੱਧ ਹਾਵੀ, ਕਿਤੇ ਖ਼ੂਨ ਭਾਰੂ,
ਸਕੇ ਰਿਸ਼ਤਿਆਂ ਵਿਚ ਵੀ ਅੱਜ ਕੱਲ੍ਹ ਧੜੇ ਨੇ।

ਮੁਹੱਬਤ ਦੇ ਸੋਹਲੇ, ਇਬਾਦਤ ਦਾ ਰੌਲਾ,
ਅਡੰਬਰ ਬਿਨਾਂ ਕਿਧਰੇ ਕੁਝ ਵੀ ਨਹੀਂ ਹੈ,
ਜਦੋਂ ਕਿ ਹਕੀਕਤ ਹੈ ਐਸੀ ਕਿ ਐ ਦਿਲ,
ਮਿਰੇ ਵਾਂਗ ਅੰਦਰੋਂ ਸਭੇ ਸਿਰ-ਸੜੇ ਨੇ।

ਅਸੂਲਾਂ ਦੀ ਚਰਚਾ ਤਾਂ ਹਰ ਕੋਈ ਕਰਦੈ,
ਮਗਰ ਪਹਿਰਾ ਦੇਵੇ ਅਸੂਲਾਂ 'ਤੇ ਕਿਹੜਾ,
ਸਭੇ ਅਪਣੇ-ਅਪਣੇ ਨਿਸ਼ਾਨੇ 'ਤੇ ਕਾਇਮ,
ਸਭੇ ਅਪਣੀ-ਅਪਣੀ ਅੜੀ 'ਤੇ ਅੜੇ ਨੇ।

ਜੇ ਝਖੜਾਂ ਤੂਫ਼ਾਨਾਂ ਦਾ ਅਪਣਾ ਸੁਭਾਅ ਹੈ,
ਤਾਂ ਰੁੱਖਾਂ ਦਾ ਜਿਗਰਾ ਵੀ ਅਪਣਾ ਹੈ ਮੁੱਢੋਂ,
ਸ਼ਿਕਾਇਤ ਨ ਸ਼ਿਕਵਾ ਕੋਈ ਵੀ ਕਦੇ ਵੀ,
ਕਿਵੇਂ ਟਾਹਣ ਟੁੱਟੇ, ਕਿਵੇਂ ਪੱਤ ਝੜੇ ਨੇ।

ਜੋ ਅਪਣੇ ਨੇ ਸੱਚ-ਮੁੱਚ ਉਹ ਕਿੰਨੇ ਕੁ ਅਪਣੇ,
ਖੁਲਾਸਾ ਸਮੇਂ ਨਾਲ ਹੁੰਦਾ ਰਿਹਾ ਹੈ,
ਭਲਾ ਕੌਣ ਸੜਦਾ ਏ ਦੂਜੇ ਦੀ ਅੱਗ ਵਿਚ,
ਕਦੋਂ ਪਾਰ ਲਾਉਂਦੇ ਜੋ ਕੱਚੇ ਘੜੇ ਨੇ।

ਨਜ਼ਰ ਨੂੰ ਜੋ ਦਿਸਦੈ, ਉਹੀ ਸੱਚ ਨਹੀਂ ਹੈ,
ਕਈ ਸੱਚ ਨੇ ਐਸੇ, ਜੋ ਦਿਸਦੇ ਨਹੀਂ ਹਨ,
ਹਰਿੱਕ ਸ਼ੈ 'ਤੇ ਏਦਾਂ ਹੈ ਚੜ੍ਹਿਆ ਮੁਲੰਮਾਂ
ਜਿਵੇਂ ਚਿਹਰਿਆਂ 'ਤੇ ਮੁਖੌਟੇ ਚੜ੍ਹੇ ਨੇ।

ਹੋਏ ਪੋਲ ਜਿਸ ਵਿਚ ਉਹੀ ਬਣਦੈ 'ਮੁਰਲੀ',
ਜਿਹੀ ਫੂਕ ਵੱਜੇ ਤਿਹੇ ਰਾਗ ਗਾਉਂਦੈ,
ਇਹ ਕਲਮਾਂ ਦੇ ਸਿਰਜਕ, ਨਹੀਂ ਸਾਡੇ ਕੰਮ ਦੇ,
ਰਹੋ ਬਚ ਕੇ ਇਨ੍ਹਾਂ ਤੋਂ, ਇਹ 'ਸਰਕੜੇ' ਨੇ।

ਬਿਨਾਂ ਟੁੱਭੀ ਸਾਗਰ 'ਚੋਂ ਲਭਦੇ ਨਾ ਮੋਤੀ,
ਸਮਰਪਣ ਬਿਨਾਂ ਕਿਧਰੇ ਕੁਝ ਵੀ ਨਾ ਹਾਸਿਲ,
ਪਤਾ ਹੈ ਜਦੋਂ 'ਦੀਪ' ਤੈਨੂੰ ਤਾਂ ਦੱਸੀਂ,
ਤੂੰ ਫਿਰ ਵੀ ਕਿਉਂ ਸੌ-ਸੌ ਬਹਾਨੇ ਘੜੇ ਨੇ।

----- (2) -----

ਚਮੁਖੀਏ ਵਾਂਗ ਚੁਰਾਹੇ 'ਚ ਬਾਲ ਦੇ ਬੇਸ਼ੱਕ।
ਦਿਆਲ ਹੋਇਐਂ ਤਾਂ ਰੋਸ਼ਨ ਖ਼ਿਆਲ ਦੇ ਬੇਸ਼ੱਕ।

ਕਿਸੇ ਵੀ ਹਾਲ 'ਚ ਪਾਵੀਂ ਨ ਜੂਨ ਪੱਥਰ ਦੀ,
ਤੂੰ ਮੇਰਾ, ਹੋਂਦ 'ਚ ਆਉਣਾ ਹੀ ਟਾਲ ਦੇ ਬੇਸ਼ੱਕ।

ਤਿਰੀ ਤਲਾਸ਼ ਹੀ ਮਕਸਦ ਰਹੇ ਨ ਜੀਵਨ ਦਾ,
ਇਤ੍ਹੋਂ ਅਗਾਹਾਂ ਵੀ ਹੋਵੇ ਜੇ ਭਾਲ ਦੇ ਬੇਸ਼ੱਕ।

ਕਿਸੇ ਦੇ ਤੜਫ਼ਦੇ ਬੁੱਲਾਂ ਨੂੰ ਦੇ ਸਕਾਂ ਹਾਸਾ,
ਜੇ ਮੈਨੂੰ ਦੇ ਸਕੇਂ ਐਸਾ ਕਮਾਲ ਦੇ ਬੇਸ਼ੱਕ।

ਮੈਂ ਅਪਣੀਂ ਹੋਂਦ ਦਾ ਅਹਿਸਾਸ ਮਾਣਨਾਂ ਚਾਹੁੰਨਾਂ,
ਭਲੇ ਹੀ ਮੈਨੂੰ ਤੂੰ ਝਰਨੇ 'ਚ ਢਾਲ ਦੇ ਬੇਸ਼ੱਕ।

ਬਗ਼ੈਰ ਢਾਲ ਦੇ, ਦਰਿਆ ਦੀ ਜ਼ਿੰਦਗੀ ਕਿੱਥੇ,
ਤੂੰ ਬਹੁਤੀ ਨਾ ਸਹੀ, ਥੋੜ੍ਹੀ ਕੁ ਢਾਲ ਦੇ ਬੇਸ਼ੱਕ।

ਬਗ਼ੈਰ ਤਾਲ ਦੇ ਕੋਈ ਗ਼ਜ਼ਲ ਨਹੀਂ ਹੁੰਦੀ,
ਸਮਝਦੈਂ 'ਦੀਪ' ਜੇ, ਸ਼ਬਦਾਂ ਨੂੰ 'ਤਾਲ' ਦੇ ਬੇਸ਼ੱਕ।

----- (3) -----

ਹਰਿਕ ਡਾਢੇ ਦੀ ਖ਼ਾਹਿਸ਼ ਹੈ, ਮੈਂ
ਉਸੇ ਦੀ ਹਵਾ ਸਮਝਾਂ।
ਜੋ ਖ਼ੁਦ ਮੁਹਤਾਜ਼ ਹੈ ਸਾਹ ਦਾ,
ਕਿਵੇਂ ਉਸ ਨੂੰ ਖ਼ੁਦਾ ਸਮਝਾਂ।

ਕਿਸੇ ਖ਼ੰਜਰ, ਕਿਸੇ ਤਲਵਾਰ ਦੀ
ਦਹਿਸ਼ਤ ਜੇ ਹੋਵੇ ਵੀ,
ਕਿਵੇਂ ਜ਼ਾਲਿਮ ਦੇ ਕੀਤੇ ਜ਼ੁਲਮ
ਨੂੰ 'ਰਬ ਦੀ ਰਜ਼ਾ' ਸਮਝਾਂ।

ਜਦੋਂ ਕਠ-ਪੁਤਲੀਆਂ ਬਣਨਾ
ਪਸੰਦ ਆਉਂਦਾ ਹੈ ਸਾਨੂੰ ਹੀ,
ਨਚਾਉਂਦੈ ਜੇ ਕੋਈ ਸਾਨੂੰ, ਕਿਵੇਂ
ਉਸ ਦੀ ਖ਼ਤਾ ਸਮਝਾਂ।

ਕਿਸੇ ਹਾਕਮ ਦੀ ਮਰਜ਼ੀ ਤੇ
ਕਿਵੇਂ ਮੋਹਰ ਲਗਾ ਦੇਵਾਂ,
ਮੈਂ ਉਜੜੇ ਬਾਗ਼ ਦਾ ਕਿੱਦਾਂ
ਹਰਿਕ ਬੂਟਾ ਹਰਾ ਸਮਝਾਂ।


ਨਿਰੇ ਖ਼ਾਬਾਂ ਖ਼ਿਆਲਾਂ ਵਿਚ
ਹਕੀਕੀ ਜ਼ਿੰਦਗੀ ਕਿੱਥੇ,
ਜ਼ਰੂਰੀ ਹੈ ਹਕੀਕੀ ਜ਼ਿੰਦਗੀ ਦਾ
ਫ਼ਲਸਫ਼ਾ ਸਮਝਾਂ।

ਨਸ਼ਾ ਤਾਕਤ, ਨਸ਼ਾ ਦੌਲਤ,
ਨਸ਼ਾ ਰੋਟੀ, ਨਸ਼ਾ ਬੋਟੀ,
ਨਸ਼ਾ ਕਿਹੜਾਂ ਭਲਾ ਸਮਝਾਂ,
ਨਸ਼ਾ ਕਿਹੜਾ ਬੁਰਾ ਸਮਝਾਂ।

ਕੋਈ ਮੰਦਰ 'ਚ ਖਿਚਦਾ ਹੈ ਕੁਈ
ਮਸਜਿਦ ਜਾਂ ਗਿਰਜੇ ਵੱਲ,
ਕੋਈ ਨਿਰਪੱਖ ਨਾ ਦਿੱਸੇ,
ਕਿਵੇਂ ਤੇਰਾ ਪਤਾ ਸਮਝਾਂ।

ਬਿਨਾਂ ਤੇਰੇ ਨਹੀਂ ਲੱਗਦਾ ਕਿਸੇ
ਸੂਰਤ ਵੀ ਮੇਰਾ ਦਿਲ,
ਮੁਹੱਬਤ ਦੀ ਤੜਪ ਸਮਝਾਂ ਕਿ
ਉਲਫ਼ਤ ਦੀ ਸਜ਼ਾ ਸਮਝਾਂ।

ਜ਼ਮਾਨੇ ਭਰ ਦੇ ਅੱਲ੍ਹੇ ਜ਼ਖ਼ਮ
ਸੀਨੇ ਵਿਚ ਛੁਪਾ ਕੇ 'ਦੀਪ',
ਹਸਾਉਂਦੈ ਜੇ ਜ਼ਮਾਨੇ ਨੂੰ ਕਿਵੇਂ
ਉਹ ਮਸਖ਼ਰਾ ਸਮਝਾਂ।



----- (4) -----

ਬਾਤ ਇਕ ਅਰਸੇ ਤੋਂ
ਦਰਪੇਸ਼ ਹੈ ਮੁੱਦਾ ਬਣ ਕੇ।
ਕੋਈ ਕਿਉਂ ਜੀਵੇ
ਕਿਸੇ ਹੋਰ ਦਾ ਪੁਤਲਾ ਬਣਕੇ।

ਕੋਈ ਚਾਹੇ ਤਾਂ
ਸਮੁੰਦਰ 'ਚ ਸਮਾਏ ਬੇਸ਼ੱਕ,
ਮੇਰੀ ਇੱਛਾ ਹੈ ਕਿ
ਵਹਿੰਦਾ ਰਹਾਂ ਦਰਿਆ ਬਣ ਕੇ।

ਅਪਣੀ ਹਸਤੀ ਹੈ ਤਾਂ ਸਭ ਕੁਛ ਹੈ,
ਨਹੀਂ ਕੁਛ ਵੀ ਨਹੀਂ,
ਬਾਤ ਇਹ ਦਿਲ 'ਚ ਮਿਰੇ
ਵਸ ਗਈ ਨੁਕਤਾ ਬਣ ਕੇ।

ਕਿਉਂ ਨ ਪੱਥਰ ਦਿਸੇ
ਉਹ ਸ਼ਖ਼ਸ, ਜੋ ਅੰਦਰੋਂ-ਅੰਦਰ,
ਇਕ ਸਮੰਦਰ ਦੀ ਜਗ੍ਹਾ,
ਰਹਿ ਗਿਆ ਸਹਿਰਾ ਬਣ ਕੇ।

ਵਕਤ ਹੀ ਚਿੜੀਆਂ
ਜਿਹੀ ਸੋਚ ਬਣਾ ਦਿੰਦਾ ਹੈ,
ਵਕਤ ਹੀ ਦੱਸਦੈ ਕਿਵੇਂ
ਜੀਣਾ ਹੈ ਸ਼ਿਕਰਾ ਬਣ ਕੇ।

ਅਪਣੇ ਵਿਸ਼ਵਾਸ ਤੇ ਕਾਇਮ
ਰਹੇ ਤਾਂ ਦੇਖ ਲਿਉ,
ਵਕਤ ਖ਼ੁਦ ਆਏਗਾ
ਸਾਡੇ ਲਈ 'ਜ਼ਰੀਆ' ਬਣ ਕੇ।

ਨੇੜਿਉਂ ਦੇਖੇ, ਦਿਸੇ
ਪਾਣੀਉਂ ਪਤਲੇ ਓਹੀ,
ਜੋ ਸਦਾ ਦੂਰ ਤੋਂ ਦਿਸਦੇ ਰਹੇ
ਦੁਧੀਆ ਬਣ ਕੇ।

ਅਪਣੀ ਮਸਤੀ 'ਚ ਅਸੀਂ
ਵਧਦੇ ਰਹੇ ਮੰਜ਼ਿਲ ਵੱਲ,
ਦੇਖਦੇ ਰਹਿ ਗਏ, ਜੋ ਆਏ ਸੀ
ਖ਼ਤਰਾ ਬਣ ਕੇ।

'ਦੀਪ' ਜੇ ਚਾਹੁੰਨੈ
ਜ਼ਰਾ ਹੋਰ ਨਿਖ਼ਰ ਜਾਵਾਂ ਮੈਂ,
ਆ ਕਦੇ ਬੈਠ ਮਿਰੇ ਸਾਮ੍ਹਣੇ
ਸੀਸ਼ਾ ਬਣ ਕੇ। •

ਗੀਤ



ਕੁਲਵੰਤ
76967-69041

## ਵਰ੍ਹਿਆਂ ਦੇ ਪੈਂਡੇ

ਵਰ੍ਹਿਆਂ ਦੇ ਪੈਂਡੇ, ਨਵੀਆਂ ਉਡੀਕਾਂ ਨੇ।
ਮੇਰੇ ਹਿੱਸੇ ਆਈਆਂ ਚੀਸਾਂ ਹੀ ਚੀਸਾਂ ਨੇ।


ਹੋਇਆ ਨਾ ਉਜਾਲਾ ਹਾਲੇ, ਸੰਘਣਾ ਹਨ੍ਹੇਰਾ ਏ,
ਇਹਦੇ ਵਿਚ ਤੇਰਾ ਨਾ, ਕਸੂਰ ਕੋਈ ਮੇਰਾ ਏ,
ਸਮਿਆਂ ਨੇ ਵੰਡ ਪਾਈ, ਵਾਹੀਆਂ ਜੋ ਲੀਕਾਂ ਨੇ
ਮੇਰੇ ਹਿੱਸੇ ਆਈਆਂ...

ਹਰਫ਼ਾਂ ਤੇ ਹੰਝੂਆਂ ਨੂੰ, ਅੱਜ ਦਿੱਲੀ ਚੇਤੇ ਆਈ ਏ,
ਮੇਰੇ ਕੰਮ ਨਾ ਆਈ, ਜੋ ਗਵਾਹੀ ਤੂੰ ਪਾਈ ਏ
ਪਾਟਦਾ ਹੈ ਸੀਨਾ, ਜਦੋਂ ਪੈਂਦੀਆਂ ਤਰੀਕਾਂ ਨੇ
ਮੇਰੇ ਹਿੱਸੇ ਆਈਆਂ...

ਰੁੱਖਾਂ ਦੀਆਂ ਟੀਸੀਆਂ 'ਤੇ, ਵੈਣ ਹਉਕੇ ਭਰਦੇ ਨੇ,
ਜ਼ਰ ਗਏ ਜੋ ਆਪਾਂ, ਉਹ ਤਾਂ ਰੁੱਖ ਵੀ ਨਾ ਜਰਦੇ ਨੇ,
ਰਾਤਾਂ ਦੀਆਂ ਕਾਲਖ਼ਾਂ ਤੋਂ, ਕਾਹਦੀਆਂ ਉਡੀਕਾਂ ਨੇ,
ਮੇਰੇ ਹਿੱਸੇ ਆਈਆਂ...

ਮੇਰੇ ਲਈ ਇਹ ਜਗ ਸਾਰਾ, ਨਿਰਾ ਧੰਧੂਕਾਰਾ ਏ
ਸੁਪਨੇ 'ਚ ਗੁੰਮਿਆ, ਕੋਈ ਬਾਲ ਵਿਚਾਰਾ ਏ
ਸ਼ੋਰ-ਸ਼ੋਰ ਸਭ ਥਾਵੇਂ, ਚੀਕਾਂ ਹੀ ਚੀਕਾਂ ਨੇ
ਮੇਰੇ ਹਿੱਸੇ ਆਈਆਂ...

ਗ਼ਜ਼ਲਾਂ



ਜਗਮੇਲ ਸਿੱਧੂ
9158-41583

ਦੋਸਤੀ ਦੇ ਨਿੱਘ ਵਿਚ
ਵਹਿੰਦਾ ਰਿਹਾ ਹਾਂ ਉਮਰ ਭਰ।
ਤਾਂ ਹੀ ਉਸ ਦੇ ਨਾਜ਼ ਮੈਂ
ਸਹਿੰਦਾ ਰਿਹਾ ਹਾਂ ਉਮਰ ਭਰ।

ਮੈਂ ਜਦੋਂ ਨਿਭਿਆ ਤੇਰੇ ਸੰਗ
ਤੋਹਮਤਾਂ ਵੀ ਲੱਗੀਆਂ,
ਸਿਦਕ ਮੇਰਾ ਵੇਖ ਕਿ
ਸਹਿੰਦਾ ਰਿਹਾ ਹਾਂ ਉਮਰ ਭਰ।

ਤਪਸ ਵੀ ਸੀ ਅੱਗ ਵੀ ਸੀ
ਕੀ ਨਹੀਂ ਸੀ ਸ਼ਹਿਰ ਵਿਚ,
ਪਰ ਮੈਂ ਠੰਡੀ ਲਹਿਰ ਬਣ
ਵਹਿੰਦਾ ਰਿਹਾ ਹਾਂ ਉਮਰ ਭਰ।

ਮੇਰੇ ਵਿਚ ਬਹੁਤ ਕੁਝ
ਬਾਹਰੋਂ ਸੀ ਗਹਿਰਾ ਲਹਿ ਗਿਆ,
ਮਨ 'ਚ ਮੈਂ ਗਹਿਰਾ ਤਦੇ
ਲਹਿੰਦਾ ਰਿਹਾ ਹਾਂ ਉਮਰ ਭਰ।

ਮਨ ਮੇਰਾ ਫੁੱਲਾਂ ਜਿਹਾ
ਹੌਲਾ ਹੈ ਰਹਿੰਦਾ ਇਸ ਲਈ,
ਦਿਲ 'ਚ ਜੋ ਆਉਂਦੀ ਸੀ ਗੱਲ
ਕਹਿੰਦਾ ਰਿਹਾ ਹਾਂ ਉਮਰ ਭਰ।

ਧਨੁਸ਼ ਤੋੜੇ ਬਿਨਾਂ ਹੀ ਸਵੰਬਰ ਰਚਾਏ ਜਾ ਰਹੇ ਨੇ।
ਕਲਯੁੱਗ 'ਚ ਇਹ ਕੈਸੇ ਦਸਤੂਰ ਬਣਾਏ ਜਾ ਰਹੇ ਨੇ।

ਹਰ ਅੱਖ ਨੂੰ ਮਨਾਹੀ ਹੈ ਮੰਜ਼ਰ ਸੱਚ ਦਾ ਤੱਕਣ ਦੀ,
ਪਰ ਅੰਨ੍ਹਿਆਂ ਨੂੰ ਫੜ ਕੇ ਆਇਨੇ ਵਿਖਾਏ ਜਾ ਰਹੇ ਨੇ।

ਕਠਿਨ ਬੜਾ ਹੈ ਬੰਦੇ ਤੋਂ ਬੁੱਧ ਤਕ ਦਾ ਸਫ਼ਰ, ਐਪਰ,
ਖ਼ੁਦਾ ਦੇ ਨਾਮ 'ਤੇ ਹਰ ਜਗ੍ਹਾ ਅਡੰਬਰ ਰਚਾਏ ਜਾ ਰਹੇ ਨੇ।

ਮਰਮਰੀ ਪੱਥਰ ਜਦੋਂ ਦਾ ਘਰ ਮੇਰੇ ਵੜ ਗਿਆ ਹੈ,
ਕੰਧੋਲੀ ਤੋਂ ਮੇਰੀ ਮਾਂ ਦੇ ਮੋਰ ਤੋਤੇ ਉਡਾਏ ਜਾ ਰਹੇ ਨੇ।

ਨੁਮਾਇਸ਼ ਰਿਸ਼ਤਿਆਂ 'ਚ ਇਸ ਕਦਰ ਹਾਵੀ ਹੋ ਗਈ ਹੈ,
ਦਿਲਾਂ ਵਿਚ ਖ਼ਾਰ ਰੱਖ ਕੇ ਬੁੱਲ੍ਹਾਂ 'ਤੇ ਹਾਸੇ ਸਜਾਏ ਜਾ ਰਹੇ ਨੇ।

• **ਮਨਜੀਤ ਮਾਨ,** 70098-9804

ਕਵਿਤਾਵਾਂ



ਬਲਜੀਤ ਤਲਵੰਡੀ
92177-68857

## ਅਤੀਤ ਦੇ ਪਰਛਾਵੇਂ

ਸੋਚਾਂ 'ਚ ਡੁੱਬ ਐਵੇਂ ਸ਼ਾਮ ਖ਼ਰਾਬ ਹੋਈ।
ਅਤੀਤ ਦੇ ਪਰਛਾਵਿਆਂ 'ਚ ਜਿੰਦ ਅਜਾਬ ਹੋਈ।

ਕੀ ਫਾਇਦਾ ਐਵੇਂ ਗੁੰਮ ਹੋਏ ਰਹਿਣ ਦਾ,
ਗ਼ਮਗੀਨ ਮਾਹੌਲ 'ਚ ਜ਼ਿੰਦਗੀ ਕਦ ਅਬਾਦ ਹੋਈ।

ਖ਼ੁਸ਼ੀਆਂ ਲੱਭਣ ਗਏ ਉਜਾੜ ਨੂੰ ਤੁਰ ਪਏ ਸੀ,
ਲਾ ਜਿੰਦ ਨੂੰ ਝੋਰੇ ਅੰਦਰੋਂ-ਅੰਦਰੀਂ ਖੁਰ ਗਏ ਸੀ।

ਨਾ ਰਿਹਾ ਖ਼ਿਆਲ ਕਦੋਂ ਸੀ ਸ਼ਾਮ ਹੋਈ,
ਤੁਰਨ ਵੇਲੇ ਤਾਂ ਦਿਸੀ ਸੀ ਪ੍ਰਭਾਤ ਹੋਈ।

ਸਿਖਰ ਦੁਪਹਿਰਾ ਗਰਮੀ ਵੀ ਤਿੱਖੀ ਸੀ,
ਤਪਦੀ ਸੀ ਪੈੜ ਵਾਟ ਵੀ ਕਿਹੜੀ ਨਿੱਕੀ ਸੀ।

ਖੱਪਦੇ-ਖੱਪਦੇ ਮੰਜ਼ਿਲ ਦੇ ਵੱਲ ਤੁਰ ਪਏ ਸੀ,
ਜਿਵੇਂ ਜਿੰਦ ਕਿਸੇ ਕੈਦ 'ਚੋਂ ਅਜ਼ਾਦ ਹੋਈ।

ਮਨ ਨੂੰ ਸਮਝਾਇਆ ਜੋ ਜੁਗਾਂ ਤੋਂ ਹੁੰਦੀ ਸੀ,
ਚੰਗੇ ਨਾਲ ਕਦੇ ਨਾ ਚੰਗੀ ਹੁੰਦੀ ਸੀ।

ਐਵੇਂ ਚਿੱਤ ਡੁਲਾਉਣ ਦੀ ਲੋੜ ਨਹੀਂ ਬਲਜੀਤ,
ਹੋਈ ਨਜ਼ਰ ਸਵੱਲੀ ਤਾਂ ਜ਼ਿੰਦਗੀ ਸੋਹਣਾ ਖ਼ਾਬ ਹੋਈ।

## ਖ਼ਾਮੋਸ਼ੀ ਦਾ ਸ਼ੋਰ

ਸਾਡੀ ਚੁੱਪ ਨੂੰ ਚੁੱਪ ਨਾ ਸਮਝੋਂ
ਇਸ ਦੇ ਗਰਭ 'ਚ
ਸ਼ੋਰ ਪਲ ਰਿਹਾ ਹੈ।
ਲੂਹਿਆ ਹੈ ਸਾਡੇ ਪਿੰਡੇ ਨੂੰ
ਉਦਾਸੀ ਦੀ ਧੁੱਪ ਨੇ
ਪਰ ਸਾਡੇ ਖ਼ਾਬ
ਮੁਸਕਰਾਉਣਾ ਨਹੀਂ ਭੁੱਲੇ
ਅਸੀਂ ਅੱਜ ਵੀ
ਕਾਮ ਦੀ ਨਜ਼ਰ ਨਾਲ
ਬਿੰਨ੍ਹ ਹੋ ਰਹੀਆਂ ਹਾਂ
ਕਾਮੁਕਤਾ ਦਾ ਚਿੰਨ੍ਹ
ਹੋ ਰਹੀਆਂ ਹਾਂ
ਇਹ ਨਹੀਂ ਕਿ
ਇਹ ਸੰਤਾਪ ਸਦੀਆਂ
ਤਕ ਸਹਾਰਿਆਂ ਜਾਵੇਗਾ
ਟੁੱਟੀ ਜਿਸ ਦਿਨ ਖ਼ਾਮੋਸ਼ੀ
ਫਿਰ ਸਾਡਾ ਸ਼ੋਰ
ਮਰਦ ਪ੍ਰਧਾਨ ਸਮਾਜ ਦੇ
ਕੰਨ ਪਾੜੇਗਾ।



ਰਿਯਾ
88725-15432



ਵੀਨਾ ਸਾਮਾ
91158-89290

## ਬਦਲੇ ਰੁਖ ਹਵਾਵਾਂ

ਜਦ ਦੇ ਬਦਲੇ ਰੁਖ ਹਵਾਵਾਂ।
ਪਾਂਧੀ ਵਿਸਰੇ ਆਪਣੀ ਰਾਹਾਂ।

ਹੰਸਾ ਦੀ ਪਛਾਣ ਕਰਨੀ ਹੈ ਔਖੀ,
ਭੇਸ ਵਟਾ ਲਏ ਬਗਲੇ, ਕਾਵਾਂ।

ਮਹਿਫ਼ਲ ਸੀ ਜੋ ਭਰੀ ਗੁਲਜ਼ਾਰਾ,
ਅੱਜ ਫੁੱਲ ਦਿੱਸੇ ਟਾਵਾਂ ਟਾਵਾਂ।

ਕਿਸ ਮਾਲੀ ਨੇ ਖੋਹੇ ਹਾਸੇ,
ਕਿਸ ਕੀਤੀਆਂ ਬੰਜ਼ਰ ਥਾਵਾਂ।

ਪਿਆਰ ਮੁਹੱਬਤ ਹਾਸਾ ਰੋਸਾ,
ਹਰ ਸ਼ੈਅ ਹੁਣ ਪਰਛਾਵਾਂ।

ਹਰ ਥਾਂ ਉੱਗੀ ਪਈ ਕੰਡਿਆਲੀ,
ਕੀਕਣ ਫੁੱਲਾਂ ਦੇ ਸੋਹਲੇ ਗਾਵਾਂ।

ਹਰਫ ਵਫ਼ਾ ਦਾ ਪੜ੍ਹਦਾ ਵਿਰਲਾ,
ਕਿਸ ਨਾ ਲਿਖੀਏ ਸਿਰਨਾਵਾਂ।

## ਪ੍ਰਾਪਤ ਪੁਸਤਕ



ਪੁਸਤਕ : **ਨੌਲੱਖਾ ਬਾਗ਼**
ਲੇਖਕ : **ਨਵਦੀਪ ਸਿੰਘ ਗਿੱਲ**
ਪੰਨੇ : **166**
ਮੁੱਲ : **250/-**
ਪ੍ਰਕਾਸ਼ਕ : **ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।**

# ਖ਼ੂਨੀ ਵਿਸਾਖੀ ਦੀ ਅਣਗੌਲ਼ੀ ਕਵਿਤਾ



ਇਸ ਕਾਲਮ ਅਧੀਨ ਅਸੀਂ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਬਾਰੇ ਲਿਖੀ ਉਹ ਕਵਿਤਾ ਪਾਠਕਾਂ ਦੇ ਸਨਮੁਖ ਕਰਦੇ ਹਾਂ ਜਿਸ ਨੂੰ ਮੌਕੇ ਦੀ ਹਕੂਮਤ ਨੇ ਜ਼ਬਤ ਕਰ ਕੇ ਖ਼ਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ ਪਰ ਉਨ੍ਹਾਂ ਨੂੰ ਇਸ 'ਚ ਪੂਰਨ ਤੌਰ 'ਤੇ ਸਫਲਤਾ ਨਾ ਮਿਲੀ ਤੇ ਇਹ ਕਵਿਤਾ ਸਦੀਵੀ ਹੋ ਨਿਬੜੀ...



• ਡਾ. ਚਰਨਜੀਤ ਸਿੰਘ ਗੁਮਟਾਲਾ
94175-33060





### ਗਿਆਨੀ ਮਾਨ ਸਿੰਘ

ਡਾ. ਗੁਰਦੇਵ ਸਿੰਘ ਸਿੱਧੂ ਅਨੁਸਾਰ ਇਹ ਕਵੀ ਫ਼ਿਰੋਜ਼ਪੁਰ ਦਾ ਵਸਨੀਕ ਸੀ ਪਰ ਉਸ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਮਿਲਦੀ। ਉਸ ਵੱਲੋਂ ਇਕ ਲੰਮਾ ਗੀਤ 'ਤਾਜ਼ੇ ਜ਼ਖ਼ਮ' ਉਨਵਾਨ ਹੇਠ ਚੌਪਤਰੇ ਦੇ ਰੂਪ ਵਿਚ ਫ਼ਾਰਸੀ ਤੇ ਗੁਰਮੁਖੀ ਅੱਖਰਾਂ ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ ਜਿਸ ਨੂੰ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ ਸੀ। ਇਸ ਗੀਤ ਵਿਚ ਸੁਤੰਤਰਤਾ ਅੰਦੋਲਨ ਦੀਆਂ ਵਿਭਿੰਨ ਘਟਨਾਵਾਂ ਜਿਵੇਂ ਬਜਬਜ ਘਾਟ ਦਾ ਸਾਕਾ, ਜਲ੍ਹਿਆਂ ਵਾਲੇ ਬਾਗ਼ ਦੇ ਹੱਤਿਆ ਕਾਂਡ ਨਾਲ ਸਬੰਧਤ ਕਾਵਿ ਬੰਦਾਂ, ਜੋ ਇਸ ਸੰਗ੍ਰਹਿ ਵਿਚ ਸ਼ਾਮਲ ਕੀਤੇ ਗਏ ਹਨ, ਵਿੱਚ ਕਵੀ ਨੇ ਅੰਗਰੇਜ਼ ਅਫ਼ਸਰ ਸਮਿੱਥ ਦੁਆਰਾ ਜ਼ਨਾਨੀਆਂ ਦੇ ਘੁੰਡ ਲੁਹਾ ਕੇ ਮੂੰਹਾਂ ਉੱਤੇ ਥੁੱਕਣ ਅਤੇ ਔਰਤਾਂ ਦੀ ਬੇਪਤੀ ਕਰਦਿਆਂ ਉਨ੍ਹਾਂ ਦੇ ਫੋਟੋ ਲੁਹਾ ਕੇ ਇੰਗਲੈਂਡ ਭੇਜਣ ਆਦਿ ਦੀਆਂ ਚਰਚਿਤ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਕਵੀ ਦੁਆਰਾ ਆਪ ਹੀ ਫ਼ਾਰਸੀ ਅਤੇ ਗੁਰਮੁਖੀ ਅੱਖਰਾਂ ਵਿਚ ਪ੍ਰਕਾਸ਼ਿਤ ਕੀਤੇ ਇਸ ਗੀਤ ਨੂੰ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ ਸੀ।

### ਜਲ੍ਹਿਆਂ ਵਾਲੇ ਬਾਗ਼ ਦਾ ਹਾਲ

*ਕਲਗੀ ਵਾਲਿਆ ਦੇਖ ਹੁਣ ਹਾਲ ਜੀ।*
*ਦੁਸ਼ਟਾਂ ਧ੍ਰੋਹ ਕੀਤਾ ਸਾਡੇ ਨਾਲ ਜੀ।*
*ਗੋਲ਼ੀ ਮਾਰ ਕੇ ਖ਼ੂਨ ਵਗਾ ਲਿਆ।*
*ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਬੇਗੁਨਾਹ ਨੂੰ ਕਤਲ ਕਰਾਇ ਕੇ।*
*ਸਾਨੂੰ ਭੁੱਖਿਆਂ ਨੂੰ ਤਰਸਾਇ ਕੇ।*
*ਡਾਇਰ ਕਾਤਲ ਇਨਾਮ ਹੈ ਪਾ ਲਿਆ।*
*ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਭਾਰ ਢਿੱਡਾਂ ਦੇ ਸਾਨੂੰ ਤੁਰਾਇਆ ਸੀ।*
*ਇੱਜ਼ਤ ਸਾਡੀ ਨੂੰ ਖ਼ਾਕ ਰੁਲਾਇਆ ਸੀ।*
*ਮਾਰਸ਼ਲ ਲਾ ਕੇ ਸਾਨੂੰ ਦੁਖਾ ਲਿਆ।*
*ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਸਮਿੱਥ ਅੰਗਰੇਜ਼ ਨੇ ਕਹਿਰ ਕਮਾਇ ਸੀ।*
*ਜ਼ਬਰਨ ਪਕੜ ਕੇ ਘੁੰਡ ਲੁਹਾਇ ਸੀ।*
*ਨੰਗੇ ਮੂੰਹਾਂ ਉੱਤੇ ਸੀ ਥੁੱਕ ਪਾ ਲਿਆ।*
*ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਧੀਆਂ ਭੈਣਾਂ ਦੇ ਪੜਦੇ ਲੁਹਾਂਵਦੇ।*
*ਫੋਟੋ ਲੈ ਇੰਗਲੈਂਡ ਸਿਧਾਂਵਦੇ।*
*ਰੱਜ-ਰੱਜ ਕੇ ਜ਼ੁਲਮ ਕਮਾ ਲਿਆ।*
*ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਜ਼ਾਲਮ ਵੇਖੋ ਕੀ ਕਹਿਰ ਕਮਾਂਵਦੇ।*
*ਬੇਗੁਨਾਹਾਂ ਨੂੰ ਜੇਲ੍ਹਾਂ ਵਿਚ ਪਾਂਵਦੇ।*
*ਮਿਲਦਾ ਹੋਰ ਨਾ ਸਾਨੂੰ ਤਕਾ ਲਿਆ।*
*ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਤੇਰੇ ਨਾਲ ਜੋ ਘਾਲਾ ਸੀ ਘਾਲੀਆਂ।*
*ਅਸਾਂ ਕਹੀਆਂ ਸੋ ਤੋੜ ਨਿਬਾਹ ਲੀਆਂ।*
*ਤੈਨੂੰ ਜਰਮਨ ਦੇ ਮੂੰਹੋਂ ਛੁੜਾ ਲਿਆ।*
*ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਇਨ੍ਹਾਂ ਕਿਹਾ ਸੀ ਦਿਆਂਗੇ ਸੁਰਾਜ ਜੀ।*
*ਮਿਲ ਕੇ ਹਿੰਦੀਓ ਰੱਖੋ ਸਾਡੀ ਲਾਜ ਜੀ।*
*ਥੁੱਕ ਤਲੀ 'ਤੇ ਮੁੜ ਇਨ੍ਹਾਂ ਖਾ ਲਿਆ।*
*ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਸੁਰਾਜ ਦੇਣਾ ਰਿਹਾ ਇਕ ਪਾਸੇ।*
*ਮਾਰ ਡਾਂਗਾਂ ਤੋੜੇ ਸਾਡੇ ਪਾਸੇ।*
*ਰੋਲਟ ਬਿਲ ਉਲਟਾ ਤੂੰ ਛਪਾ ਲਿਆ।*
*ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਸਾਡੇ ਨਾਲ ਜੋ ਨੇਕੀਆਂ ਕੀਤੀਆਂ।*
*ਸਭੇ ਘੁੱਟ ਭਰ ਕੇ ਅਸਾਂ ਪੀਤੀਆਂ।*
*ਭੇਤ ਸੱਭੇ ਤੇਰਾ ਅਸਾਂ ਪਾ ਲਿਆ।*
*ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

*ਲੋੜ ਨਹੀਂ ਤੇਰੇ ਇਨਸਾਫ਼ ਦੀ।*
*ਤੈਥੋਂ ਦੁੱਖੀ ਹੋਈ ਗੱਲ ਸਾਫ਼ ਦੀ।*
*ਮਗਰੋਂ ਲਹਿ ਜਾ ਸਾਨੂੰ ਤੂੰ ਖਾ ਲਿਆ।*
*ਫੇਰਾ ਪਾ ਦੇ ਹੁਣ ਬਾਜ਼ਾਂ ਵਾਲਿਆ।*

### ਜਾਚਕ

ਜਾਚਕ ਦਾ 'ਕਵੀ ਕੁਟੀਆਂ' ਕਲਕਤਾ ਦੁਆਰਾ ਵੈਸਾਖ ਮੇਲੇ ਨਾਲ ਸਬੰਧਿਤ ਕਵਿਤਾਵਾਂ ਦਾ ਸੰਗ੍ਰਹਿ 'ਬੀਰ ਪ੍ਰਕਾਸ਼' ਵਿਚ ਪ੍ਰਕਾਸ਼ਿਤ ਹੋਇਆ ਮਿਲਦਾ ਹੈ। ਇਸ ਵਿਚ ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਨੂੰ ਵਿਸ਼ਾ ਬਣਾ ਕੇ ਬੈਂਤ ਛੰਦ ਵਿਚ ਰਚੀ 'ਜਲ੍ਹਿਆਂ ਵਾਲੇ ਬਾਗ਼ ਦੀ ਯਾਦ' ਪੇਸ਼ ਹੈ, ਜਿਸ ਵਿਚ ਵਿਚ ਕਵੀ ਨੇ ਖ਼ੂਨੀ ਵੈਸਾਖੀ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੈ :

### ਜਲ੍ਹਿਆਂ ਵਾਲੇ ਬਾਗ਼ ਦੀ ਯਾਦ

*ਹਿਰਦਾ ਕੰਬ ਉੱਠੇ ਅੱਖਾਂ ਲੌਣ ਛਹਿਬਰ,*
*ਜਦੋਂ ਯਾਦ ਜਲ੍ਹਿਆਂ ਵਾਲਾ ਬਾਗ਼ ਆਵੇ।*
*ਲੱਗੀ ਪ੍ਰੇਮ ਡੋਰੀ ਮੇਰੀ ਟੁੱਟ ਜਾਵੇ,*
*ਗੀਤ ਗਾਉਂਦੇ ਨੂੰ ਭੁੱਲ ਰਾਗ ਜਾਵੇ।*
*ਧੜਕੇ ਦਿਲ, ਅੱਖਾਂ ਅੱਗੇ ਫਿਰਨ ਤਾਰੇ,*
*ਸੁਖੀ ਸੋਏ ਨੂੰ ਤੁਰਤ ਹੀ ਜਾਗ ਆਵੇ।*
*ਲੁੱਛੇ ਕਾਲਜਾ, ਤੜਫ਼ੇ ਜਾਨ ਮੇਰੀ,*
*ਜਦੋਂ ਯਾਦ ਦਿਲ ਜਲ੍ਹਿਆਂ ਦਾ ਬਾਗ਼ ਆਵੇ।*
*ਓਹੀ ਫਿਰੇ ਤਸਵੀਰ ਬਣ ਅੱਖੀਆਂ 'ਤੇ,*
*ਖ਼ਲਕਤ ਜੁੜੀ ਓਵੇ ਬੇ-ਸੁਮਾਰ ਦਿੱਸੇ।*
*ਵੀਰ ਵੀਰਨਾਂ ਨੂੰ ਮਿਲਨ ਜੱਫ਼ੀਆਂ ਪਾ,*
*ਓਹੀ ਏਕਤਾ ਤੇ ਓਹੀ ਪਿਆਰ ਦਿੱਸੇ।*

*ਭਾਰਤ ਮਾਤ ਜਾਏ ਓਵੇਂ ਇਕ ਥਾਂਏ,*
*ਮੋਮਨ, ਸਿੱਖ, ਹਿੰਦੂ ਪਾਣੀ ਪੀਂਵਦੇ ਨੇ।*
*ਤੱਕ ਤੱਕ ਕਰਦੇ ਅੱਖਾਂ ਠੰਡੀਆਂ ਨੇ,*
*ਰਿਸ਼ਤੇ ਮੁੱਦਤਾਂ ਦੇ ਟੁੱਟੇ ਸੀਵਦੇ ਨੇ।*
*ਉਸੇ ਤਰ੍ਹਾਂ 'ਆਗੂ' ਖੜ੍ਹੇ ਦੇਣ ਲੈਕਚਰ,*
*ਓਵੇਂ ਸੁਣਨ ਵਾਲੇ ਮੁਰਦੇ ਜੀਵਦੇ ਨੇ।*
*ਓਵੇਂ ਦੇਸ਼-ਆਜ਼ਾਦੀ ਦੀਆਂ ਹੋਣ ਸੋਚਾਂ,*
*ਬੰਧਨ ਹਿੰਦ ਦੇ ਓਵੇਂ ਤੁੜੀਂਵਦੇ ਨੇ।*
*ਉਸੇ ਤਰ੍ਹਾਂ ਉਸੇ ਗੁਠੋਂ ਗੋਰਖੇ ਲੈ,*
*ਡਾਇਰ ਗੰਨ ਮਸ਼ੀਨ ਗਡਾ ਦੇਵੇ।*
*ਭਾਰਤ ਲਾਡਲੇ ਸ਼ੇਰ ਸਪੁੱਤਰਾਂ 'ਤੇ,*
*ਜ਼ਾਲਮ ਗੋਲੀਆਂ ਦੀ ਝੜੀ ਲਾ ਦੇਵ।*

*ਬਿਰਧ ਬਾਲ ਓਵੇਂ ਧਾੜ-ਧਾੜ ਡਿੱਗਨ,*
*ਨਿੱਕੇ ਬਾਲ ਓਵੇਂ ਚਾਂਗਾਂ ਮਾਰਦੇ ਨੇ।*
*ਓਵੇਂ ਖ਼ੂਨ ਧਾਰਾਂ ਨਿਕਲਨ ਸੀਨਿਆਂ 'ਚੋਂ,*
*ਓਵੇਂ ਵੈਣ ਪੈਂਦੇ ਹਾ!!ਹਾ!! ਕਾਰ ਦੇ ਨੇ।*
*ਕੰਬੇ ਧਰਤ ਅਸਮਾਨ ਭੁਚਾਲ ਵਾਂਗੂ,*
*ਘਾਇਲ ਪਏ ਤੜਫ਼ਣ ਚੀਕਾਂ ਮਾਰਦੇ ਨੇ।*
*ਜ਼ਾਲਮ ਕੈਹਰ ਕੀਤੋ ਈ ਬੇਦੋਸ਼ਿਆ 'ਤੇ,*
*ਰੋਵਨ ਰੁੱਖ, ਪੱਤੇ ਧਾਹੀ ਮਾਰਦੇ ਨੇ।*
*ਮਾਵਾਂ ਪੁੱਤ ਓਵੇਂ ਮਿੱਟੀ ਵਿਚ ਰੁਲਦੇ,*
*ਦਿਸਣ ਭੈਣ ਭਾਈ ਪਤੀ ਨਾਰੀਆਂ ਦੇ।*
*ਉਸੇ ਤਰ੍ਹਾਂ ਸ਼ਹੀਦਾਂ ਦਾ ਖ਼ੂਨ ਵਹਿ ਕੇ,*
*ਠਾਠਾਂ ਮਾਰਦਾ ਵਿਚ ਕਿਆਰੀਆਂ।*

*ਉਸੇ ਤਰਾਂ ਫੱਟੜ ਪਾਣੀ ਪਏ ਮੰਗਣ,*
*ਓਵੇਂ ਲੋਥ ਉੱਤੇ ਲੋਥ ਚੜ੍ਹੀ ਦਿੱਸੇ!*
*ਓਵੇਂ ਪਸ਼ੂ ਪੰਛੀ ਤ੍ਰਾਹ ਤ੍ਰਾਹ ਕਰਦੇ,*
*ਓਵੇਂ ਗ਼ਜ਼ਬ ਦੀ ਗੁਜ਼ਰਦੀ ਘੜੀ ਦਿੱਸੇ!*
*ਜ਼ਾਲਮ ਡਾਇਰ ਓਵੇਂ ਦਿਸੇ ਫਾਇਰ ਕਰਦਾ,*
*ਓਵੇਂ ਗੋਰਖਿਆਂ ਦੀ ਧਾੜ ਖੜੀ ਦਿੱਸੇ!*
*ਦੇਸ਼ ਸੇਵਕਾਂ ਕੌਮੀ ਬਹਾਦਰਾਂ 'ਤੇ,*
*ਲੱਗੀ ਅਰਸ਼ ਤੋਂ ਫੁੱਲਾਂ ਦੀ ਝੜੀ ਦਿੱਸੇ!*
*ਕੌਮੀ ਲਾਲ ਕੁਹੀਂਵਦੇ ਦਿੱਸਨ ਓਵੇਂ,*
*ਨਕਸ਼ਾ ਵੇਖ ਮੈ ਸੁਧ ਵਿਸਰਾ ਡਿੱਗਾ!*
*ਕਈ ਕਈ ਦਿਨ ਇਸ ਤਰ੍ਹਾਂ ਲੰਘ ਜਾਵਨ,*
*ਆਵੇ ਹੋਸ਼ ਤਾਂ ਫੇਰ ਗਸ਼ ਖਾ ਡਿੱਗਾਂ!*

### ਮੁਹੰਮਦ ਹੁਸੈਨ ਅਰਸ਼ਦ ਅੰਮ੍ਰਿਤਸਰੀ

ਇਸ ਕਵੀ ਦੁਆਰਾ 'ਸਿਆਪਾ ਡਾਇਰ ਦਾ' ਉਨਵਾਨ ਅਧੀਨ ਫ਼ਾਰਸੀ ਅੱਖਰਾਂ ਵਿਚ ਪ੍ਰਕਾਸ਼ਿਤ ਇਕ ਚੌਵਰਕੀ ਪ੍ਰਾਪਤ ਹੈ। ਇਸ ਦੇ ਸਰਵਰਕ ਉਪਰ ਦਰਜ ਸੂਚਨਾ ਅਨੁਸਾਰ ਕਵੀ ਅੰਮ੍ਰਿਤਸਰ ਦਾ ਵਸਨੀਕ ਅਤੇ ਜਨਾਬ ਸਯਦ ਸਾਦਕ ਅੰਮ੍ਰਿਤਸਰੀ ਦਾ ਸ਼ਾਗਿਰਦ ਸੀ। 'ਲੱਗੇ ਗੋਲ਼ੀ ਡਾਇਰ ਓ ਤੇਰੇ, ਜਲ੍ਹਿਆਂ ਵਾਲੇ ਬਾਗ਼ ਤੇ ਜ਼ੁਲਮ ਕਮਾਇਆ' ਟੇਕ ਰੱਖ ਕੇ ਲਿਖੇ ਗਏ ਗੀਤ ਵਿਚ ਕਵੀ ਨੇ ਪੰਜਾਬੀਆਂ ਵੱਲੋਂ ਕੀਤੀ ਗਈ ਕੁਰਬਾਨੀ ਦੀ ਸਰਾਹਨਾ ਕੀਤੀ ਹੈ ਅਤੇ ਜਨਰਲ ਡਾਇਰ ਵੱਲੋਂ ਵਿਖਾਈ ਗਈ ਸੰਗਦਿਲੀ ਕਾਰਨ ਉਸ ਨੂੰ ਫਿੱਟ-ਲਾਅਨਤ ਪਾਈ ਹੈ।

### ਲੱਗੇ ਗੋਲ਼ੀ ਡਾਇਰ ਓ ਤੇਰੇ

*ਜਲ੍ਹਿਆਂ ਵਾਲੇ ਬਾਗ਼ 'ਤੇ*
*ਜ਼ੁਲਮ ਕਮਾਇਆ*
*ਲਾਸ਼ਾਂ ਦਾ ਤੂੰ ਢੇਰ ਲਗਾਇਆ*
*ਤਰਸ ਦਿਲੇ ਵਿਚ ਮੂਲ ਨਾ ਆਇਆ*
*ਮਦਨ ਮੋਹਨ ਨੂੰ ਮਾਰ ਮੁਕਾਇਆ*
*ਬੱਸ ਨਹੀਂ ਕੁਛ ਮੇਰੇ*
*ਲੱਗੇ ਗੋਲ਼ੀ ਡਾਇਰ ਓ ਤੇਰੇ*
*ਜੱਲ੍ਹਿਆਂ ਵਾਲੇ ਬਾਗ਼ 'ਤੇ*
*ਜ਼ੁਲਮ ਕਮਾਇਆ।*

*ਆਸੇ ਪਾਸੇ ਲੁੱਕ ਛਿਪ ਬਹਿੰਦੇ*
*ਗੋਲ਼ੀਆਂ ਤੇਰੀਆਂ ਸੀਨੇ ਸਹਿੰਦੇ*
*ਆਖ਼ਰ ਮਰ-ਮਰ ਲੰਬੇ ਪੈਂਦੇ*
*ਮੌਤ ਨੇ ਪਾ ਲਏ ਘੇਰੇ*
*ਲੱਗੇ ਗੋਲ਼ੀ ਡਾਇਰ ਓ ਤੇਰੇ*
*ਜੱਲ੍ਹਿਆਂ ਵਾਲੇ ਬਾਗ਼ 'ਤੇ*
*ਜ਼ੁਲਮ ਕਮਾਇਆ।*

*ਏਹੀ ਦਿਲ ਦੀਆਂ ਦਿਲ ਵਿਚ ਮੇਰੇ*
*ਬਦਲੇ ਲੈਣੇ ਡਾਇਰ ਤੇਰੇ*
*ਇਹ ਦੁਆ ਹੈ ਸ਼ਾਮ ਸਵੇਰੇ*
*ਮੌਲਾ ਮੇਰੇ ਦਿਨਾਂ ਨੂੰ ਫੇਰੇ*
*ਲੱਗੇ ਗੋਲ਼ੀ ਡਾਇਰ ਓ ਤੇਰੇ*
*ਜਲ੍ਹਿਆਂ ਵਾਲੇ ਬਾਗ਼ 'ਤੇ*
*ਜ਼ੁਲਮ ਕਮਾਇਆ।*

*ਹਿੰਦੂ, ਮੁਸਲਿਮ ਹੋ ਗਏ 'ਕੱਠੇ*
*ਨਾਲੇ ਖ਼ਾਲਸਾ ਭਾਈ ਰੱਲ ਕੇ*
*ਖ਼ਿਦਮਤ ਹਿੰਦ ਦੀ ਕਰਦੇ*
*ਗਾਂਧੀ ਦੇ ਬਣ ਕੇ ਚੇਰੇ*
*ਲੱਗੇ ਗੋਲ਼ੀ ਡਾਇਰ ਓ ਤੇਰੇ*
*ਜਲ੍ਹਿਆਂ ਵਾਲੇ ਬਾਗ਼ 'ਤੇ*
*ਜ਼ੁਲਮ ਕਮਾਇਆ।*

*ਆਰਜ਼ੂ ਦਿਲ ਦੀ ਇਹ ਹੈ ਮੇਰੀ*
*ਹੱਥ ਮੇਂ ਕੰਗਨਾ ਪੈਰੀ ਬੇੜੀ*
*ਨਾਲੇ ਸਿਹਰਾ ਬੰਨ੍ਹ ਕੇ ਜੀ*
*ਇਕ ਦਿਨ ਲੈਣੇ ਫੇਰੇ*
*ਲੱਗੇ ਗੋਲ਼ੀ ਡਾਇਰ ਓ ਤੇਰੇ*
*ਜਲ੍ਹਿਆਂ ਵਾਲੇ ਬਾਗ਼ 'ਤੇ*
*ਜ਼ੁਲਮ ਕਮਾਇਆ।*

*ਆਜ਼ਜ਼ ਗ਼ੁਲਾਮ ਰਸੂਲ ਪੁਕਾਰੇ*
*ਦਿਨ ਰਾਤੀਂ ਸ਼ਾਮ ਸਵੇਰੇ*
*ਲੱਗੇ ਗੋਲ਼ੀ ਡਾਇਰ ਓ ਤੇਰੇ*
*ਜਲ੍ਹਿਆਂ ਵਾਲੇ ਬਾਗ਼ 'ਤੇ*
*ਜ਼ੁਲਮ ਕਮਾਇਆ।* •

## ਜਹਿਰੀਲੀ ਸ਼ਰਾਬ ਨਾਲ ਮਰਨ ਵਾਲਿਆਂ ਦੇ ਪੀੜਤ ਪਰਿਵਾਰਾਂ ਨਾਲ ਦੁਖ ਸਾਂਝਾ ਕਰਨ ਪਹੁੰਚੇ ਸੁਨੀਲ ਜਾਖੜ

ਸੰਗਰੂਰ 27 ਮਾਰਚ। ਸੰਗਰੂਰ ਵਿਖੇ ਜਹਿਰੀਲੀ ਸ਼ਰਾਬ ਕਾਰਨ ਹੋਈਆਂ ਮੌਤਾਂ ਦੇ ਮਾਮਲੇ 'ਚ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਪਿੰਡ ਗੁੱਜਰਾਂ ਵਿਖੇ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਪੀੜਤ ਪਰਿਵਾਰਾਂ ਨਾਲ ਦੁਖ ਸਾਂਝਾ ਕੀਤਾ। ਇਸ ਮੌਕੇ ਉਨ੍ਹਾਂ ਨੇ ਸ਼ਰਾਬ ਪੀਣ ਨਾਲ ਮਰਨ ਵਾਲੇ ਲੋਕਾਂ ਦੇ ਪਰਿਵਾਰਾਂ ਨੂੰ ਦਿਲਾਸਾ ਦਿੱਤਾ। ਉਨ੍ਹਾਂ ਨੇ ਇਸ ਮੌਕੇ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਰਟੀ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ



ਅਸੀਂ ਇਲੈਕਸਨ ਕਮਿਸਨ ਨੂੰ ਮਿਲ ਕੇ ਆਏ ਤਾਂ ਉਨ੍ਹਾਂ ਨੇ ਐਸ.ਆਈ.ਟੀ. ਦਾ ਗਠਨ ਕੀਤਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਪਰਿਵਾਰ ਨਾਲ ਦੁਖ ਸਾਂਝੀ ਕੀਤਾ। ਉਨ੍ਹਾਂ ਕਿਹਾ ਕਿ ਇਸ ਪਿੰਡ ਇਕੱਠੇ ਕਈ ਸਿਵੇ ਬਲੇ ਹਨ ਅਤੇ ਪਰਿਵਾਰਾਂ ਦਾ ਬੁਰਾ ਹਾਲ ਹੈ। ਮੁੱਖ ਮੰਤਰੀ ਨੇ ਵੱਡਾ ਐਲਾਨ ਕਰਦਿਆਂ ਕਿਹਾ ਮ੍ਰਿਤਕ ਲੋਕਾਂ ਦੇ ਪਰਿਵਾਰਾਂ ਨੂੰ 5-5 ਲੱਖ ਰੁਪਏ ਦੇਣ ਦੀ ਗੱਲ ਕਹੀ ਅਤੇ ਨਾਲ ਹੀ ਕਿਹਾ ਕਿ ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਉਣਗੇ ਵੀ ਅਤੇ ਨੌਕਰੀਆਂ ਵੀ ਦੇਣਗੇ ਅਤੇ ਜਿਹੜੇ ਲੋਕ ਇਸ ਘਟਨਾ ਲਈ ਜ਼ਿੰਮੇਵਾਰ ਹਨ, ਉਨ੍ਹਾਂ 'ਤੇ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਹੈ।

## ਸੁਖਜਿੰਦਰ ਸਿੰਘ ਰੰਧਾਵਾ ਗੁਰਦੁਆਰਾ ਨੌਸਿਹਰਾ ਸਾਹਿਬ ਵਿਖੇ ਹੋਏ ਨਤਮਸਤਕ

ਪਠਾਨਕੋਟ 27 ਮਾਰਚ। ਅੱਜ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਜਨਰਲ ਸਕੱਤਰ ਇੰਚਾਰਜ ਰਾਜਸਥਾਨ ਕਾਂਗਰਸ ਤੇ ਵਿਧਾਇਕ ਡੇਰਾ ਬਾਬਾ ਨਾਨਕ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਨੇ ਗੁਰਦੁਆਰਾ ਨੌਸ਼ਿਹਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਸੰਤਾ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਸੁਖਜਿੰਦਰ ਸਿੰਘ ਰੰਧਾਵਾ ਨੇ ਸਮੂਹ ਸੰਗਤਾਂ ਨੂੰ ਕਿਹਾ ਕਿ ਸਾਨੂੰ ਬਾਣੀ ਅਤੇ ਬਾਣੇ ਦੇ ਧਾਰਨੀ ਬਣ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣਾ ਚਾਹੀਦਾ ਹੈ ਤੇ ਗੁਰੂਆਂ ਵੱਲੋਂ ਦਿੱਤੀਆਂ ਗਈਆਂ ਸਿੱਖਿਆਵਾਂ 'ਤੇ ਚੱਲ ਕਿ ਆਪਣਾ ਜੀਵਨ ਸਫਲਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਸਾਰੇ ਧਰਮਾਂ ਦੇ ਲੋਕਾਂ ਨਾਲ ਪਿਆਰ ਤੇ ਸਦਭਾਵਨਾ ਨਾਲ ਰਹਿਣਾ ਚਾਹੀਦਾ ਹੈ । ਰੰਧਾਵਾ ਨੇ ਕਿਹਾ ਕਿ ਗੁਰਦੁਆਰਾ ਵਿਖੇ ਆ ਕਿ ਸੰਤਾ ਨੂੰ ਮਿਲ ਕਿ ਮੇਰੀ ਰੂਹ ਨੂੰ ਸਕੂਨ ਮਿਲਿਆ ਹੈ ਅਤੇ ਸੰਤਾਂ ਵੱਲੋਂ ਬਖਸੇ ਨਿੱਘੇ ਮਾਣ ਸਤਿਕਾਰ ਲਈ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਸੰਤਾ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾਂ ਹਾਂ ਤੇ ਇਹ ਪੱਲ ਮੇਰੀ ਜ਼ਿੰਦਗੀ ਨੂੰ ਸਕੂਨ ਦੇਣ ਵਾਲੇ ਪੱਲ ਹੈ।

# ਵਿਦੇਸ਼ਾਂ ਦੇ ਸਸਤੇ ਟੂਰ-ਪੈਕੇਜ ਸੈਲਾਨੀਆਂ ਨੂੰ ਕਰ ਰਹੇ ਆਕਰਸ਼ਿਤ, 6 ਗੁਣਾ ਵਧ ਕਰ ਰਹੇ ਖਰਚਾ

ਕਿਸ਼ਨ ਪਾਲ

ਨਵੀਂ ਦਿੱਲੀ 27 ਮਾਰਚ। ਵਿਦੇਸ਼ਾਂ ਦੇ ਸਸਤੇ ਟੂਰ ਪੈਕੇਜ ਅਤੇ ਮੁਫਤ ਵੀਜ਼ਾਂ ਵਰਗੀਆਂ ਸਹੂਲਤਾਂ ਭਾਰਤ ਦੇਸ਼ ਦੇ ਵਾਸੀਆਂ ਨੂੰ ਹੋਰ ਦੇਸ਼ਾਂ ਵਿਚ ਘੁੰਮਣ ਜਾਣ ਲਈ ਆਕਰਸ਼ਿਤ ਕਰ ਰਹੀਆਂ ਹਨ। ਇਹ ਧਿਆਨ ਯੋਗ ਹੈ ਕਿ ਆਕਰਸ਼ਿਤ ਟੂਰ ਪੈਕੇਜਾਂ ਰਾਹੀਂ ਭਾਰਤੀਆਂ ਵੱਲੋਂ ਵਿਦੇਸੀ ਸੈਰ-ਸਪਾਟਾ ਦਾ ਰੁਝਾਨ ਵਧ ਰਿਹਾ ਹੈ। ਭਾਰਤੀ ਰਿਜਰਵ ਬੈਂਕ (ਆਰ.ਬੀ.ਆਈ.) ਦੀ ਰਿਪੋਰਟ ਮੁਤਾਬਕ ਭਾਰਤੀਆਂ ਨੇ ਜਨਵਰੀ ਮਹੀਨੇ ਯਾਤਰਾ 'ਤੇ ਲਗਭਗ 13,000 ਕਰੋੜ ਰੁਪਏ ਖਰਚ ਕੀਤੇ। ਜੇਕਰ ਸਭ ਕੁਝ ਠੀਕ ਰਿਹਾ ਤਾਂ ਇਹ ਰੁਝਾਨ ਭਵਿੱਖ ਵਿੱਚ ਵੀ ਦੇਖਣ ਨੂੰ ਮਿਲ ਸਕਦਾ ਹੈ। ਟੂਰ ਆਪਰੇਟਰਾਂ ਅਨੁਸਾਰ ਘਰੇਲੂ ਸੈਲਾਨੀ ਹੁਣ ਵਿਦੇਸਾਂ ਦਾ ਪੈਕੇਜ ਲੈ ਰਹੇ ਹਨ। ਇੰਡੋਨੇਸੀਆ, ਮਲੇਸੀਆ, ਥਾਈਲੈਂਡ ਅਤੇ ਸ੍ਰੀਲੰਕਾ ਵਰਗੇ ਵੀਜਾ ਮੁਫਤ ਦੇਸ ਸੈਲਾਨੀਆਂ ਦੇ ਪਸੰਦੀਦਾ ਸਥਾਨ ਬਣੇ ਹੋਏ ਹਨ। ਅਜਰਬੈਜਾਨ ਅਤੇ ਕਜਾਕਿਸਤਾਨ ਵਿਚ ਵੀ ਜਾਣ ਦਾ ਰੁਝਾਨ ਵਧਿਆ ਹੈ ਕਿਉਂਕਿ ਇਸ ਦੀ ਵੀਜਾ ਪ੍ਰਕਿਰਿਆ ਬਹੁਤ ਅਸਾਨ ਹੈ। ਸਿਵਲ ਏਵੀਏਸਨ ਦੇ ਡਾਇਰੈਕਟਰ ਜਨਰਲ (ਡੀਜੀਸੀਏ) ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਦੇਸ ਜਾਣ ਵਾਲੇ ਭਾਰਤੀਆਂ ਦੀ ਗਿਣਤੀ ਸਾਲਾਨਾ 18% ਦੀ ਦਰ ਨਾਲ ਵੱਧ ਰਹੀ ਹੈ। ਖਰਚੇ ਦੀ ਰਫਤਾਰ ਇਸ ਤੋਂ ਜ਼ਿਆਦਾ ਦਰ ਨਾਲ ਵੱਧ ਰਹੀ ਹੈ। ਮਾਹਰਾਂ ਮੁਤਾਬਕ ਦੱਖਣੀ-ਪੂਰਬੀ ਏਸੀਆਈ ਦੇਸਾਂ ਦੇ ਮੁਕਾਬਲੇ ਮੱਧ ਏਸੀਆ ਲਈ ਹਵਾਈ ਟਿਕਟਾਂ ਅਤੇ ਹੋਟਲ



ਦੇ ਖਰਚੇ ਬਹੁਤ ਸਸਤੇ ਹਨ। ਕਈ ਥਾਵਾਂ 'ਤੇ ਇਹ ਕੀਮਤ ਕੇਰਲ ਅਤੇ ਕਸਮੀਰ ਦੇ ਪੈਕੇਜਾਂ ਨਾਲੋਂ ਵੀ ਘੱਟ ਹੈ। ਅਜਿਹੇ 'ਚ ਘਰੇਲੂ ਯਾਤਰੀ ਵਿਦੇਸਾਂ 'ਚ ਘੁੰਮਣ ਜਾਣ ਦੀ ਚੋਣ ਕਰ ਰਹੇ ਹਨ। ਹਾਲਾਂਕਿ, ਇਸਦਾ ਮਤਲਬ ਇਹ ਨਹੀਂ ਹੈ ਕਿ ਘਰੇਲੂ ਸੈਰ-ਸਪਾਟਾ ਘਟ ਰਿਹਾ ਹੈ। ਦੇਸ ਵੱਡਾ ਹੈ ਅਤੇ ਸੈਲਾਨੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਟੂਰ ਆਪਰੇਟਰਾਂ ਅਨੁਸਾਰ ਦੱਖਣ-ਪੂਰਬੀ ਅਤੇ ਮੱਧ ਏਸੀਆ ਦੇ ਦੇਸਾਂ ਵਿੱਚ ਪੰਜ ਤਾਰਾ ਹੋਟਲ ਦਾ ਕਿਰਾਇਆ ਸਿਰਫ 5 ਤੋਂ 6 ਹਜਾਰ ਰੁਪਏ ਤੋਂ ਵੱਧ ਨਹੀਂ ਹੈ। ਭਾਰਤ ਵਿੱਚ, ਕਸਮੀਰ, ਕੇਰਲ ਅਤੇ ਜੈਪੁਰ ਵਰਗੇ ਮਸਹੂਰ ਸੈਲਾਨੀ ਖੇਤਰਾਂ ਵਿੱਚ ਇਹ ਕਿਰਾਇਆ 10,000 ਰੁਪਏ ਹੈ। ਸੈਰ-ਸਪਾਟੇ ਲਈ ਕਿਰਾਏ ਦੇ ਵਾਹਨ ਵੀ ਸਸਤੇ ਵਿੱਚ ਉਪਲਬਧ ਹਨ। ਅਜਿਹੇ 'ਚ ਉਨ੍ਹਾਂ ਨੂੰ ਹਵਾਈ ਕਿਰਾਏ 'ਚ ਥੋੜ੍ਹਾ ਜ਼ਿਆਦਾ ਹੀ ਭੁਗਤਾਨ ਕਰਨਾ ਪੈਂਦਾ ਹੈ। ਖਾਸ ਗੱਲ ਇਹ ਹੈ ਕਿ ਇਹ ਵਾਧਾ ਵੀ ਛੁੱਟੀਆਂ ਦੌਰਾਨ ਸਸਤੇ ਵਿਚ ਪੂਰਾ ਹੋ ਜਾਂਦਾ ਹੈ। ਕਿਸੇ ਦੇਸ ਦਾ ਵੀਜਾ ਮੁਕਤ ਹੋਣ ਨਾਲ ਸੈਲਾਨੀਆਂ ਨੂੰ ਕਈ ਸਹੂਲਤਾਂ ਮਿਲਦੀਆਂ ਹਨ। ਸਭ ਤੋਂ ਪਹਿਲਾਂ ਤਾਂ ਉਨ੍ਹਾਂ ਨੂੰ ਵੀਜਾ ਮਨਜੂਰੀ ਲਈ ਹਫਤਿਆਂ ਤੱਕ ਇੰਤਜਾਰ ਨਹੀਂ ਕਰਨਾ ਪਵੇਗਾ। ਦੂਜਾ, ਇਸ ਵਿੱਚ ਵਸੂਲੀ ਜਾਣ ਵਾਲੀ ਫੀਸ ਵੀ ਬਚ ਜਾਂਦੀ ਹੈ। ਇੰਡੋਨੇਸੀਆ ਵਿੱਚ ਇਹ ਫੀਸ 8,200 ਰੁਪਏ ਹੈ ਅਤੇ ਥਾਈਲੈਂਡ ਵਿੱਚ ਇਹ 4,500 ਰੁਪਏ ਤੱਕ ਸੀ। ਜਿਨ੍ਹਾਂ ਦੇਸਾਂ ਵਿੱਚ ਮੁਫਤ ਵੀਜਾ ਨਹੀਂ ਹੈ, ਉੱਥੇ ਪ੍ਰਕਿਰਿਆ ਤੇਜ ਹੋ ਗਈ ਹੈ। ਫੀਸ ਘਟਾ ਦਿੱਤੀ ਗਈ ਹੈ। ਸਿਰਫ 10 ਦਿਨਾਂ ਵਿੱਚ ਦਾ ਵੀਜਾ ਮਿਲ ਰਿਹਾ ਹੈ। ਇਜਰਾਈਲ ਵੀਜਾ ਫੀਸ 1100 ਰੁਪਏ ਹੈ ਜੋ ਕੋਵਿਡ ਤੋਂ ਪਹਿਲਾਂ 1700 ਰੁਪਏ ਸੀ। ਭਾਰਤ ਦੇਸ਼ ਦੇ ਵਾਸੀ ਦੁਨੀਆ ਭਰ ਦੇ 67 ਦੇਸ਼ਾਂ ਵਿਚ ਬਿਨਾਂ ਵਿਜਾ ਦੇ ਸੈਰ-ਸਪਾਟੇ ਲਈ ਜਾ ਸਕਦੇ ਹਨ।

## ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਣ ਮਗਰੋਂ ਭਾਜਪਾ ਨਾਲ ਗਠਜੋੜ ਨੂੰ ਲੈ ਕੇ ਢੀਂਡਸਾ ਦਾ ਵੱਡਾ ਬਿਆਨ

ਲੁਧਿਆਣਾ 27 ਮਾਰਚ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ 'ਜਗ ਬਾਣੀ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਕੋਰ ਕਮੇਟੀ ਨੇ ਬੀਤੇ ਦਿਨੀਂ ਚੰਡੀਗੜ੍ਹ 'ਚ ਜੋ ਅਕਾਲੀ ਦਲ ਨਾਲ ਭਾਜਪਾ ਦੇ ਭਵਿੱਖ ਦੇ ਗੱਠਜੋੜ ਦੀਆਂ ਚਰਚਾਵਾਂ ਨੂੰ ਵਿਰਾਮ ਲਗਾ ਕੇ ਸਿਧਾਂਤਾਂ 'ਤੇ ਚਲਦੇ ਬੰਦੀ ਸਿੰਘਾਂ ਦਾ ਮਾਮਲਾ, ਕਿਸਾਨਾਂ ਦੇ ਸੰਘਰਸ਼ ਅਤੇ ਅੰਮ੍ਰਿਤਪਾਲ ਦੇ ਮੁੱਦੇ ਤੋਂ ਇਲਾਵਾ ਧਾਰਮਿਕ ਮੁੱਦਿਆਂ 'ਚ ਬੇਲੋੜਾ ਦਖਲਅੰਦਾਜ਼ੀ ਖਤਮ ਕਰਨ ਉਪਰੰਤ ਕਿਸੇ ਤਰ੍ਹਾਂ ਦੇ ਗੱਠਜੋੜ ਦੀ ਜੋ ਗੱਲ ਆਖੀ, ਉਸ ਨਾਲ ਸ਼੍ਰੋਮਣੀ ਅਕਾਲੀ ਦਲ ਆਪਣੇ ਪਿਛਲੇ ਫੈਸਲਿਆਂ ਦੇ ਚਲਦੇ ਇਕ ਵਾਰ ਦਲੇਰਾਨਾ ਫੈਸਲਾ ਲੈਣ 'ਚ ਜੋ ਕਾਮਯਾਬ ਹੋਇਆ ਹੈ, ਇਸ ਦੇ ਅਕਾਲੀ ਦਲ ਲਈ ਚੰਗੇ ਸਿੱਟੇ ਨਿਕਲਣਗੇ। ਢੀਂਡਸਾ ਨੇ ਕਿਹਾ ਕਿ ਜੇਕਰ ਇਸ ਨੂੰ ਦੇਰ ਨਾਲ ਲਿਆ ਦਰੁਸਤ ਫੈਸਲਾ ਕਹਿ ਦਿੱਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਸਿਧਾਂਤ ਪਾਰਟੀਆਂ ਤੋਂ ਉੱਪਰ ਹੁੰਦੇ ਹਨ, ਜਿਹੜੀਆਂ ਪਾਰਟੀਆਂ ਸੂਬੇ ਦੀਆਂ ਮੰਗਾਂ ਅਤੇ ਸਿਧਾਂਤਾਂ ਨੂੰ ਤਲਾਂਜਲੀ ਦੇ ਦਿੰਦੀਆਂ ਹਨ, ਉਨ੍ਹਾਂ ਦਾ ਆਪਣਾ ਅਤੇ ਪਾਰਟੀਆਂ ਲਈ ਹਸ਼ਰ ਘਾਤਕ ਹੁੰਦਾ ਹੈ। ਢੀਂਡਸਾ ਨੇ ਕਿਹਾ ਕਿ ਅਕਾਲੀ ਦਲ ਪੰਜਾਬ ਦੀਆਂ ਮੰਗਾਂ ਬਾਰੇ ਲੰਮੇ ਸਮੇਂ ਤੋਂ ਮੰਗ ਕਰਦਾ ਆ ਰਿਹਾ ਹੈ ਅਤੇ ਜੋ ਅਕਾਲੀ ਦਲ ਨੇ ਆਪਣੀ ਮੰਗ ਰੱਖੀਆਂ ਸਨ, ਉਸ 'ਤੇ ਭਾਜਪਾ ਸੋਚੇ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਖੇਤਰੀ ਪਾਰਟੀ ਹੈ, ਉਹ ਆਪਣੇ ਭਾਈਚਾਰੇ ਨਾਲ ਨਾਲ ਖੜ੍ਹੀ ਹੈ ਅਤੇ ਖੜ੍ਹੀ ਰਹੇਗੀ।

## ਸਹੁਰੇ ਪਰਿਵਾਰ ਵੱਲੋਂ ਤੰਗ ਕਰਨ 'ਤੇ ਗਰਭ 'ਚ ਪਲ ਰਹੀ ਬੱਚੀ ਦੀ ਮੌਤ

ਜੋਧਾਂ 27 ਮਾਰਚ। ਪੁਲਸ ਥਾਣਾ ਜੋਧਾਂ ਵਿਖੇ ਗਰਭਪਤੀ ਔਰਤ ਨੂੰ ਸਹੁਰੇ ਪਰਿਵਾਰ ਦੇ ਮੈਂਬਰਾਂ ਵਲੋਂ ਤੰਗ-ਪਰੇਸ਼ਾਨ ਕਰਨ 'ਤੇ ਗਰਭ 'ਚ ਪਲ ਰਹੀ ਬੱਚੀ ਦੀ ਮੌਤ ਹੋ ਜਾਣ ਦੀ ਖਬਰ ਪ੍ਰਾਪਤ ਹੋਈ ਹੈ। ਇਸ ਸਬੰਧੀ ਗੱਲ ਕਰਦਿਆਂ ਪੀੜਤ ਔਰਤ ਸੰਦੀਪ ਕੌਰ ਪੁੱਤਰੀ ਬਲਦੇਵ ਸਿੰਘ ਵਾਸੀ ਜੱਸੋਵਾਲ ਨੇ ਦੱਸਿਆ ਕਿ ਉਸ ਦਾ ਵਿਆਹ ਪਿਛਲੇ ਸਾਲ ਮਈ ਮਹੀਨੇ 'ਚ ਰਾਜਦੀਪ ਸਿੰਘ ਪੁੱਤਰ ਜਗਪਾਲ ਸਿੰਘ ਵਾਸੀ ਗੁੱਜਰਵਾਲ ਨਾਲ ਹੋਇਆ ਸੀ, ਵਿਆਹ ਤੋਂ ਕੁੱਝ ਸਮਾਂ ਬਾਅਦ ਹੀ ਸਹੁਰਾ ਪਰਿਵਾਰ ਵਾਲਿਆਂ ਵਲੋਂ ਤੰਗ ਕੀਤਾ ਜਾਣ ਲੱਗਾ। ਉਸ ਦੇ ਗਰਭਵਤੀ ਹੋਣ ਦੇ ਬਾਵਜੂਦ ਵੀ ਸਹੁਰਾ ਪਰਿਵਾਰ ਵਲੋਂ ਉਸ ਕੋਲੋਂ ਘਰ ਦਾ ਕੰਮ ਕਰਵਾਇਆ ਜਾਣ ਲੱਗਾ। ਸੰਦੀਪ ਕੌਰ ਦਾ ਕਹਿਣਾ ਹੈ ਕਿ ਮੇਰੇ ਵਾਰ-ਵਾਰ ਕਹਿਣ 'ਤੇ ਮੈਨੂੰ ਪੀਲੀਆ ਹੋਣ ਕਾਰਨ ਡਾਕਟਰੀ ਇਲਾਜ ਲਈ ਲੁਧਿਆਣਾ ਦੇ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ। ਹਸਪਤਾਲ ਤੋਂ ਛੁੱਟੀ ਮਿਲਣ 'ਤੇ ਮੈਂ ਆਪਣੇ ਸਹੁਰੇ ਘਰ ਗੁੱਜਰਵਾਲ ਚਲੀ ਗਈ। ਉਸ ਤੋਂ ਬਾਅਦ ਵੀ ਸਹੁਰਾ ਪਰਿਵਾਰ ਵਲੋਂ ਹਸਪਤਾਲ 'ਚ ਇਲਾਜ 'ਤੇ ਖਰਚ ਆਏ ਪੈਸੇ ਮੰਗ ਰਹੇ ਹਨ। ਸਹੁਰਿਆਂ ਵਲੋਂ ਦਿੱਤੀ ਜਾਂਦੀ ਪਰੇਸ਼ਾਨੀ ਕਾਰਨ ਬੀਮਾਰ ਰਹਿਣ ਕਾਰਨ ਉਸ ਦੇ ਢਿੱਡ 'ਚ ਪਲ ਰਹੀਆਂ 2 ਧੀਆਂ 'ਚੋਂ ਇਕ ਦੀ ਮੌਤ ਹੋ ਗਈ। ਪੀੜਤ ਔਰਤ ਸੰਦੀਪ ਕੌਰ ਵਾਸੀ ਜੱਸੋਵਾਲ ਦੇ ਬਿਆਨਾਂ 'ਤੇ ਪਤੀ ਰਾਜਦੀਪ ਸਿੰਘ, ਸਹੁਰਾ ਜਗਪਾਲ ਸਿੰਘ ਅਤੇ ਸੱਸ ਕਰਮਜੀਤ ਕੌਰ ਖ਼ਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਂਚ ਅਧਿਕਾਰੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਮੁਲਜਮਾਂ ਰਾਜਦੀਪ ਸਿੰਘ, ਜਗਪਾਲ ਸਿੰਘ ਅਤੇ ਕਰਮਜੀਤ ਕੌਰ ਦੀ ਗ੍ਰਿਫਤਾਰੀ ਲਈ ਪੁਲਸ ਵਿਭਾਗ ਵਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਤਿੰਨੋਂ ਹੀ ਮੁਲਜਮ ਅਜੇ ਪੁਲਸ ਦੀ ਗ੍ਰਿਫਤ 'ਚੋਂ ਬਾਹਰ ਦੱਸੇ ਜਾਂਦੇ ਹਨ।

## ਵਿਦਿਆਰਥੀਆਂ ਦੇ ਮਾਪਿਆਂ ਲਈ ਬੇਹੱਦ ਅਹਿਮ ਖਬਰ, ਨਵੇਂ ਸੈਸ਼ਨ ਤੋਂ ਪਹਿਲਾਂ ਜਾਰੀ ਹੋਏ ਨਿਰਦੇਸ਼

ਏਜੰਸੀਆਂ

ਚੰਡੀਗੜ੍ਹ 27 ਮਾਰਚ। ਨਿੱਜੀ ਸਕੂਲਾਂ ਦੀਆਂ ਮਨਮਾਨੀਆਂ ਨੂੰ ਰੋਕਣ ਲਈ ਸਿੱਖਿਆ ਵਿਭਾਗ ਨੇ ਦਿਸਾ ਨਿਰਦੇਸ ਜਾਰੀ ਕੀਤੇ ਹਨ। ਇਸ ਤਹਿਤ ਨਿੱਜੀ ਸਕੂਲਾਂ 'ਚ ਕਿਤਾਬਾਂ ਅਤੇ ਵਰਦੀਆਂ ਆਦਿ ਨਹੀਂ ਵੇਚੀਆਂ ਜਾ ਸਕਦੀਆਂ। ਇਸ ਦੇ ਨਾਲ ਹੀ ਕਿਤਾਬਾਂ ਅਤੇ ਹੋਰ ਸਮੱਗਰੀ 'ਤੇ ਸਕੂਲ ਦਾ ਨਾਂ ਨਹੀਂ ਲਿਖਿਆ ਜਾ ਸਕਦਾ। ਮਾਪਿਆਂ 'ਤੇ ਕਿਸੇ ਵਿਸੇਸ ਦੁਕਾਨ ਤੋਂ ਕਿਤਾਬਾਂ ਆਦਿ ਖਰੀਦਣ ਲਈ ਦਬਾਅ ਨਹੀਂ ਪਾਇਆ ਜਾਵੇਗਾ। ਦਿਸਾ ਨਿਰਦੇਸਾਂ ਦੀ ਪਾਲਣਾ ਨਾ ਕਰਨ ਵਾਲੇ ਨਿੱਜੀ ਸਕੂਲਾਂ ਦੀ ਮਾਨਤਾ ਵੀ ਰੱਦ ਕੀਤੀ ਜਾ ਸਕਦੀ ਹੈ। ਚੰਡੀਗੜ੍ਹ ਸਿੱਖਿਆ ਵਿਭਾਗ ਨੇ ਮਾਪਿਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਜੇ ਕੋਈ ਨਿੱਜੀ ਸਕੂਲ ਉਨ੍ਹਾਂ 'ਤੇ ਕਿਸੇ ਦੁਕਾਨ ਤੋਂ ਕਿਤਾਬਾਂ ਅਤੇ ਵਰਦੀਆਂ ਖਰੀਦਣ ਲਈ ਦਬਾਅ ਪਾਉਂਦਾ ਹੈ ਤਾਂ ਉਹ ਲਿਖਤੀ ਸ਼ਿਕਾਇਤ ਦੇ ਸਕਦੇ ਹਨ। ਪ੍ਰਬੰਧਕਾਂ ਵਲੋਂ ਮਾਪਿਆਂ ਨੂੰ ਸਕੂਲ ਦੇ ਵ੍ਹਟਸਐਪ ਗਰੁੱਪ 'ਤੇ ਵਿਸੇਸ ਦੁਕਾਨਾਂ ਦੇ ਪਤੇ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ, ਜਿਸ 'ਚ ਦੁਕਾਨ ਦਾ ਨਾਂ ਤੇ ਪਤਾ ਵੀ ਛਾਪਿਆ ਗਿਆ ਹੈ। ਮਾਪਿਆਂ ਨੂੰ ਉਸੇ ਦੁਕਾਨ ਤੋਂ ਵਰਦੀ ਖਰੀਦਣ ਲਈ ਕਿਹਾ ਜਾ ਰਿਹਾ ਹੈ। ਮਾਪਿਆਂ ਦਾ ਕਹਿਣਾ ਹੈ ਕਿ ਸਕੂਲ ਪ੍ਰਬੰਧਕਾਂ ਨੂੰ ਵਰਦੀ ਦੇ ਸੈਂਪਲ ਅਤੇ ਰੰਗ



ਭੇਜਣੇ ਚਾਹੀਦੇ ਹਨ ਨਾ ਕਿ ਕਿਸੇ ਦੁਕਾਨ ਦਾ ਨਾਂ। ਜਿਨ੍ਹਾਂ ਦੁਕਾਨਾਂ ਦੇ ਨਾਂ ਸਕੂਲ ਭੇਜੇ ਜਾ ਰਹੇ ਹਨ, ਉਹ ਹੋਰ ਦੁਕਾਨਾਂ ਨਾਲੋਂ ਵੱਧ ਭਾਅ 'ਤੇ ਸਾਮਾਨ ਵੇਚਦੇ ਹਨ। ਨਿੱਜੀ ਸਕੂਲਾਂ ਦੀਆਂ ਮਹਿੰਗੀਆਂ ਕਿਤਾਬਾਂ ਤੇ ਵਰਦੀਆਂ ਚੋਣਵੀਆਂ ਦੁਕਾਨਾਂ 'ਤੇ ਹੀ ਮਿਲਦੀਆਂ ਹਨ। ਏਨਾ ਹੀ ਨਹੀਂ ਵਰਦੀ ਵੀ ਬਦਲਦੀ ਰਹਿੰਦੀ ਹੈ। ਰੰਗ, ਡਿਜਾਈਨ, ਸਟਿੱਕਰ ਅਤੇ ਟੈਗਜ ਰਾਹੀਂ ਵਰਦੀਆਂ ਅਤੇ ਜੁੱਤੀਆਂ ਆਦਿ ਵਿਚ ਬਦਲਾਅ ਕੀਤੇ ਜਾਂਦੇ ਹਨ। ਅਜਿਹੀ ਸਥਿਤੀ 'ਚ ਬੱਚਿਆਂ ਦੀ ਪੜ੍ਹਾਈ ਹੋਰ ਮਹਿੰਗੀ ਹੋ ਜਾਂਦੀ ਹੈ। ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫਸਰ ਬਿੰਦੂ ਅਰੋੜਾ ਨੇ ਕਿਹਾ ਹੈ ਕਿ ਨਵਾਂ ਅਧਿਆਪਨ ਸੈਸਨ ਸੁਰੂ ਹੋਣ ਜਾ ਰਿਹਾ ਹੈ। ਜੇ ਸਕੂਲ ਪ੍ਰਬੰਧਕ ਮਾਪਿਆਂ 'ਤੇ ਕਿਸੇ ਵਿਸੇਸ ਦੁਕਾਨ ਤੋਂ ਕਿਤਾਬਾਂ ਅਤੇ ਵਰਦੀ ਖਰੀਦਣ ਲਈ ਦਬਾਅ ਪਾਉਂਦੇ ਹਨ ਤਾਂ ਉਹ ਸੈਕਟਰ-19 ਸਥਿਤ ਸਿੱਖਿਆ ਵਿਭਾਗ ਦੇ ਦਫਤਰ ਨੂੰ ਲਿਖਤੀ ਸ਼ਿਕਾਇਤ ਦੇ ਸਕਦੇ ਹਨ।

# ਮੂਸੇ ਵਾਲਾ ਦੇ ਪਰਿਵਾਰ ਨੂੰ ਲੈ ਕੇ ਰਾਜਾ ਵੜਿੰਗ ਦਾ ਵੱਡਾ ਬਿਆਨ, ਕਿਹਾ 'ਚੱਟਾਨ ਵਾਂਗ ਨਾਲ ਖੜ੍ਹੀ ਹੈ ਕਾਂਗਰਸ'

ਏਜੰਸੀਆਂ

ਭੀਖੀ 27 ਮਾਰਚ। ਲੋਕ ਸਭਾ ਚੋਣਾਂ ਨੂੰ ਲੈ ਕੇ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ



ਰਾਜਾ ਵੜਿੰਗ ਨੇ ਬਲਾਕ ਭੀਖੀ ਦੇ ਸਰਪੰਚਾਂ ਤੇ ਹੋਰ ਅਹੁਦੇਦਾਰਾਂ ਨਾਲ ਇਕ ਨਿੱਜੀ ਹੋਟਲ ਵਿਖੇ ਮੀਟਿੰਗ ਕੀਤੀ ਪਰ ਆਮ ਕਾਂਗਰਸੀ ਵਰਕਰ ਹਾਜਰ ਨਹੀਂ ਸਨ ਤੇ ਮੀਡੀਆ ਨੂੰ ਵੀ ਅੰਦਰ ਨਹੀਂ ਜਾਣ ਦਿੱਤਾ ਗਿਆ। ਮੀਟਿੰਗ ਤੋਂ ਬਾਅਦ ਬਾਹਰ ਆ ਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਇਹ ਇਕ ਸਿਰਫ ਰਸਮੀ ਮੀਟਿੰਗ ਸੀ, ਜਿਸ 'ਚ ਉਨ੍ਹਾਂ ਸਰਪੰਚਾਂ-ਪੰਚਾਂ ਨੂੰ ਹਲਕਾ ਬਠਿੰਡਾ ਤੋਂ ਕਾਂਗਰਸ ਪਾਰਟੀ ਦੀ ਜਿੱਤ ਯਕੀਨੀ ਬਣਾਉਣ ਲਈ ਤਿਆਰ ਰਹਿਣ ਲਈ ਕਿਹਾ ਹੈ। ਬਲਕੌਰ ਸਿੰਘ ਸਿੱਧੂ ਦੇ ਲੋਕ ਸਭਾ ਹਲਕਾ ਬਠਿੰਡਾ ਤੋਂ ਚੋਣ ਲੜਨ ਬਾਰੇ ਪੁੱਛੇ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਉਹ ਹਾਈ ਕਮਾਨ ਦੀ ਸਹਿਮਤੀ ਨਾਲ ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਲੜ ਸਕਦੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਛੋਟੇ ਸਿੱਧੂ ਮੂਸੇ ਵਾਲਾ ਦੇ ਜਨਮ ਸਬੰਧੀ ਭੇਜੇ ਪੱਤਰ ਦੀ ਨਿੰਦਿਆ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਸਿੱਧੂ ਮੂਸੇ ਵਾਲਾ ਦੇ ਪਰਿਵਾਰ ਨਾਲ ਖੜ੍ਹੀ ਹੈ। ਮੀਟਿੰਗ ਦੌਰਾਨ ਅੰਦਰ ਕਾਫੀ ਰੌਲਾ ਰੱਪਾ ਪੈਂਦਾ ਰਿਹਾ। ਮੀਟਿੰਗ ਤੋਂ ਬਾਹਰ ਆਏ ਕੁਝ ਸਰਪੰਚਾਂ ਤੇ ਅਹੁਦੇਦਾਰਾਂ ਨੇ ਆਪਣਾ ਨਾਮ ਗੁਪਤ ਰੱਖਣ 'ਤੇ ਦੱਸਿਆ ਕਿ ਉਨ੍ਹਾਂ ਰਾਜਾ ਵੜਿੰਗ ਨੂੰ ਕਿਹਾ ਕਿ ਪਾਰਟੀ 'ਚ ਮਿਹਨਤੀ ਤੇ ਈਮਾਨਦਾਰ ਵਰਕਰਾਂ ਦੀ ਕੋਈ ਪੁੱਛ ਪ੍ਰਤੀਤ ਨਹੀਂ ਹੈ। ਤੁਸੀਂ ਪਿਛਲੀ ਵਾਰੀ ਲੋਕ ਸਭਾ ਚੋਣ ਲੜਨ ਤੋਂ ਬਾਅਦ ਪੰਜਾਬ 'ਚ ਕਾਂਗਰਸ ਦੀ ਸਰਕਾਰ ਹੁੰਦਿਆਂ ਕਿਸੇ ਸਰਪੰਚ ਜਾਂ ਹੋਰ ਅਹੁਦੇਦਾਰ ਦੀ ਕੋਈ ਗੱਲ ਨਹੀਂ ਸੁਣੀ। ਹੁਣ ਤੁਸੀਂ ਲੋਕ ਸਭਾ ਚੋਣਾ ਵੇਲੇ ਫਿਰ ਤੋਂ ਸਾਡੇ ਵਿਚਕਾਰ ਹੋ। ਸਰਪੰਚਾਂ ਨੂੰ ਸ਼ਾਂਤ ਕਰਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ। ਭਵਿੱਖ 'ਚ ਇਨ੍ਹਾਂ ਗੱਲਾਂ ਨੂੰ ਧਿਆਨ 'ਚ ਰੱਖਿਆ ਜਾਵੇਗਾ ਤੇ ਤਕੜੇ ਹੋ ਕੇ ਚੋਣ ਮੈਦਾਨ 'ਚ ਡਟਣ ਲਈ ਕਿਹਾ।

## ਚੰਡੀਗੜ੍ਹ 'ਚ ਘਿਨੌਣੀ ਵਾਰਦਾਤ, ਮੈਚ ਦਿਖਾਉਣ ਬਹਾਨੇ ਵਿਆਹੇ ਮਰਦਾਂ ਨੇ ਤਲਾਕਸ਼ੁਦਾ ਮਹਿਲਾ ਨਾਲ ਕੀਤਾ ਜਬਰ-ਜਿਨਾਹ

ਏਜੰਸੀਆਂ

ਚੰਡੀਗੜ੍ਹ 27 ਮਾਰਚ। ਕ੍ਰਿਕਟ ਮੈਚ ਦਿਖਾਉਣ ਦੇ ਬਹਾਨੇ ਮਹਿਲਾ ਦੋਸਤ ਨੂੰ ਚੰਡੀਗੜ੍ਹ ਬੁਲਾ ਕੇ ਜਬਰ-ਜ਼ਿਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮੁਲਜਮ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਸੈਕਟਰ 36 ਥਾਣਾ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਪੀੜਤ ਮਹਿਲਾ ਦੇ ਬਿਆਨ ਦਰਜ ਕੀਤੇ ਤੇ ਸੈਕਟਰ 16 ਦੇ ਜਨਰਲ ਹਸਪਤਾਲ 'ਚ ਉਸ ਦਾ ਮੈਡੀਕਲ ਕਰਵਾਇਆ। ਜਬਰ-ਜ਼ਿਨਾਹ ਦੀ ਮੈਡੀਕਲ ਪੁਸ਼ਟੀ ਹੋਣ ਤੋਂ ਬਾਅਦ ਸੈਕਟਰ 36 ਥਾਣਾ ਪੁਲਸ ਨੇ ਲੁਧਿਆਣਾ ਨਿਵਾਸੀ ਸੁਖਵਿੰਦਰ ਉਰਫ ਸੁੱਖੀ ਤੇ ਆਕਾਸ਼ ਖ਼ਿਲਾਫ਼ ਗੈਂਗਰੇਪ ਦਾ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਵੇਂ ਮੁਲਜ਼ਮ ਵਿਆਹੇ ਹੋਏ ਹਨ, ਜਦਕਿ ਪੀੜਤਾ ਤਲਾਕਸ਼ੁਦਾ ਹੈ। ਪੁਲਸ ਨੇ ਦੋਵਾਂ ਮੁਲਜ਼ਮਾਂ ਨੂੰ ਜ਼ਿਲਾ ਅਦਾਲਤ 'ਚ ਪੇਸ਼ ਕੀਤਾ, ਜਿਥੋਂ ਮੁਲਜ਼ਮਾਂ ਨੂੰ ਨਿਆਇਕ ਹਿਰਾਸਤ 'ਚ ਭੇਜ ਦਿੱਤਾ ਗਿਆ। ਲੁਧਿਆਣਾ ਵਾਸੀ ਸੁਖਵਿੰਦਰ ਸਿੰਘ ਉਰਫ਼ ਸੁੱਖੀ ਨੇ ਮੁੱਲਾਂਪੁਰ 'ਚ ਕ੍ਰਿਕਟ ਮੈਚ ਦਿਖਾਉਣ ਦੇ ਬਹਾਨੇ ਆਪਣੀ ਜਾਣਕਾਰ ਨੂੰ ਸੈਕਟਰ 35 'ਚ ਬੁਲਾਇਆ ਸੀ। ਸੁਖਵਿੰਦਰ ਨਾਲ ਉਸ ਦਾ ਦੋਸਤ ਆਕਾਸ਼ ਵੀ ਸੀ। ਔਰਤ ਚੰਡੀਗੜ੍ਹ ਆਈ ਤੇ ਤਿੰਨੇ ਕਰੀਬ 5 ਘੰਟੇ ਸ਼ਹਿਰ 'ਚ ਘੁੰਮਦੇ ਰਹੇ। ਸ਼ਨੀਵਾਰ ਰਾਤ ਸੁਖਵਿੰਦਰ ਨੇ ਸੈਕਟਰ 43 ਸਥਿਤ ਪਾਰਕ ਗ੍ਰੈਂਡ ਹੋਟਲ 'ਚ ਕਮਰਾ ਬੁੱਕ ਕਰਵਾਇਆ ਤੇ ਔਰਤ ਨੂੰ ਕਮਰੇ 'ਚ ਲੈ ਗਿਆ। ਕਮਰੇ 'ਚ ਨਸ਼ੀਲਾ ਪਦਾਰਥ ਮਿਲਾ ਕੇ ਸੁਖਵਿੰਦਰ ਤੇ ਆਕਾਸ਼ ਨੇ ਜਬਰ-ਜ਼ਿਨਾਹ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਜਦੋਂ ਔਰਤ ਨੂੰ ਹੋਸ਼ ਆਇਆ ਤਾਂ ਉਹ ਬਿਨਾਂ ਕੱਪੜਿਆਂ ਤੋਂ ਸੀ। ਉਸ ਨੇ ਮਾਮਲੇ ਦੀ ਸੂਚਨਾ ਪੁਲਸ ਨੂੰ ਦਿੱਤੀ। ਸੈਕਟਰ 36 ਥਾਣਾ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਸਥਾਨ ਦਾ ਜਾਇਜ਼ਾ ਲਿਆ ਤੇ ਪੀੜਤਾ ਦੇ ਬਿਆਨ ਦਰਜ ਕੀਤੇ। ਪੀੜਤਾ ਨੇ ਪੁਲਸ ਨੂੰ ਦੱਸਿਆ ਕਿ ਸੁਖਵਿੰਦਰ ਤੇ ਉਸ ਦੇ ਦੋਸਤ ਆਕਾਸ਼ ਨੇ ਉਸ ਨਾਲ ਜਬਰ-ਜ਼ਿਨਾਹ ਕੀਤਾ। ਥਾਣਾ ਪੁਲਸ ਨੇ ਦੋਵਾਂ ਮੁਲਜ਼ਮਾਂ ਖ਼ਿਲਾਫ਼ ਗੈਂਗਰੇਪ ਸਮੇਤ ਹੋਰ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ। ਇਸ ਤੋਂ ਬਾਅਦ ਮੁਲਜ਼ਮਾਂ ਨੂੰ ਫੜਨ ਲਈ ਵਿਸ਼ੇਸ਼ ਟੀਮ ਬਣਾਈ ਗਈ। ਪੁਲਸ ਟੀਮ ਨੇ ਜਾਂਚ ਕਰਦਿਆਂ ਫਰਾਰ ਮੁਲਜ਼ਮ ਸੁਖਵਿੰਦਰ ਉਰਫ ਸੁੱਖੀ ਤੇ ਆਕਾਸ਼ ਵਾਸੀ ਲੁਧਿਆਣਾ ਨੂੰ ਗ੍ਰਿਫ਼ਤਾਰ ਕਰ ਲਿਆ।

## ਪੰਜਾਬ ਦੀ ਸਿਆਸਤ 'ਚ ਮੁੜ ਪਈ 'ਖੂੰਡੇ' ਦੀ ਗੂੰਜ

ਮੋਗਾ 27 ਮਾਰਚ। ਪੰਜਾਬ ਵਿਚ ਖੂੰਡੇ ਦੀ ਸਿਆਸਤ ਮੁੜ ਚਰਚਾ ਵਿਚ ਆ ਗਈ ਹੈ। ਲਗਭਗ 12 ਸਾਲ ਬਾਅਦ ਪੰਜਾਬ ਦੀ ਸਿਆਸਤ ਵਿਚ ਖੂੰਡੇ ਦੀ ਗੂੰਜ ਸੁਣਾਈ ਦਿੱਤੀ ਹੈ। ਦਰਅਸਲ ਖੂੰਡੇ ਦਾ ਪੰਜਾਬ ਦੀ ਸਿਆਸਤ ਵਿਚ 12 ਸਾਲ ਪਹਿਲਾਂ ਦਾ ਕਿੱਸਾ ਜੁੜਿਆ ਹੈ। 12 ਵਰ੍ਹੇ ਪਹਿਲਾਂ ਮਾਲਵੇ ਦੇ ਅਹਿਮ ਵਿਧਾਨ ਸਭਾ ਹਲਕੇ ਬਾਘਾਪੁਰਾਣਾ ਵਿਖੇ ਕਾਂਗਰਸ ਦੀ ਹੋਈ ਜਨਤਕ ਰੈਲੀ 'ਚ ਇੱਥੋਂ ਦੇ ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਤੇ ਪੁੱਤਰ ਕਮਲਜੀਤ ਬਰਾੜ ਵੱਲੋਂ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਖੂੰਡਾ ਭੇਟ ਕੀਤਾ ਸੀ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਇਸ ਨੂੰ ਸਿਆਸਤ ਦਾ ਹਿੱਸਾ ਬਣਾਇਆ ਸੀ, ਹੁਣ ਇਹ ਸੁਖਬੀਰ ਬਾਦਲ ਦੇ ਹੱਥ ਹੋਣ ਕਾਰਨ ਸੁਰਖੀਆਂ ਵਿਚ ਹੈ। ਇਸ ਦੀ ਆਮ ਲੋਕਾਂ ਅਤੇ ਵਰਕਰਾਂ ਵਿਚ ਚਰਚਾ ਹੋ ਰਹੀ ਹੈ। ਮੋਗਾ ਵਿਖੇ ਪੰਜਾਬ ਬਚਾਓ ਯਾਤਰਾ ਦੌਰਾਨ ਸੁਖਬੀਰ ਬਾਦਲ ਮੋਗਾ ਹੁੰਦੇ ਹੋਏ ਆਪਣੇ ਸੰਸਦੀ ਹਲਕੇ ਫ਼ਿਰੋਜ਼ਪੁਰ ਵੱਲ ਵੱਧ ਰਹੇ ਸਨ ਤਾਂ ਉਨ੍ਹਾਂ ਨੇ ਖੂੰਡੇ ਨੂੰ ਆਪਣੇ ਹੱਥੋਂ ਛੱਡਿਆ ਨਹੀਂ। ਇਥੇ ਹੀ ਬਸ ਨਹੀਂ ਸੁਖਬੀਰ ਸਿੰਘ ਬਾਦਲ ਨੇ ਆਪਣੇ ਫੇਸਬੁੱਕ ਪੇਜ 'ਤੇ ਵੀ ਖੂੰਡੇ ਨਾਲ ਤਸਵੀਰ ਸਾਂਝੀ ਕੀਤੀ ਹੈ ਅਤੇ ਉਨ੍ਹਾਂ ਦੇ ਵਰਕਰ ਇਸ ਨੂੰ ਕਾਫ਼ੀ ਪਸੰਦ ਕਰ ਰਹੇ ਹਨ।

# ਗਲਤ ਟਰੈਕ 'ਤੇ ਚੱਲੀ ਮਾਲਗੱਡੀ ਦੇ ਮਾਮਲੇ 'ਚ ਰੇਲਵੇ ਦੀ ਵੱਡੀ ਕਾਰਵਾਈ

ਜਲੰਧਰ/ਲੁਧਿਆਣਾ/ਫਿਰੋਜਪੁਰ 27 ਮਾਰਚ। ਫਿਰੋਜਪੁਰ ਰੇਲ ਡਿਵੀਜਨ ਵਿਚ ਕਰੀਬ 78 ਕਿਲੋਮੀਟਰ ਬਿਨਾਂ ਡਰਾਈਵਰ ਅਤੇ ਗਾਰਡ ਦੇ ਚੱਲਣ ਵਾਲੀ ਮਾਲਗੱਡੀ ਦਾ ਮਾਮਲਾ ਅਜੇ ਖਤਮ ਨਹੀਂ ਹੋਇਆ ਸੀ ਕਿ ਇਕ ਹੋਰ ਵੱਡੀ ਲਾਪ੍ਰਵਾਹੀ ਦਾ ਮਾਮਲਾ ਸਾਹਮਣੇ ਆਇਆ ਹੈ। ਨਵੇਂ ਮਾਮਲੇ 'ਚ ਲੁਧਿਆਣਾ ਤੋਂ ਸੁੱਚੀ ਪਿੰਡ ਲਈ ਚੱਲੀ ਪੈਟਰੋਲ ਨਾਲ ਭਰੇ ਟੈਂਕਰਾਂ ਵਾਲੀ ਮਾਲ ਗੱਡੀ ਗਲਤੀ ਨਾਲ 39 ਕਿਲੋਮੀਟਰ ਦੂਰ ਟਾਂਡਾ ਸਟੇਸਨ ਤਕ ਪਹੁੰਚ ਗਈ, ਜਿਸ ਨੂੰ 5.30 ਘੰਟੇ ਬਾਅਦ ਵਾਪਸ ਸੁੱਚੀ ਪਿੰਡ ਲਿਆਂਦਾ ਗਿਆ। ਇਸ ਮਾਮਲੇ ਵਿਚ ਵੀ ਰੇਲ ਗੱਡੀ ਦੇ ਲੋਕੋ ਪਾਇਲਟ ਅਤੇ ਟਰੇਨ ਮੈਨੇਜਰ ਦੀ ਲਾਪ੍ਰਵਾਹੀ ਨਾਲ ਫਿਰੋਜਪੁਰ ਡਿਵੀਜਨ ਦਾ ਅਕਸ ਇਕ ਵਾਰ ਫਿਰ ਧੁੰਦਲਾ ਹੋਇਆ ਹੈ। ਗਲਤ ਟਰੈਕ 'ਤੇ ਮਾਲਗੱਡੀ ਚੱਲਣ ਦੇ ਮਾਮਲੇ ਵਿਚ ਰੇਲਵੇ ਨੇ ਵੱਡੀ ਕਾਰਵਾਈ ਕੀਤੀ ਹੈ। ਸੂਤਰਾਂ ਮੁਤਾਬਕ ਲੁਧਿਆਣਾ ਹੈੱਡਕੁਆਰਟਰ ਦੇ ਲੋਕੋ ਪਾਇਲਟ ਅਤੇ ਗਾਰਡ ਨੂੰ ਫ਼ਿਰੋਜਪੁਰ ਡਿਵੀਜਨ ਵਿਚ ਤਲਬ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਬੀਤੇ ਦਿਨੀਂ ਗੁਜਰਾਤ ਦੇ ਵਡੋਦਰਾ ਤੋਂ ਪੈਟਰੋਲ ਨਾਲ ਭਰੇ 50 ਟੈਂਕਰਾਂ ਵਾਲੀ ਮਾਲ ਗੱਡੀ ਸੁੱਚੀ ਪਿੰਡ ਵਾਸਤੇ ਰਵਾਨਾ ਹੋਈ ਸੀ। ਲੁਧਿਆਣਾ ਸਟੇਸਨ 'ਤੇ ਇਸ ਦਾ ਚਾਲਕ ਦਲ ਬਦਲਿਆ ਜਾਣਾ ਸੀ। ਲੋਕੋ ਪਾਇਲਟ ਵਿਜੇ ਪ੍ਰਤਾਪ ਅਤੇ ਲੁਧਿਆਣਾ ਹੈੱਡਕੁਆਰਟਰ ਦੇ ਟਰੇਨ ਮੈਨੇਜਰ ਭਵਾਨੀ ਸਿੰਘ ਨੇ ਇਸ ਦਾ ਚਾਰਜ ਮੀਮੋ ਲਿਆ ਸੀ, ਜਿਸ ਨੂੰ ਉਸ ਨੇ ਧਿਆਨ ਨਾਲ ਨਹੀਂ ਪੜ੍ਹਿਆ। ਲੁਧਿਆਣਾ ਤੋਂ ਇਹ ਮਾਲ ਗੱਡੀ ਰਵਾਨਾ ਹੋ ਕੇ ਸ਼ਨੀਵਾਰ ਸਵੇਰੇ 5.15 ਵਜੇ ਸੁੱਚੀ ਪਿੰਡ ਸਟੇਸ਼ਨ ਨੂੰ ਪਾਸ ਕਰਦੇ ਹੋਏ ਅੱਗੇ ਨਿਕਲ ਗਈ। ਅਲਾਵਲਪੁਰ ਸਟੇਸਨ ਤੋਂ ਹੁੰਦੀ ਹੋਈ ਇਹ ਜਦੋਂ ਟਾਂਡਾ ਸਟੇਸਨ 'ਤੇ ਪਹੁੰਚੀ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਸ ਮਾਲ ਗੱਡੀ ਟਰੇਨ ਨੇ ਤਾਂ ਸੁੱਚੀ ਪਿੰਡ ਸਟੇਸਨ ਦੇ ਇੰਡੀਅਨ ਆਇਲ ਡਿਪੂ 'ਤੇ ਜਾਣਾ ਸੀ। ਕਾਹਲੀ-ਕਾਹਲੀ ਵਿਚ ਟਰੇਨ ਨੂੰ ਵਾਪਸ ਮੋੜਿਆ ਗਿਆ, ਜੋਕਿ ਸਵੇਰੇ 10:40 'ਤੇ ਸੁੱਚੀ ਪਿੰਡ ਸਟੇਸਨ 'ਤੇ ਪਹੁੰਚੀ , ਜਿਸ ਨੂੰ ਦੁਪਹਿਰ 1.15 ਵਜੇ ਇੰਡੀਅਨ ਆਇਲ ਡਿਪੂ ਵਿਖੇ ਪਲੇਸ ਕੀਤਾ ਗਿਆ। ਜ਼ਿਕਰਯੋਗ ਹੈ ਕਿ ਮਾਲ ਗੱਡੀ ਵਿਚ ਸਫੈਦ ਪੈਟਰੋਲ ਦੇ 47 ਟੈਂਕਰ ਅਤੇ ਡੀਜਲ ਦੇ ਤਿੰਨ ਟੈਂਕਰ ਸਨ ਤੁਹਾਨੂੰ ਦੱਸ ਦੇਈਏ ਕਿ ਸਫੈਦ ਪੈਟਰੋਲ ਦੀ ਵਰਤੋਂ ਹਵਾਈ ਜਹਾਜਾਂ ਵਿਚ ਕੀਤੀ ਜਾਂਦੀ ਹੈ। ਦੂਜੇ ਪਾਸੇ ਫ਼ਿਰੋਜਪੁਰ ਡਿਵੀਜਨ ਦੇ ਅਧਿਕਾਰੀਆਂ ਨੇ ਇਸ ਵੱਡੀ ਲਾਪ੍ਰਵਾਹੀ ਦੀ ਜਾਂਚ ਸੁਰੂ ਕਰ ਦਿੱਤੀ ਹੈ। ਸੂਤਰਾਂ ਮੁਤਾਬਕ ਲੁਧਿਆਣਾ ਹੈੱਡਕੁਆਰਟਰ ਦੇ ਲੋਕੋ ਪਾਇਲਟ ਅਤੇ ਗਾਰਡ ਨੂੰ ਫ਼ਿਰੋਜਪੁਰ ਡਿਵੀਜਨ ਵਿਚ ਤਲਬ ਕੀਤਾ ਗਿਆ ਹੈ। ਰੇਲਵੇ ਦੇ ਸਬੰਧਤ ਟ੍ਰੈਫਿਕ ਇੰਸਪੈਕਟਰ ਅਸੋਕ ਸਿਨਹਾ ਨੇ ਵੀ ਸੁੱਚੀ ਪਿੰਡ ਸਟੇਸਨ 'ਤੇ ਪਹੁੰਚ ਕੇ ਪੂਰੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਅਤੇ ਗਾਰਡ ਦੇ ਬਿਆਨ ਦਰਜ ਕੀਤੇ।

# ਪੈਰਾ-ਮਿਲਟਰੀ ਫੋਰਸ ਤਾਇਨਾਤ ਹੋਣ ਦੇ ਬਾਵਜੂਦ ਭਾਰਤ-ਪਾਕਿ ਸਰਹੱਦ 'ਤੇ ਉਡਾਏ ਜਾ ਰਹੇ ਨੇ ਵੱਡੇ ਤੇ ਛੋਟੇ

ਸਰਦੂਲ ਸਿੰਘ

ਅੰਮ੍ਰਿਤਸਰ 27 ਮਾਰਚ। ਕੇਂਦਰੀ ਚੋਣ ਕਮਿਸਨ ਵੱਲੋਂ ਚੋਣ ਜਾਬਤਾ ਲਾਗੂ ਕਰ ਦਿੱਤਾ ਗਿਆ ਹੈ ਅਤੇ ਅਰਧ-ਸੈਨਿਕ ਬਲ, ਪੰਜਾਬ ਪੁਲਸ ਦੀਆਂ ਟੀਮਾਂ ਅਤੇ ਫਲਾਇੰਗ ਸਕੁਐਡ ਪੂਰੇ ਜ਼ਿਲੇ 'ਚ ਗਸਤ ਕਰ ਰਹੇ ਹਨ ਪਰ ਇਸ ਦੇ ਬਾਵਜੂਦ ਭਾਰਤ-ਪਾਕਿਸਤਾਨ ਸਰਹੱਦ 'ਤੇ ਡਰੋਨਾਂ ਦੀ ਮੂਵਮੈਂਟ ਜਾਰੀ ਹੈ। ਸਰਹੱਦੀ ਪਿੰਡ ਅਟੱਲਗੜ੍ਹ 'ਚ ਪਾਕਿਸਤਾਨੀ ਡਰੋਨਾਂ ਦੀ ਆਮਦ ਨੂੰ ਦੇਖ ਕੇ ਸਥਾਨਕ ਲੋਕਾਂ ਨੇ ਪੁਲਸ ਨੂੰ ਸੂਚਿਤ ਕੀਤਾ ਅਤੇ ਅਜਿਹਾ ਹੀ ਕੁਝ ਸਰਹੱਦੀ ਪਿੰਡ ਨੇਸਟਾ 'ਚ ਵੀ ਦੇਖਣ ਨੂੰ ਮਿਲਿਆ। ਬੀ. ਐੱਸ. ਐੱਫ. ਅਤੇ ਪੰਜਾਬ ਪੁਲਸ ਵੱਲੋਂ ਵਿਲੇਜ ਡਿਫੈਂਸ ਕਮੇਟੀਆਂ ਦੇ ਸਹਿਯੋਗ ਨਾਲ ਡਰੋਨਾਂ ਨੂੰ ਜਬਤ ਕਰ ਲਿਆ ਗਿਆ ਪਰ ਉੱਥੇ ਹੀ ਸਮੱਗਲਰਾਂ ਦਾ ਕੋਈ ਸੁਰਾਗ ਨਹੀਂ ਲੱਗਾ ਹੈ ਅਤੇ ਨਾ ਹੀ ਡਰੋਨ ਰਾਹੀਂ ਸੁੱਟੀ ਖੇਪ ਬਾਰੇ ਅਜੇ ਤੱਕ ਕੋਈ ਜਾਣਕਾਰੀ ਮਿਲੀ ਹੈ। ਦੂਜੇ ਪਾਸੇ ਭਾਰਤ-ਪਾਕਿਸਤਾਨ ਸਰਹੱਦ ਦੀ ਕੰਡਿਆਲੀ ਤਾਰ ਦੇ ਦੋਵੇਂ ਪਾਸੇ ਇਸ ਵੇਲੇ ਕਣਕ ਦੀ ਫਸਲ ਖੜ੍ਹੀ ਹੈ ਅਤੇ ਆਉਣ ਵਾਲੇ ਦਿਨਾਂ 'ਚ ਇਸ ਦੀ ਕਟਾਈ ਦਾ ਕੰਮ ਸੁਰੂ ਹੋਣ ਵਾਲਾ ਹੈ, ਇਸ ਖੜ੍ਹੀ ਫਸਲ ਦੀ ਆੜ 'ਚ ਪਾਕਿਸਤਾਨੀ ਸਮੱਗਲਰਾਂ ਨੇ ਹੈਰੋਇਨ ਦੀ ਭਾਰੀ ਖੇਪ ਸੁੱਟਣੀ ਸੁਰੂ ਕਰ ਦਿੱਤੀ ਹੈ। ਜਿਹੜੇ ਵੱਡਾ ਡਰੋਨ ਨੂੰ ਜਬਤ ਕੀਤਾ ਗਿਆ ਹੈ, ਉਹ ਅਤਿ-ਆਧੁਨਿਕ ਹੈ ਅਤੇ ਭਾਰੀ ਭਾਰ ਚੁੱਕਣ ਦੇ ਸਮਰੱਥ ਹੈ। 8 ਮਾਰਚ ਦੇ ਦਿਨ ਵੀ ਪਾਕਿਸਤਾਨੀ ਡਰੋਨ ਡੇਢ ਕਿਲੋਮੀਟਰ ਭਾਰਤੀ ਸਰਹੱਦ ਅੰਦਰ ਖੇਪ ਸੁੱਟ ਕੇ ਵਾਪਸ ਪਰਤਿਆ। ਸਰਹੱਦੀ ਪਿੰਡ ਮੁਹਾਵਾ ਤੋਂ ਗੱਲੂਵਾਲ ਵੱਲ ਜਾਂਦੇ ਰਸਤੇ 'ਚ ਗੁਰਦੁਆਰਾ ਸਾਹਿਬ ਤੋਂ ਥੋੜ੍ਹਾ ਅੱਗੇ ਹੈਰੋਇਨ ਨੂੰ ਗੱਲੂਵਾਲ ਵੱਲ ਸੁੱਟਿਆ ਗਿਆ, ਜਿਸ ਦੀ ਆਵਾਜ ਦੂਰ-ਦੂਰ ਤੱਕ ਸੁਣਾਈ ਦਿੱਤੀ ਅਤੇ ਕਈ ਸਮੱਗਲਰ ਇਸ ਖੇਪ ਨੂੰ ਲੈਣ ਲਈ ਮੌਕੇ 'ਤੇ ਪਹੁੰਚ ਗਏ ਕਿਉਂਕਿ ਜਿਸ ਇਲਾਕੇ 'ਚ ਇਹ ਖੇਪ ਡਿੱਗੀ ਸੀ, ਉਸ ਇਲਾਕੇ 'ਚ ਸਮੱਗਲਰਾਂ ਵੱਲੋਂ ਕਣਕ ਦੀ ਫਸਲ ਦਾ ਨੁਕਸਾਨ ਕੀਤਾ ਗਿਆ ਪਰ ਉਨਾਂ ਨੂੰ ਖੇਪ ਨਹੀਂ ਮਿਲ ਸਕੀ। ਹਾਲਾਂਕਿ ਮੰਨਿਆ ਜਾ ਰਿਹਾ ਹੈ ਕਿ ਸਮੱਗਲਰਾਂ ਵੱਲੋਂ ਹੈਰੋਇਨ ਦੇ ਇਕ ਤੋਂ ਵੱਧ ਪੈਕੇਟ ਸੁੱਟੇ ਗਏ ਹਨ ਪਰ ਇਕ ਪੈਕੇਟ ਉਨ੍ਹਾਂ ਦੇ ਹੱਥ ਨਹੀਂ ਲੱਗਾ ਪਰ ਅਜੇ ਤੱਕ ਗੱਲੂਵਾਲ 'ਚ ਖੇਪ ਮੰਗਵਾਉਣ ਵਾਲੇ ਸਮੱਗਲਰਾਂ ਦਾ ਕੋਈ ਸੁਰਾਗ ਨਹੀਂ ਮਿਲ ਸਕਿਆ ਹੈ। ਪਾਕਿਸਤਾਨ ਕਿਸ ਤਰ੍ਹਾਂ ਭਾਰਤ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ 'ਚ ਫਸਾਉਣਾ ਚਾਹੁੰਦਾ ਹੈ, ਇਸ ਦਾ ਅੰਦਾਜਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਪਾਕਿਸਤਾਨੀ ਸਮੱਗਲਰਾਂ ਨੇ ਹੈਰੋਇਨ ਦੀ ਇਕ ਖੇਪ ਅਟਾਰੀ ਦੇ ਹਾਕੀ ਗਰਾਊਂਡ ਅੰਦਰ ਹੀ ਸੁੱਟ ਦਿੱਤੀ ਸੀ, ਹਾਲਾਂਕਿ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਖੇਪ ਲੈਣ ਆਏ 2 ਸਮੱਗਲਰਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਪਰ ਜਾਂਚ 2 ਸਮੱਗਲਰਾਂ ਤੱਕ ਹੀ ਸੀਮਿਤ ਰਹਿ ਗਈ। ਸਮੱਗਲਰਾਂ ਵੱਲੋਂ ਇਕ ਸਾਜ਼ਿਸ ਤਹਿਤ ਖੇਡ ਸਟੇਡੀਅਮ 'ਚ ਖੇਪ ਸੁਟਵਾਈ ਗਈ ਸੀ। ਪਾਕਿਸਤਾਨ ਅਤੇ ਭਾਰਤੀ



ਸਰਹੱਦ 'ਤੇ ਅਤਿ-ਆਧੁਨਿਕ ਤਕਨੀਕ ਵਾਲੇ ਡਰੋਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਇਹ ਡਰੋਨ ਭਾਰਤੀ ਸਰਹੱਦ 'ਚ 5 ਤੋਂ 7 ਕਿਲੋਮੀਟਰ ਤੱਕ ਘੁਸਪੈਠ ਕਰ ਰਹੇ ਹਨ, ਜਿਸ ਨੂੰ ਰੋਕਣਾ ਬੀ. ਐੱਸ. ਐੱਫ. ਲਈ ਲਗਭਗ ਅਸੰਭਵ ਜਿਹਾ ਹੈ। ਇਕ ਮਾਮਲੇ 'ਚ ਚੀਚਾ ਭਕਨਾ ਪਿੰਡ ਤੱਕ ਡਰੋਨ ਪਹੁੰਚਣ ਦੀ ਚਰਚਾ ਹੈ, ਹਾਲਾਂਕਿ ਇਹ ਪਿੰਡ ਸਰਹੱਦੀ ਕੰਡਿਆਲੀ ਤਾਰ ਤੋਂ 10 ਕਿਲੋਮੀਟਰ ਦੂਰ ਹੈ। ਮਾਹਿਰਾਂ ਅਨੁਸਾਰ ਸਰਹੱਦੀ ਖੇਤਰਾਂ 'ਚ ਹੈਰੋਇਨ ਅਤੇ ਹੋਰ ਨਸੀਲੇ ਪਦਾਰਥਾਂ ਦੀ ਸਮੱਗਲਿੰਗ ਨੂੰ ਰੋਕਣ ਲਈ ਕੇਂਦਰ ਅਤੇ ਰਾਜ ਸਰਕਾਰ ਦੀਆਂ ਏਜੰਸੀਆਂ ਮੁੱਖ ਤੌਰ 'ਤੇ ਦਿਹਾਤੀ ਪੁਲਸ ਦੀ ਸੂਚਨਾ ਪ੍ਰਣਾਲੀ ਨੂੰ ਮਜਬੂਤ ਕਰਨ ਦੀ ਸਖਤ ਲੋੜ ਹੈ ਤਾਂ ਹੀ ਹੈਰੋਇਨ ਦੀ ਸਮੱਗਲਿੰਗ ਨੂੰ ਠੱਲ੍ਹ ਪਾਈ ਜਾ ਸਕਦੀ ਹੈ ਅਤੇ ਸਮੱਗਲਰਾਂ ਦੀ ਹਮਾਇਤ ਕਰਨ ਵਾਲੇ ਅਤੇ ਸਮੱਗਲਰਾਂ ਨਾਲ ਮਿਲੀਭੁਗਤ ਕਰਨ ਵਾਲੇ ਕਰਮਚਾਰੀਆਂ ਦੀ ਸਨਾਖਤ ਕਰਨ ਦੀ ਵੀ ਲੋੜ ਹੈ ਕਿਉਂਕਿ ਸਮੱਗਲਰਾਂ ਦੇ ਡਰ ਕਾਰਨ ਲੋਕ ਪੁਲਸ ਨੂੰ ਸੂਚਨਾ ਨਹੀਂ ਦਿੰਦੇ ਅਤੇ ਸੂਚਨਾ ਲੀਕ ਹੋਣ ਦਾ ਡਰ ਲੋਕਾਂ ਦੇ ਮਨਾਂ 'ਚ ਬਣਿਆ ਰਹਿੰਦਾ ਹੈ। ਜੇਲ੍ਹਾਂ ਅੰਦਰ ਕੈਦੀਆਂ ਕੋਲੋਂ ਜਿਸ ਤਰ੍ਹਾਂ ਮੋਬਾਈਲ ਅਤੇ ਹੋਰ ਇਤਰਾਜਯੋਗ ਵਸਤੂਆਂ ਮਿਲ ਰਹੀਆਂ ਹਨ, ਉਸ ਨੂੰ ਦੇਖ ਕੇ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਜੇਲਾਂ ਦੇ ਅੰਦਰੋਂ ਹੀ ਇਹ ਨੈੱਟਵਰਕ ਚੱਲ ਰਿਹਾ ਹੈ ਅਤੇ ਜੇਲਾਂ 'ਚ ਬੈਠੇ ਪੁਰਾਣੇ ਸਮੱਗਲਰ ਅੰਦਰੋਂ ਆਪਣੇ ਗੁਰਗਿਆਂ ਨੂੰ ਦਿਸਾ-ਨਿਰਦੇਸ ਦਿੰਦੇ ਹਨ।

## ਲੰਗਰ ਛਕ ਕੇ ਸੜਕ ਪਾਰ ਕਰਨ ਲੱਗਿਆਂ ਨਾਲ ਵਾਪਰਿਆ ਵੱਡਾ ਹਾਦਸਾ

ਮੋਗਾ 27 ਮਾਰਚ। ਜਗਰਾਓਂ ਦੇ ਨੇੜਲੇ ਪਿੰਡ ਤੋਂ ਆਲੂਆਂ ਦੀ ਲੇਬਰ ਕਰਕੇ ਮੋਗਾ ਵਾਪਸ ਪਰਤ ਰਹੇ ਮਜਦੂਰਾਂ ਨਾਲ ਭਿਆਨਕ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿਚ ਇਕ ਅੱਠ ਸਾਲਾ ਬੱਚੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਤਿੰਨ ਮਹਿਲਾਵਾਂ ਗੰਭੀਰ ਜਖਮੀ ਹੋ ਗਈਆਂ ਜਿਨ੍ਹਾਂ ਨੂੰ ਇਲਾਜ ਲਈ ਮੋਗਾ ਦੇ ਸਿਵਲ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਦਰਅਸਲ ਪੂਰਾ ਮਾਮਲਾ ਇਹ ਹੈ ਕਿ ਮੋਗਾ ਦੇ ਪਿੰਡ ਲੰਡੇਕੇ ਤੋਂ ਟੈਂਪੂ ਵਿਚ ਸਵਾਰ ਹੋ ਕੇ ਕਰੀਬ 12 ਲੋਕ ਜਗਰਾਓਂ ਦੇ ਨੇੜਲੇ ਪਿੰਡ ਆਲੂਆਂ ਦੀ ਲੇਬਰ ਕਰਨ ਗਏ ਸੀ ਤਾਂ ਜਦੋਂ ਉਹ ਲੇਬਰ ਕਰਕੇ ਰਾਤ ਨੂੰ ਘਰ ਵਾਪਸ ਆ ਰਹੇ ਸੀ ਤਾਂ ਮੋਗਾ ਦੇ ਲੁਧਿਆਣਾ ਰੋਡ 'ਤੇ ਇੱਕ ਲੰਗਰ ਚੱਲ ਰਿਹਾ ਸੀ ਜਿਸ ਵਿਚ ਟੈਂਪੂ ਸਵਾਰ ਲੇਬਰ ਨੇ ਲੰਗਰ ਖਾਣ ਲਈ ਆਪਣੀ ਗੱਡੀ ਮੋਗਾ ਰੋਡ 'ਤੇ ਰੋਕ ਕੇ ਅਤੇ ਲੁਧਿਆਣਾ ਵਾਲੇ ਪਾਸੇ ਲੰਗਰ ਖਾਣ ਲੱਗ ਪਏ। ਉਨ੍ਹਾਂ ਵਿਚੋਂ ਤਿੰਨ ਮਹਿਲਾਵਾਂ ਅਤੇ ਇੱਕ ਬੱਚੀ ਜਦੋਂ ਸੜਕ ਪਾਰ ਕਰਨ ਲੱਗੇ ਤਾਂ ਲੁਧਿਆਣਾ ਸਾਈਡ ਵੱਲੋਂ ਇੱਕ ਤੇਜ ਰਫਤਾਰ ਮੋਟਰਸਾਈਕਲ ਆ ਰਿਹਾ ਸੀ ਜਿਸ ਨੇ ਇਨ੍ਹਾਂ ਵਿਚ ਟੱਕਰ ਮਾਰੀ ਜਿਸ ਨਾਲ ਤਿੰਨ ਮਹਿਲਾਵਾਂ ਗੰਭੀਰ ਜਖਮੀ ਹੋ ਗਈਆਂ ਅਤੇ ਉਨ੍ਹਾਂ ਦੇ ਨਾਲ ਇਕ ਅੱਠ ਸਾਲ ਦੀ ਬੱਚੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਖਮੀ ਬੀਬੀਆਂ ਨੂੰ ਮੋਗਾ ਦੇ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਅਤੇ ਬੱਚੀ ਦੀ ਲਾਸ ਨੂੰ ਮੋਰਚਰੀ ਵਿਚ ਰਖਵਾ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਮੋਟਰਸਾਈਕਲ ਸਵਾਰ ਭੀੜ ਇਕੱਠ ਹੁੰਦਿਆਂ ਦੇਖ ਮੌਕੇ ਤੋਂ ਫਰਾਰ ਹੋ ਗਿਆ। ਉੱਥੇ ਦੂਜੇ ਪਾਸੇ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।